# ਵਤਨੋਂ ਦੂਰ

## ਇਸ ਅੰਕ ਵਿਚ


ਲੇਖ : ਏਅਰ ਇੰਡੀਆ ਦਾ ਦੁਖਾਂਤ / ਸਤਵੰਤ
ਖੇਤ-ਮਜ਼ਦੂਰਾਂ ਦੇ ਘੋਲ ਦੀ ਭਾਰਤੀ ਕਮਿਊਨਿਟੀ ਲਈ ਮਹੱਤਤਾ/
— ਵੈਨਕੂਵਰ ਸੱਥ ( ਸਾਧੂ , ਸੁਖਵੰਤ ਹੁੰਦਲ, ਮੱਖਣ ਟੁੱਟ)

ਵਿਸ਼ੇਸ਼ ਸਪਲੀਮੈਂਟ: ਗੁਰਸ਼ਰਨ ਸਿੰਘ ਦੀ ਕੈਨੇਡਾ, ਅਮਰੀਕਾ ਫੇਰੀ - ਐਡਮੰਟਨ, ਵੈਨਕੂਵਰ, ਕੈਲੇਫੋਰਨੀਆਂ, ਕੈਲਗਰੀ, ਵਿਨੀਪੈੱਗ ਦੀਆਂ ਰੀਪੋਰਟਾਂ

ਕਹਾਣੀਆਂ : ਸੰਨ ਸੰਤਾਲੀ / ਅਵਤਾਰ ਗਿੱਲ
ਇਕ ਪੱਤਰ ਪਰੇਰਕ ਦੀ ਕਥਾ / ਕਮਲੇਸ਼ ਭਾਰਤੀ

ਕਵਿਤਾਵਾਂ : ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ, ਜਗਦੇਵ ਜਟਾਣਾ, ਨਾਜ਼ਰ ਸਿੰਘ 'ਤਰਸ', ਨਾਜ਼ਰ ਸਿੰਘ 'ਦੀਪਕ', ਸੁਖਪਾਲ, ਦਰਸ਼ਨ ਗਿੱਲ, ਹਰਮਿੰਦਰ, ਸੰਤੋਖ ਸਿੰਘ ਸੰਤੋਖ, ਸਾਧੂ , ਮਿੱਤਰ ਰਾਸ਼ਾ।

ਪੁਸਤਕ ਜਾਣ ਪਛਾਣ : ..... ਤੇ ਦੇਵ ਪੁਰਸ਼ ਹਾਰ ਗਏ ( ਡਾਕਟਰ ਕਾਵੂਰ)
— ਵੈਨਕੂਵਰ ਸੱਥ ( ਸਾਧੂ, ਸੁਖਵੰਤ ਹੁੰਦਲ)

ਰਿਪੋਰਟਾਂ/ਮਤੇ : ਪ੍ਰਗਤੀਸ਼ੀਲ ਲਿਖਾਰੀ ਸਭਾ, ਸਾਊਥਾਲ / ਸਾਥੀ ਲੁਧਿਆਣਵੀ
ਪ੍ਰਗਤੀਸ਼ੀਲ ਜਥੇਬੰਦੀਆਂ ਦੀ ਮੀਟਿੰਗ / ਲਾਟ ਭਿੰਡਰ

ਦਰਪਣ : ਸੁੱਚਾ ਸਿੰਘ ਨਰ , ਹਰਕੰਵਲਜੀਤ ਸਿੰਘ, ਸੁਖਪਾਲ ।


# WATNO DUR


**May-June-July 1985**

**Vol. 12 No.106**

**Date of issue: July 22, 1985**

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | May - June - July 1985 | Vol. 12 No. 106

Editorial Board:

Satwant Edmonton .................. 461-1917
Laat Bhinder, Edmonton .................. 435-7469
Avtar Gill, Sherwood Park .................. 464-3851
Karnail Randhawa, Edmonton .................. 462-2712

Watno Dur Representatives:

- British Columbia

Sadhu, Burnaby .................. 437-9014
Sukhwant Hundal, Vancouver .................. 321-9221
Amarjit Chahal, Surrey .................. 581-0406
Paul Binning, Richmond .................. 270-9467
Gurcharan Tallewalia, Burnaby .................. 298-3431
Tej Sandhu, Quesnel .................. 992-6775
Avtar Rodhey, Quesnel .................. 992-7578
Inderjit Rode, Vancouver .................. 430-4104

- Ontario

Surinder Dhanjal, Hamilton ..................

## ਇਸ ਅੰਕ ਬਾਰੇ

ਸਾਨੂੰ ਅਫ਼ਸੋਸ ਹੈ ਕਿ ਕੁੱਝ ਰੁਝੇਵਿਆਂ ਕਾਰਨ ਅਸੀਂ ਪਰਚਾ ਵੇਲੇ ਸਿਰ ਪ੍ਰਕਾਸ਼ਤ ਨਹੀਂ ਕਰ ਸਕੇ। ਅਦਾਰਾ ਵਤਨੋਂ ਦੂਰ ਦੇ ਮੈਂਬਰ ਪਿਛਲੇ ਮਹੀਨਿਆਂ ਵਿਚ ਸਾਹਿਤਕ-ਸੱਭਿਆਚਾਰਕ ਸਰਗਰਮੀਆਂ ਵਿਚ ਰੁੱਝੇ ਹੋਣ ਕਰਕੇ ਪਰਚਾ ਲਿਖਣ ਲਈ ਲੋੜੀਂਦਾ ਸਮਾਂ ਨਹੀਂ ਸਿਲ ਸਕਿਆ। ਆਸ ਹੈ ਕਿ ਪਾਠਕ ਸਾਡੀ ਇਸ ਮਜ਼ਬੂਰੀ ਨੂੰ ਸਮਝ ਸਕਣਗੇ। ਅੱਗੇ ਤੋਂ ਵੇਲੇ ਸਿਰ ਪਰਚਾ ਕੱਢਣ ਲਈ ਹਰ ਸੰਭਵ ਯਤਨ ਕਰਾਂਗੇ।

— ਅਦਾਰਾ ਵਤਨੋਂ ਦੂਰ

- **ANNUAL SUBSCRIPTION**
  - Canada/U.S.A.: $6.00; England: L5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).
  - Special Rates for subscribers of India (Annual:RS10/-); Mail directly to: 1. Gursharan singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

- **WATNO DUR** (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

# ਏਅਰ ਇੰਡੀਆ ਦਾ ਦੁਖਾਂਤ

— ਸਤਵੰਤ

ਤੇਈ ਜੂਨ, 1985 ਨੂੰ ਦੁਨੀਆਂ ਭਰ ਦੇ ਹਵਾਈ ਹਾਦਸਿਆਂ 'ਚੋਂ ਇਕ ਬਹੁਤ ਹੀ ਵੱਡਾ ਤੇ ਤਬਾਹਕੁਨ ਹਵਾਈ ਹਾਦਸਾ ਹੋਇਆ। ਇਸ ਦੁਰਘਟਨਾ ਵਿਚ ਏਅਰ ਇੰਡੀਆ ਬੋਇੰਗ 747, ਫਲਾਈਟ ਨੰਬਰ 182, ਜਿਸ ਵਿਚ 329 ਵਿਅਕਤੀ ਸਨ, ਇਸ ਹਾਦਸੇ ਦਾ ਸ਼ਿਕਾਰ ਹੋ ਗਏ। ਇਹਨਾਂ ਬਦਨਸੀਬਾਂ ਵਿਚ 280 ਕੈਨੇਡੀਅਨ ਨਾਗਰਿਕ ਸਨ ਜੋ ਕਿ ਭਾਰਤੀ ਪਿਛੋਕੜ ਨਾਲ ਸਬੰਧਤ ਸਨ। ਮਰਨ ਵਾਲਿਆਂ ਵਿਚ ਛੁੱਟੀਆਂ ਹੋਣ ਕਰਕੇ ਹਿੰਦੁਸਤਾਨ ਜਾ ਰਹੇ ਹਿੰਦੂ, ਸਿੱਖ, ਮੁਸਲਮਾਨ ਬੱਚੇ, ਆਪਣੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਜਾ ਰਹੇ ਮਰਦ ਅਤੇ ਔਰਤਾਂ ਸਨ। ਹਰ ਇਕ ਨੂੰ, ਆਪਾਂ ਨੂੰ ਪਤਾ ਹੀ ਹੈ ਕਿ ਜਦੋਂ ਇਥੋਂ ਵਾਪਸ ਦੇਸ਼ ਜਾਣਾ ਹੁੰਦਾ ਹੈ ਤਾਂ ਕਿੰਨੀਆਂ ਰੀਝਾਂ ਅਤੇ ਜਜ਼ਬਾਤ ਹੁੰਦੇ ਹਨ। ਧੀਆਂ-ਪੁਤਰਾਂ ਨੂੰ ਮਿਲਣ ਲਈ ਤਾਂਘਦੇ ਮਾਪੇ, ਨੌਜਵਾਨ ਮੁੰਡੇ ਕੁੜੀਆਂ ਨੂੰ ਉਡੀਕਦੇ ਸਬੰਧੀ, ਬਜ਼ੁਰਗਾਂ ਨੂੰ ਉਡੀਕਦੇ ਧੀਆਂ ਪੁੱਤਰ ਬੱਸ ਵਿਲਕਦੇ ਹੀ ਰਹਿ ਗਏ। ਮਰਨ ਵਾਲਿਆਂ ਦੇ ਕਈਆਂ ਦੇ ਸਾਰੇ ਦੇ ਸਾਰੇ ਪਰਵਾਰ ਹੀ ਤਬਾਹ ਹੋ ਗਏ।

ਇਸੇ ਦਿਨ ਹੀ ਕੁਝ ਹੀ ਘੰਟਿਆਂ ਦੇ ਫਰਕ ਨਾਲ ਵੈਨਕੂਵਰ, ਕੈਨੇਡਾ ਤੋਂ ਸੀ.ਪੀ. ਏਅਰ ਦਾ ਹਵਾਈ ਜਹਾਜ਼ ਜਦ ਟੋਕੀਓ ਦੇ ਨਰੀਟਾ ਏਅਰਪੋਰਟ 'ਤੇ ਪਹੁੰਚਿਆ ਤਾਂ ਇਸ ਜਹਾਜ਼ 'ਚੋਂ ਸਮਾਨ ਉਤਾਰ ਕੇ ਜੁੜਦੀਂ ਏਅਰ ਇੰਡੀਆ ਦੀ ਫਲਾਈਟ ਵਿਚ ਰੱਖਣ ਲਈ ਲਿਜਾ ਰਹੇ ਦੋ ਜਪਾਨੀ ਕਾਮੇ ਬੰਬ ਫਟਣ ਕਰਕੇ ਮੌਕੇ 'ਤੇ ਹੀ ਮਾਰੇ ਗਏ ਅਤੇ ਹੋਰ ਕਾਫੀ ਨੁਕਸਾਨ ਵੀ ਹੋਇਆ।

ਏਅਰ ਇੰਡੀਆ ਦੀ ਫਲਾਈਟ 182, ਦਾ ਆਰੰਭ ਟਰਾਂਟੋ ਤੋਂ ਹੋਇਆ। ਉਥੋਂ ਚੱਲ ਕੇ ਇਹ ਜਹਾਜ਼ ਮਾਂਟਰੀਅਲ ਪੁਜਾ ਜਿਥੋਂ ਇਸ ਨੇ ਮੁਸਾਫਰ ਅਤੇ ਸਮਾਨ ਲੈ ਕੇ ਸਾਢੇ ਛੇ ਘੰਟੇ ਵਿਚ ਲੰਡਨ ਪਹੁੰਚ ਜਾਣਾ ਸੀ। ਸਵੇਰ ਦੇ ਤਿੰਨ ਵਜੇ (E.D.T.) ਉਡਾਨ ਦੇ ਅਮਲੇ ਨੇ ਨਜ਼ਦੀਕੀ ਆਇਰਲੈਂਡ ਦੇ ਸ਼ੈਨਨ ਏਅਰਪੋਰਟ ਅਧਿਕਾਰੀਆਂ ਨੂੰ ਸੂਚਨਾ ਦਿੱਤੀ ਕਿ ਜਹਾਜ਼ 9400 ਮੀਟਰ ਦੀ ਉਚਾਈ 'ਤੇ ਉਡ ਰਿਹਾ ਸੀ ਅਤੇ ਹਵਾਈ ਸਫਰ ਦੇ ਆਮ ਰੁਟੀਨ ਅਨੁਸਾਰ ਅਮਲੇ ਨੇ ਹੀਥਰੋ ਏਅਰਪੋਰਟ, ਲੰਡਨ ਲਈ ਕਲੀਰੈਂਸ ਦੀ ਮੰਗ ਕੀਤੀ। ਇਸ ਤੋਂ ਸਿਰਫ਼ ਛੇ ਮਿੰਟ ਬਾਅਦ ਹੀ ਇਹ ਜਹਾਜ਼ ਬਿਨਾਂ ਕਿਸੇ ਖਤਰੇ ਦਾ ਸੰਕੇਤ ਕੀਤੇ ਹੀ ਸ਼ੈਨਨ ਏਅਰਪੋਰਟ ਵਾਲਿਆਂ ਦੇ ਰਾਡਾਰ ਦੀ ਸਕਰੀਨ ਤੋਂ ਗਾਇਬ ਹੋ ਕੇ ਅਟਲਾਂਟਿਕ ਸਾਗਰ ਵਿਚ ਡਿੱਗ ਪਿਆ।

## ਹਵਾਈ ਦੁਰਘਟਨਾਵਾਂ ਦਾ ਸੰਖੇਪ ਇਤਿਹਾਸ:

ਹਵਾਬਾਜ਼ੀ ਦੇ ਇਤਿਹਾਸ ਵਿਚ ਇਹ ਦੁਰਘਟਨਾ ਬਹੁਤ ਹੀ ਭਿਆਨਕ ਘਟਨਾ ਹੈ। ਹੁਣ ਤੱਕ ਸਭ ਤੋਂ ਭਿਆਨਕ ਦੁਰਘਟਨਾ ਪੈਨ-ਅਮਰੀਕਨ ਅਤੇ ਕੇ.ਐਲ.ਐਮ. ਰੌਇਲ ਡੱਚ ਦੇ ਦੋ ਬੋਇੰਗ 747 ਜਹਾਜ਼ਾਂ ਦੇ ਆਪਸ ਵਿਚ ਟਕਰਾ ਜਾਣ ਕਰਕੇ ਮਾਰਚ 27, 1977 ਨੂੰ ਵਾਪਰੀ, ਜਿਸ ਵਿਚ 582 ਵਿਅਕਤੀ ਮਾਰੇ ਗਏ। ਫਿਰ ਮਾਰਚ 3, 1974 ਨੂੰ ਮਕਡਾਨਲਡ ਡਗਲਸ ਡੀ.ਸੀ-10 ਜਹਾਜ਼ ਪੈਰਿਸ ਦੇ ਨੇੜੇ ਹੀ ਹਵਾਈ ਹਾਦਸੇ ਦਾ ਸ਼ਿਕਾਰ ਹੋਇਆ ਜਿਸ ਵਿਚ 346 ਵਿਅਕਤੀ ਮਾਰੇ ਗਏ। ਇਸੇ ਤਰ੍ਹਾਂ 19 ਅਗਸਤ, 1980 ਨੂੰ ਲਾਕਹੀਡ L-1011 ਜਹਾਜ਼ ਰਿਆਧ ਵਿਚ ਤਬਾਹ ਹੋ ਗਿਆ ਜਿਸ ਕਰਕੇ 301 ਮਨੁੱਖੀ ਜਾਨਾਂ ਦਾ ਨੁਕਸਾਨ ਹੋਇਆ। 25 ਮਈ, 1979 ਨੂੰ 273 ਵਿਅਕਤੀਆਂ ਨੂੰ ਲੈ ਕੇ ਅਮਰੀਕਣ ਏਅਰ ਲਾਈਨ ਦਾ ਜਹਾਜ਼ ਸ਼ਿਕਾਗੋ ਵਿਚ ਤਬਾਹ ਹੋ ਗਿਆ। ਫਿਰ ਸਤੰਬਰ 1, 1983 ਨੂੰ 269 ਵਿਅਕਤੀਆਂ ਸਮੇਤ ਕੋਰੀਅਨ ਏਅਰ ਲਾਈਨ ਦੇ ਜਹਾਜ਼ ਨੂੰ ਰੂਸੀ ਖਿੱਤੇ ਵਿਚ ਦਖਲ-ਅੰਦਾਜ਼ੀ ਕਰਨ ਕਰਕੇ ਰੂਸੀਆਂ ਦੁਆਰਾ ਉਡਾ ਦਿੱਤਾ ਗਿਆ। 28 ਨਵੰਬਰ, 1979 ਨੂੰ ਏਅਰ ਨਿਊ ਜ਼ੀਲੈਂਡ ਦਾ ਡੀ.ਸੀ.-10 ਜਹਾਜ਼ ਦੇ ਤਬਾਹ ਹੋਣ ਨਾਲ 257 ਮਨੁੱਖਾਂ ਦੀ ਜਾਨ ਗਈ। ਜਨਵਰੀ 1, '78 ਨੂੰ 213 ਮੁਸਾਫਰ ਲੈ ਕੇ ਏਅਰ ਇੰਡੀਆ ਦਾ ਜਹਾਜ਼ ਬੰਬਈ ਵਿਚ ਤਬਾਹ ਹੋ ਗਿਆ ਸੀ। ਚਾਰ ਦਸੰਬਰ 1974 ਨੂੰ ਮਕਡਾਨਲਡ ਡਗਲਸ ਦਾ ਡੀ.ਸੀ.-8 ਹਵਾਈ ਜਹਾਜ਼ ਸ੍ਰੀ ਲੰਕਾ ਦੀ ਰਾਜਧਾਨੀ ਕੋਲੰਬੋ ਦੇ ਨਜ਼ਦੀਕ ਹੀ ਤਬਾਹ ਹੋ ਗਿਆ, ਜਿਸ ਕਰਕੇ 191 ਲੋਕ ਮਾਰੇ ਗਏ। ਇਸ ਤਰ੍ਹਾਂ ਹਵਾਬਾਜ਼ੀ ਦੇ ਇਤਿਹਾਸ ਵਿਚ ਏਅਰ ਇੰਡੀਆ ਜਹਾਜ਼ ਦੀ ਇਹ ਦੁਰਘਟਨਾ ਤੀਜੀ ਭਿਆਨਕ ਦੁਰਘਟਨਾ ਹੈ।

## ਦੁਰਘਟਨਾ ਉਪਰੰਤ ਮੀਡੀਏ ਦਾ ਰੋਲ:

ਇਸ ਦੁਰਘਟਨਾ ਤੋਂ ਤੁਰੰਤ ਬਾਅਦ ਹੀ ਪੱਛਮੀ ਮੀਡੀਏ - ਅਖ਼ਬਾਰ, ਟੀ.ਵੀ., ਰੇਡੀਓ, ਮੈਗਜ਼ੀਨ ਆਦਿ - ਵਿਚ ਇਕ ਦਮ ਤੇਜ਼ ਪ੍ਰਤੀਕਰਮ ਹੋਏ। ਗਲੋਬ ਐਂਡ ਮੇਲ (ਜੂਨ 24) ਨੇ ਤਾਂ ਉਦੋਂ ਹੀ ਇਹ ਸੁਰਖ਼ੀ ਲਾਈ ਕਿ ਇਸ ਪਿਛੇ ਦੋ ਸਿੱਖ ਅੱਤਵਾਦੀਆਂ ਦਾ ਹੱਥ ਹੈ। ਇਹਨਾਂ ਦੋ ਵਿਅਕਤੀਆਂ ਦੀ ਪੁਲੀਸ ਨੂੰ ਰਾਜੀਵ ਗਾਂਧੀ ਨੂੰ ਅਮਰੀਕਾ ਦੇ ਦੌਰੇ ਸਮੇਂ ਕਤਲ ਕਰਨ ਦੀ ਸਾਜ਼ਸ਼ ਬਣਾਉਣ ਸਬੰਧੀ ਵੀ ਭਾਲ ਦੱਸੀ ਗਈ ਹੈ। ਉਸੇ ਦਿਨ ਹੀ ਨਿਊਯਾਰਕ ਟਾਈਮਜ਼ ਨੇ ਖ਼ਬਰ ਛਾਪੀ ਕਿ ਫੋਨ ਰਾਹੀਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਾਲਿਆਂ ਇਸ ਦੁਰਘਟਨਾ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਤਕਰੀਬਨ ਜਿੰਨੀਆਂ ਖ਼ਬਰਾਂ ਇਸ ਘਟਨਾ ਸਬੰਧੀ ਛਪੀਆਂ ਹਨ, ਹਰੇਕ ਵਿਚ ਸਿੱਖਾਂ / ਅੱਤਵਾਦੀਆਂ ਦਾ ਨਾਂ ਕਿਸੇ ਨਾ ਕਿਸੇ ਤਰਾਂ ਜੋੜਿਆ ਗਿਆ ਹੈ।

ਪਰ ਸੁਆਲ ਪੈਦਾ ਹੁੰਦਾ ਹੈ ਕਿ ਮੀਡੀਏ ਵੱਲੋਂ ਇਹ ਪਹੁੰਚ ਕਿਉਂ ਅਪਣਾਈ ਗਈ? ਇਸ ਦਾ ਜਵਾਬ ਲੱਭਣ ਲਈ ਸਾਨੂੰ ਪਿਛਲੇ ਸਮੇਂ ਵਿਚ ਵਾਪਰੀਆਂ ਘਟਨਾਵਾਂ 'ਤੇ ਗੌਰ ਕਰਨੀ ਚਾਹੀਦੀ ਹੈ।

(ੳ) ਹਰਿਮੰਦਰ ਸਾਹਿਬ ਦੀ ਤਬਾਹੀ ਅਤੇ ਫਿਰ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦੇ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਕਤਲੇਆਮ ਕਰਕੇ ਸਿੱਖ ਜਜ਼ਬਾਤਾਂ ਨੂੰ ਭਾਰੀ ਠੇਸ ਪਹੁੰਚੀ, ਜਿਸ ਦਾ ਫਾਇਦਾ ਬਦੇਸ਼ੀਂ ਵੱਸਦੇ ਫਿਰਕੂ ਅਨਸਰਾਂ ਨੇ ਉਠਾ ਕੇ ਇਸ ਨੂੰ ਫਿਰਕੂ ਰੰਗਣ ਦਿੱਤੀ।

(ਅ) ਇੰਦਰਾ ਗਾਂਧੀ ਦੇ ਕਤਲ ਤੋਂ ਝੱਟ ਹੀ ਬਾਅਦ ਅਮਰੀਕੀ ਸ਼ਹਿ 'ਤੇ ਆਫਰੇ ਗੰਗਾ ਸਿੰਘ ਢਿੱਲੋਂ ਵਰਗਿਆਂ ਵੱਲੋਂ ਇਹੋ ਜਿਹੇ ਬਿਆਨ ਦਾਗਣੇ ਕਿ "ਇਹ ਤਾਂ ਸਾਡੇ ਐਕਸ਼ਨਾਂ ਦੀ ਅਜੇ ਪਹਿਲੀ ਕੜੀ ਹੈ।"

(ੲ) ਵਿਨੀਪੈੱਗ ਵਰਗੇ ਸ਼ਹਿਰਾਂ ਵਿਚ ਮੁੱਠੀ ਭਰ ਫਿਰਕੂ ਅਨਸਰਾਂ ਵੱਲੋਂ ਇੰਦਰਾ ਗਾਂਧੀ ਦੇ ਕਤਲ ਸਮੇਂ ਪੂਰੇ ਹੰਕਾਰ ਨਾਲ ਅਜੇਹੇ

ਬਿੱਲ-ਬੋਰਡ ਚੁੱਕ ਕੇ ਟੀ.ਵੀ. ਕੈਮਰੇ 'ਤੇ ਆਉਣਾ, ਜਿਨ੍ਹਾਂ 'ਤੇ ਲਿਖਿਆ ਸੀ: "One down, two more to go." ਭਾਵ ਇਕ ਮਰ ਗਿਆ ਹੈ, ਦੋ ਹੋਰ ਅਜੇ ਮਾਰਨੇ ਹਨ — ਸਪਸ਼ਟ ਹੈ ਕਿ ਇਹ ਇਸ਼ਾਰਾ ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਜ਼ੈਲ ਸਿੰਘ ਵੱਲ ਹੀ ਹੈ।

(ਸ) ਰਾਜੀਵ ਗਾਂਧੀ ਦੇ ਅਮਰੀਕਾ ਦੇ ਦੌਰੇ ਸਮੇਂ ਉਸਨੂੰ ਕਤਲ ਕਰਨ ਦੀ ਸਾਜ਼ਿਸ਼ ਵਿਚ ਦੋ ਸਿੱਖ ਅੱਤਵਾਦੀਆਂ ਦੀ ਮਿਲੀ ਭੁਗਤ ਦੀ ਚਰਚਾ।

(ਹ) ਅਖ਼ਬਾਰਾਂ ਅਨੁਸਾਰ ਕੁਝ ਅੱਤਵਾਦੀ ਅਨਸਰਾਂ ਵੱਲੋਂ ਏਅਰ ਇੰਡੀਆ ਦੇ ਜ਼ਹਾਜ਼ਾਂ ਨੂੰ ਉਡਾਉਣ ਦੀਆਂ ਧਮਕੀਆਂ।

(ਕ) ਅਨੇਕਾਂ ਗੁਰਦੁਆਰਿਆਂ (ਖਾਸ ਕਰ ਇੰਗਲੈਂਡ) ਅਤੇ ਹੋਰਨਾਂ ਥਾਵਾਂ ਉੱਤੇ ਇਨ੍ਹਾਂ ਹੀ ਭੇਖੀਆਂ ਵੱਲੋਂ ਏਅਰ ਇੰਡੀਆ ਕੰਪਨੀ ਦਾ ਬਾਈਕਾਟ ਕਰਨ ਲਈ ਆਮ ਭੋਲੇ ਭਾਲੇ ਸਿੱਖ ਭਾਈਚਾਰੇ ਨੂੰ ਵਰਗਲਾਉਣ ਲਈ ਕਮੀਨੀਆਂ ਹਰਕਤਾਂ।

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਮੀਡੀਏ ਵੱਲੋਂ ਇਸ ਦੁਰਘਟਨਾ ਸਬੰਧੀ ਅੱਤਵਾਦੀ ਅਨਸਰਾਂ ਬਾਰੇ ਕਿਆਫ਼ੇ ਲਗਾਉਣੇ ਕੁਦਰਤੀ ਹਨ। ਸਾਡਾ ਵਿਸ਼ਵਾਸ਼ ਹੈ ਕਿ ਕੋਈ ਵੀ ਭਾਈਚਾਰਾ ਅਜੇਹੇ ਫਿਰਕੂ ਅਨਸਰਾਂ ਨੂੰ ਨਹੀਂ ਚਾਹੁੰਦਾ। ਪਰ ਮੀਡੀਏ ਵੱਲੋਂ ਇਹਨਾਂ ਫਿਰਕਾਪ੍ਰਸਤਾਂ ਦੇ ਨਾਵਾਂ ਦੀ ਆੜ ਵਿਚ ਸਮੁੱਚੀ ਸਿੱਖ ਕਮਿਊਨਿਟੀ ਨੂੰ ਬਦਨਾਮ ਕਰਨ ਦੀ ਕੋਸ਼ਸ਼ ਕੀਤੀ ਗਈ ਹੈ। ਅਜੇ ਤੀਕ ਤਾਂ ਇਹ ਵੀ ਜ਼ਾਹਰ ਨਹੀਂ ਹੋ ਸਕਿਆ ਕਿ ਇਹ ਦੁਰਘਟਨਾ ਵਾਕਿਆ ਹੀ ਬੰਬ ਫਟਣ ਕਰਕੇ ਹੋਈ ਹੈ। ਹੁਣ ਫਲਾਈਟ ਰੀਕਾਰਡਰ ਲੱਭਣ ਕਰਕੇ ਸ਼ਾਇਦ ਕੋਈ ਅਸਲੀਅਤ ਦਾ ਪਤਾ ਲੱਗ ਸਕੇ। ਇਹ ਵੀ ਫਰਜ਼ ਕਰੋ ਕਿ ਦੁਰਘਟਨਾ ਬੰਬ ਦੇ ਵਿਸਫੋਟ ਹੋਣ ਕਰਕੇ ਹੋਈ ਹੋਵੇ, ਤਾਂ ਵੀ ਇਹ ਕਹਿਣਾ ਮੁਸ਼ਕਲ ਹੈ ਕਿ ਅਸਲੀ ਦੋਸ਼ੀ ਕੌਣ ਹੈ। ਅਸਲ ਵਿਚ ਮੀਡੀਏ ਅਤੇ ਸਬੰਧਤ ਅਧਿਕਾਰੀਆਂ ਵੱਲੋਂ ਹੋਰ ਅਨੇਕਾਂ ਸੰਭਵ ਕਾਰਨਾਂ ਨੂੰ ਲਾਂਭੇ ਕਰਕੇ ਇਕੋ ਹੀ ਰਟ ਲਗਾ ਕੇ ਸ਼ਾਇਦ ਆਪਣੀਆਂ ਗਲਤੀਆਂ 'ਤੇ ਪਰਦਾ ਪਾਉਣ ਦੀ ਕੋਸ਼ਸ਼ ਕੀਤੀ ਜਾ ਰਹੀ ਹੈ।

## ਏਅਰ ਲਾਈਨ ਅਤੇ ਸਬੰਧਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੋਂ ਕੁਤਾਹੀ:

(ੳ) ਇਹ ਫਲਾਈਟ ਟਰਾਂਟੋ ਤੋਂ ਕਾਫੀ ਲੇਟ ਚੱਲੀ ਸੀ। ਜੇਕਰ ਕੋਈ ਮਕੈਨੀਕਲ ਜਾਂ ਤਕਨੀਕੀ ਨੁਕਸ ਸੀ ਤਾਂ ਜ਼ਹਾਜ਼ ਨੂੰ ਉਥੋਂ ਤੋਰਿਆ ਹੀ ਕਿਉਂ ਗਿਆ?

(ਅ) ਅਧਿਕਾਰੀਆਂ ਦਾ ਇਹ ਕਹਿਣਾ ਕਿ ਜਦ ਤਕਰੀਬਨ ੭੦ ਪ੍ਰਤੀਸ਼ਤ ਸਮਾਨ ਚੈੱਕ ਕਰ ਲਿਆ ਗਿਆ ਤਾਂ ਖਤਰੇ ਵਾਲਾ ਸਮਾਨ ਦੱਸਣ ਵਾਲੀ ਐਕਸ-ਰੇ ਮਸ਼ੀਨ ਖਰਾਬ ਹੋ ਗਈ। ਇਸ ਕਰਕੇ ਬਾਕੀ ਸਮਾਨ ਮਾਮੂਲੀ ਚੈੱਕ-ਅੱਪ ਤੋਂ ਬਾਅਦ ਜ਼ਹਾਜ਼ ਵਿਚ ਚੜ੍ਹਾ ਦਿੱਤਾ ਗਿਆ। ਜੇਕਰ ਇਹ ਮਸ਼ੀਨ ਖਰਾਬ ਸੀ ਤਾਂ ਬਾਕੀ ਸਮਾਨ ਕਿਉਂ ਨਹੀਂ ਇਕੱਲਾ ਇਕੱਲਾ ਖੋਹਲ ਕੇ ਚੈੱਕ ਕੀਤਾ ਗਿਆ?

(ੲ) ਜੇਕਰ ਮਾਂਟਰੀਅਲ ਏਅਰਪੋਰਟ 'ਤੇ ਤਿੰਨ ਸੂਟਕੇਸ ਸ਼ੱਕ-ਸ਼ੁਭਾ ਤਹਿਤ ਅਲੱਗ ਕਰਕੇ ਰੱਖ ਲਏ ਗਏ ਸਨ ਤਾਂ ਉਨ੍ਹਾਂ ਨੂੰ ਉਦੋਂ ਹੀ ਕਿਉਂ ਨਾ ਖੋਲ੍ਹ ਕੇ ਚੈੱਕ ਕੀਤਾ ਗਿਆ, ਜਦ ਇਹ ਫਲਾਈਟ ਅਜੇ ਨਹੀਂ ਸੀ ਉੜੀ?

(ਸ) ਜੇਕਰ ਇਹ ਅਧਿਕਾਰੀ ਸ਼ੱਕ ਕਰਦੇ ਹਨ ਕਿ ਦੁਰਘਟਨਾ ਵਾਕਿਆ ਹੀ ਬੰਬ ਫਟਣ ਕਰਕੇ ਹੋਈ ਹੈ ਤਾਂ ਵੀ ਏਅਰ ਇੰਡੀਆ ਅਤੇ ਸਬੰਧਤ ਅਧਿਕਾਰੀ ਵੀ ਗੁਨਾਹਗਾਰ ਹਨ ਜਿਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਨਾ ਨਿਭਾ ਕੇ ਇਨਾ ਨੁਕਸਾਨ ਕਰਵਾਇਆ।

## ਦੁਰਘਟਨਾ ਉਪਰੰਤ ਜਨਤਕ ਪ੍ਰਤੀਕਰਮ:

ਇਸ ਹਾਦਸੇ ਤੋਂ ਬਾਅਦ ਪੋਪ ਜਾਹਨ ਪਾਲ ਤੋਂ ਲੈ ਕੇ ਰੂਸ, ਅਮਰੀਕਾ, ਕੈਨੇਡਾ, ਇੰਗਲੈਂਡ, ਤਨਜ਼ਾਨੀਆਂ ਵਰਗੇ ਮੁਲਕਾਂ ਵੱਲੋਂ ਸ਼ੋਕ ਸੁਨੇਹੇ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉੱਤਰੀ ਅਮਰੀਕਾ ਵਿਚ ਭਾਰਤੀ ਕਮਿਊਨਿਟੀ ਦੀਆਂ ਸਾਰੀਆਂ ਲੋਕ-ਜੱਥੇਬੰਦੀਆਂ – ਇਪਾਨਾ, ਕੈਨੇਡੀਅਨ ਫਾਰਮ ਵਰਕਰਜ਼ ਐਸੋਸੀਏਸ਼ਨ, ਐਂਟੀ-'47 ਫਰੰਟ, ਵੈਨਕੂਵਰ ਸੱਥ, ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ, ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈੱਗ, ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਕੈਨੇਡਾ ਵਾਸਵ; ਟਰਾਂਟੋ, ਆਟਵਾ, ਮਾਂਟਰੀਅਲ ਦੀਆਂ ਕਈ ਹੋਰ ਜੱਥੇਬੰਦੀਆਂ ਵੱਲੋਂ ਇਸ ਹਾਦਸੇ ਕਾਰਨ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਕਿਹਾ ਗਿਆ ਕਿ ਜੇਕਰ ਇਹ ਦੁਰਘਟਨਾ ਬੰਬ ਫਟਣ ਕਾਰਨ ਹੋਈ ਹੈ ਤਾਂ ਅਜੇਹੇ ਜ਼ਿੰਮੇਵਾਰ ਅਨਸਰਾਂ ਦੀ ਸਖ਼ਤ ਲਫ਼ਜ਼ਾਂ ਵਿਚ ਨਿਖੇਧੀ ਕੀਤੀ ਗਈ। ਭਾਰਤ ਤੋਂ ਆਏ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਅਤੇ ਹੋਰ ਅਨੇਕਾਂ ਲੋਕ-ਜਮਹੂਰੀ ਜੱਥੇਬੰਦੀਆਂ ਦੇ ਬੁਲਾਰੇ ਸ: ਗੁਰਸ਼ਰਨ ਸਿੰਘ ਹੋਰਾਂ ਨੇ ਆਪਣੇ ਵੈਨਕੂਵਰ, ਕੈਲੇਫੋਰਨੀਆਂ ਦੇ ਸ਼ਹਿਰਾਂ, ਐਡਮਿੰਟਨ ਅਤੇ ਹੋਰਨਾਂ ਸ਼ਹਿਰਾਂ ਵਿਚ ਪ੍ਰੋਗਰਾਮਾਂ ਅਤੇ ਪਬਲਿਕ ਮੀਟਿੰਗਾਂ ਵਿਚ ਹਿੰਦੁਸਤਾਨ ਦੇ ਸਿਆਸੀ ਹਾਲਾਤਾਂ ਬਾਰੇ ਵਿਚਾਰ ਸਾਂਝੇ ਕਰਨ ਦੇ ਨਾਲ ਇਸ ਦੁਖਦਾਈ ਹਾਦਸੇ ਦੇ ਸ਼ਿਕਾਰ ਹੋ ਗਏ ਵਿਅਕਤੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ। ਇਸ ਤੋਂ ਇਲਾਵਾ ਅਨੇਕਾਂ ਹੋਰ ਜੱਥੇਬੰਦੀਆਂ, ਵਿਅਕਤੀ ਵਿਸ਼ੇਸ਼ਾਂ, ਮੰਦਰਾਂ, ਗੁਰਦਵਾਰਿਆਂ ਅਤੇ ਹੋਰ ਅਦਾਰਿਆਂ ਵੱਲੋਂ ਅਫ਼ਸੋਸ ਭਾਵਨਾਵਾਂ ਦਾ ਇਜ਼ਹਾਰ ਕੀਤਾ ਗਿਆ।

## ਅਹਿਮ ਫਰਜ਼:

ਹੁਣ ਜਦ ਕਿ ਫਲਾਈਟ ਰੀਕਾਰਡਰ ਲੱਭੇ ਜਾ ਚੁੱਕੇ ਹਨ ਅਤੇ ਬੰਬਈ ਵਿਚ ਇਹਨਾਂ ਦੇ ਵਿਸ਼ਲੇਸ਼ਣ ਦਾ ਕੰਮ ਵੀ ਜਾਰੀ ਹੋ ਗਿਆ ਹੈ; ਅਮਰੀਕਾ, ਕੈਨੇਡਾ, ਇੰਗਲੈਂਡ, ਆਇਰਲੈਂਡ ਦੇ ਫਲਾਈਟ ਰੀਕਾਰਡਰਾਂ ਦੇ ਤਕਨੀਕੀ ਮਾਹਰ ਭਾਰਤੀ ਟੀਮ ਨਾਲ ਰਲ ਕੇ ਇਹ ਖੋਜ ਕਰਨ ਦੀ ਕੋਸ਼ਸ਼ ਕਰ ਰਹੇ ਹਨ ਕਿ ਇਹ ਦੁਰਘਟਨਾ ਕਿਉਂ ਵਾਪਰੀ। ਅਧਿਕਾਰੀਆਂ ਅਨੁਸਾਰ ਇਸ ਦੀ ਛਾਣਬੀਣ ਲਈ ਦੋ-ਤਿੰਨ ਹਫਤੇ ਲੱਗ ਜਾਣਗੇ। ਕਾਰਨ ਕੋਈ ਵੀ ਹੋਵੇ – ਉਹ 331 ਮਾਸੂਮ ਮਨੁੱਖੀ ਜਾਨਾਂ ਦੀ ਜੋ ਤਬਾਹੀ ਹੋਈ ਹੈ, ਉਸ ਦੇ ਜ਼ਿੰਮੇਵਾਰ ਕਾਰਨਾਂ 'ਤੇ ਉਂਗਲ ਰੱਖਣੀ ਬਣਦੀ ਹੈ। ਇਹ ਇਕ ਅਜੇਹੀ ਘਟਨਾ ਹੈ ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ, ਈਸਾਈ ਸਭ ਧਰਮਾਂ ਦੇ ਲੋਕਾਂ ਦੀ ਤਬਾਹੀ ਹੋਈ ਹੈ। ਇਸ ਦੁਰਘਟਨਾ ਉਪਰੰਤ ਹਿੰਦੂ, ਸਿੱਖ ਆਦਿ ਸਾਰੇ ਧਾਰਮਕ ਅਸਥਾਨਾਂ ਉਪਰ ਭੇਦ ਭਾਵ ਤੋਂ ਉਪਰ ਉਠ ਕੇ ਆਪੋ ਆਪਣੇ ਢੰਗਾਂ ਅਤੇ ਸੰਸਕਾਰਾਂ ਦੁਆਰਾ ਅਰਦਾਸਾਂ ਕੀਤੀਆਂ ਗਈਆਂ ਅਤੇ ਮਰਨ ਵਾਲਿਆਂ ਦੇ ਪ੍ਰਵਾਰਾਂ ਪ੍ਰਤੀ ਅਫ਼ਸੋਸ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਜੋ ਕਿ ਹੁਣ ਦੇ ਫਿਰਕੂ ਮਾਹੌਲ ਨੂੰ ਪਛਾੜ ਕੇ ਭਾਈਚਾਰਕ ਸਾਂਝ ਵੱਲ ਇਕ ਸ਼ਲਾਘਾਜੋਗ ਕਦਮ ਹੈ।

ਪਰ ਇਸ ਦੇ ਉਲਟ ਪੱਛਮੀ ਮੀਡੀਏ ਵੱਲੋਂ ਇਸ ਦੁਰਘਟਨਾ ਸਬੰਧੀ ਹਰ ਖ਼ਬਰ ਵਿਚ ਸਿੱਖ ਅੱਤਵਾਦੀਆਂ ਦਾ ਨਾਂ ਜੋੜ ਕੇ ਸਮੁੱਚੀ ਸਿੱਖ ਕਮਿਊਨਿਟੀ ਨੂੰ ਬਦਨਾਮ ਕਰਨ ਦੀ ਕੋਝੀ ਕਰਤੂਤ ਕੀਤੀ ਗਈ ਹੈ। ਇਹ ਮੀਡੀਆ ਕਲਿਫਰਡ ਓਲਸਨ ਵਰਗੇ ਵਹਿਸ਼ੀ ਦਰਿੰਦੇ,

(.... ਬਾਕੀ ਸਫ਼ਾ 15)

ਸ: ਗੁਰਸ਼ਰਨ ਸਿੰਘ ਦੇ ਐਡਮੰਟਨ ਦੇ ਦੌਰੇ ਸਮੇਂ

# ਸੱਭਿਆਚਾਰਕ ਸਰਗਰਮੀਆਂ

— ਅਵਤਾਰ ਗਿੱਲ

ਸਨਿਚਰਵਾਰ 6 ਜੁਲਾਈ ਬਾਦ ਦੁਪਹਿਰ ਦੋ ਵਜੇ ਪ੍ਰੋਵਿੰਸ਼ੀਅਲ ਮਿਊਜ਼ੀਅਮ ਦੇ ਔਡੀਟੋਰੀਅਮ ਵਿਚ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਵਲੋਂ ਡਰਾਮਿਆਂ ਅਤੇ ਗੀਤਾਂ-ਕਵੀਸ਼ਰੀਆਂ ਦਾ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।
ਪ੍ਰੋਗਰਾਮ ਦਾ ਅਰੰਭ

"ਸਹੁੰ ਸਾਨੂੰ ਤੁਹਾਡੇ ਖ਼ੂਨ ਦੀ ਸਾਰੇ
ਰਾਹ ਤੁਹਾਡੇ 'ਤੇ ਆਵਾਂਗੇ,
ਲੰਮੀ ਹੋਊ ਕਤਾਰ ਸ਼ਹੀਦੋ
ਲੜ ਕੇ ਜ਼ੁਲਮ ਮਿਟਾਵਾਂਗੇ।" ਨਾਲ ਕੀਤਾ ਗਿਆ। ਇਸ ਗੀਤ ਨੂੰ ਪੇਸ਼ ਕੀਤਾ ਆਪਣੀ ਸੁਰੀਲੀ ਆਵਾਜ਼ ਵਿਚ ਜੁਗਿੰਦਰ ਰੰਧਾਵਾ ਅਤੇ ਉਸ ਦੇ ਸਾਥੀਆਂ ਨੇ।

ਇਸ ਗੀਤ ਤੋਂ ਬਾਦ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਹੋਂਦ ਅਤੇ ਮੰਤਵਾਂ ਬਾਰੇ ਬੋਲਦਿਆਂ ਲਾਟ ਭਿੰਡਰ ਨੇ ਕਿਹਾ, "ਇਹ ਐਸੋਸੀਏਸ਼ਨ ਅੱਜ ਤੋਂ ਕੋਈ ਅੱਠ ਸਾਲ ਪਹਿਲਾਂ ਹੋਂਦ ਵਿਚ ਆਈ ਸੀ। ਇਸਦਾ ਮੁੱਢਲਾ ਉਦੇਸ਼ ਇਥੋਂ ਦੇ ਸਥਾਨਕ ਕਲਾਕਾਰਾਂ ਨੂੰ ਤੁਹਾਡੇ ਸਾਹਮਣੇ ਪੇਸ਼ ਕਰਨਾ ਸੀ ਤਾਂ ਜੁ ਆਪਣੇ ਸੱਭਿਆਚਾਰ ਦੇ ਲੱਚਰ ਅਤੇ ਗਲੀਜ਼ ਪੱਖ ਦੀ ਥਾਂ ਨਰੋਆ ਅਤੇ ਅਗਾਂਹ-ਵਧੂ ਪੱਖ ਪੇਸ਼ ਕੀਤਾ ਜਾ ਸਕੇ।"

ਅੱਗੇ ਚਲਕੇ ਉਨ੍ਹਾਂ ਕਿਹਾ ਜੁਝਾਰੂ ਕਵੀ ਸੰਤ ਰਾਮ ਉਦਾਸੀ ਅਤੇ ਅੰਮ੍ਰਿਤਸਰ ਕਲਾ ਕੇਂਦਰ ਦੇ ਡਰਾਮਾ ਗਰੁੱਪ ਨੂੰ ਇਥੇ ਸੱਦਣਾ ਵੀ ਇਸੇ ਪ੍ਰਸੰਗ ਵਿਚ ਹੀ ਸੀ ਅਤੇ ਅੱਜ ਦਾ ਇਹ ਪ੍ਰੋਗਰਾਮ ਵੀ ਇਸੇ ਲੜੀ ਦਾ ਇਕ ਹਿੱਸਾ ਹੈ। ਅਖੀਰ ਵਿਚ ਏਅਰ ਇੰਡੀਆ ਦੇ ਹਵਾਈ ਹਾਦਸੇ ਦਾ ਜ਼ਿਕਰ ਕਰਦਿਆਂ ਲਾਟ ਭਿੰਡਰ ਨੇ ਕਿਹਾ, "ਭਾਵੇਂ ਅਜੇ ਤਕ ਹਾਦਸੇ ਦੇ ਅਸਲ ਕਾਰਣਾਂ ਦਾ ਪਤਾ ਨਹੀਂ ਲਗ ਸਕਿਆ, ਫਿਰ ਵੀ ਜੇ ਇਹ ਕਿਸੇ ਤਾਕਤ ਵਲੋਂ ਕਰਵਾਇਆ ਗਿਆ ਹੈ ਤਾਂ ਅਸੀਂ ਇਸ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਅਣਭੋਲ ਅਤੇ ਮਾਸੂਮ ਜਿੰਦਾਂ, ਜਿਹੜੀਆਂ ਇਸ ਹਾਦਸੇ ਵਿਚ ਸਾਥੋਂ ਸਦਾ ਲਈ ਵਿਛੜ ਗਈਆਂ ਹਨ; ਅਸੀਂ ਉਨ੍ਹਾਂ ਦੇ ਵਿਛੋੜੇ ਵਿਚ ਆਪਣੇ ਲੋਕਾਂ ਦੇ ਗ਼ਮ ਵਿਚ ਸ਼ਰੀਕ ਹੁੰਦੇ ਹਾਂ।"

ਇਸ ਤੋਂ ਅੱਗੇ ਸਾਥੀ ਜੋਗਿੰਦਰ ਰੰਧਾਵਾ ਨੇ ਇਕ ਗੀਤ "ਬੋਲੀਂ ਵੇ ਬੁਲਾਵਾਂ ਤੈਨੂੰ" ਪੇਸ਼ ਕੀਤਾ, ਜਿਸ ਵਿਚ ਇਕ ਮਾਂ ਅਖੌਤੀ ਪੁਲਸ ਮੁਕਾਬਲੇ ਵਿਚ ਮਾਰੇ ਗਏ ਆਪਣੇ ਗੱਭਰੂ ਪੁੱਤਰ ਦੀ ਲਾਸ਼ ਕੋਲ ਖੜ੍ਹ ਕੇ ਵੈਣ ਪਾਉਂਦੀ ਹੈ:

"ਬੋਲੀਂ ਵੇ ਬੁਲਾਵਾਂ ਤੈਨੂੰ
ਚਿਰਾਂ ਤੋਂ ਖੜੀ ਮੈਂ ਪੁੱਤਾ
ਹੱਡੀਆਂ ਤੋਂ ਮਾਸ ਕੀਹਨੇ 'ਤਾਰਿਆ।
ਸੱਚ ਤੇ ਨਹੀਂ ਆਉਂਦਾ
ਐਵੇਂ ਚੰਦਰੇ ਜੱਲਾਦ ਕਹਿੰਦੇ
ਗਿਆਂ ਤੂੰ ਮੁਕਾਬਲੇ 'ਚ ਮਾਰਿਆ।"-----

ਇਸ ਗੀਤ ਦਾ ਇਕ ਇਕ ਬੋਲ ਨਕਾਬਪੋਸ਼ ਲੋਟੂ ਹਾਕਮਾਂ ਦੀਆਂ ਕਾਲੀਆਂ ਕਰਤੂਤਾਂ ਦਾ ਭਾਂਡਾ ਚੁਰਾਹੇ ਵਿਚ ਭੰਨਦਾ ਹੈ ਅਤੇ ਲੋਕ-ਰੋਹ ਉਭਾਰਨ ਵਿਚ ਸਹਾਈ ਹੁੰਦਾ ਹੈ।

ਬਾਬੂ ਰਜਬ ਅਲੀ ਦੀਆਂ ਲਿਖੀਆਂ ਹੋਈਆਂ ਕਵੀਸ਼ਰੀਆਂ 'ਪੰਜ ਪਸਤੌਲਾਂ ਵਾਲੇ' ਅਤੇ 'ਛੌਣੀਆਂ ਪੱਟ ਲੋ' ਇਸ ਸਮਾਗਮ ਦੀਆਂ ਵਿਲੱਖਣ ਪੇਸ਼ਕਾਰੀਆਂ ਸਨ। 'ਪੰਜ ਪਸਤੌਲਾਂ ਵਾਲੇ' ਵਿਚ ਉਸ ਸਮੇਂ ਦਾ ਪ੍ਰਸੰਗ ਦ੍ਰਿਸ਼ਟੀਮਾਨ ਕੀਤਾ ਗਿਆ ਹੈ, ਜਿਸ ਸਮੇਂ ਜੈ ਗੁਪਾਲ, ਚੰਦਰ ਸ਼ੇਖਰ ਆਜ਼ਾਦ, ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ ਲਾਹੌਰ ਕਾਲਜ ਦੇ ਸਾਹਮਣੇ ਜ਼ਾਲਮ ਅੰਗਰੇਜ਼ ਸਾਂਡਰਸ ਨੂੰ ਗੋਲੀ ਦਾ ਨਿਸ਼ਾਨਾ ਬਣਾਉਂਦੇ ਹਨ:

ਜਿਹੜੇ ਬੁੱਲ੍ਹ ਸਨ ਪਾਨੋਂ ਪਤਲੇ
ਪਾੜਿਆ ਮਾਸ ਖਿੰਡਾ 'ਤੇ ਗਤਲੇ
ਹੋ ਗਏ ਲੰਡਨ ਦੇ ਬੁੱਤ ਢੈਲੇ
ਚੜ੍ਹ ਗਏ ਦੋ ਦੋ ਉਂਗਲਾਂ ਮੈਲੇ
ਉਹਦੀ ਹਿੱਕ ਜਹੀ ਨੰਗੀ 'ਤੇ
ਪੰਜ ਪਤਤੌਲਾਂ ਵਾਲੇ ਕਰਦੇ
ਫਾਇਰ ਫਰੰਗੀ 'ਤੇ।"------

ਜਦੋਂ ਭਾਰਤ ਦੀ ਆਜ਼ਾਦੀ ਲਈ ਜੂਝਦੇ ਨੌਜਵਾਨਾਂ ਨੇ ਅੰਗਰੇਜ਼ਾਂ ਦੇ ਨੱਕ ਵਿਚ ਦਮ ਕਰ ਦਿੱਤਾ ਤਾਂ ਭਾਰਤ ਸਥਿਤ ਵਾਇਸਰਾਏ ਆਪਣੇ ਲੰਡਨ ਵਿਚ ਬੈਠੇ ਮਾਲਕਾਂ ਨੂੰ ਤਾਰ ਭੇਜ ਕੇ ਬੇਨਤੀ ਕਰਦਾ ਹੈ, ਹੁਣ ਭਾਰਤ ਵਿਚੋਂ ਬੋਰੀ-ਬਿਸਤਰਾ ਲਪੇਟਣ ਦਾ ਵਕਤ ਆਣ ਢੁੱਕਾ ਹੈ। ਬਾਬੂ ਰਜਬ ਅਲੀ 'ਛੌਣੀਆਂ ਪਟ ਲੋ' ਵਿਚ ਇਸੇ ਤਾਰ ਦਾ ਵਰਨਣ ਬੜੇ ਖੂਬ ਸੂਰਤ ਢੰਗ ਨਾਲ ਕਰਦਾ ਹੈ। ਦੋਵੇਂ ਕਵੀਸ਼ਰੀਆਂ ਪੇਸ਼ ਕਰਨ ਵਾਲੇ ਸਨ: ਗੁਰਜੀਤ ਸਿੰਘ, ਬਲਦੇਵ ਸਿੰਘ, ਸਤਵੰਤ ਦੀਪਕ, ਜਗਦੇਵ ਸੋਹੀ ਅਤੇ ਜੁਗਿੰਦਰ ਰੰਧਾਵਾ।

ਸ਼ਾਹਾਂ ਹੱਥੋਂ ਲੁਟੀਂਦੀ ਪੇਂਡੂ ਕਿਸਾਨੀ ਅਤੇ ਭਰਾਵਾਂ ਵਾਂਗ ਮਿਲ ਜੁਲ ਕੇ ਰਹਿੰਦੇ ਵੱਖੋ ਵੱਖ ਧਰਮਾਂ ਦੇ ਲੋਕਾਂ ਵਿਚਕਾਰ ਫਿਰਕੂ ਜ਼ਹਿਰ ਘੋਲਣ ਵਾਲੇ ਲੀਡਰਾਂ ਦਾ ਕਿੱਸਾ ਪੇਸ਼ ਕਰਨ ਵਾਲਾ ਨਾਟਕ, ਜਿਹੜਾ ਗਿਆਨੀ ਸੋਹਣ ਸਿੰਘ ਸੀਤਲ ਦੇ ਨਾਵਲ "ਤੂਤਾਂ ਵਾਲਾ ਖੂਹ" ਉਤੇ ਅਧਾਰਤ ਹੈ; ਜਦੋਂ ਪੇਸ਼ ਕੀਤਾ ਗਿਆ - ਦਰਸ਼ਕਾਂ ਵਿਚ ਤਹਿਲਕਾ ਜਿਹਾ ਮੱਚ ਗਿਆ। ਘੜੀ-ਮੁੜੀ ਵੱਜਦੀਆਂ ਤਾੜੀਆਂ ਇਸ ਨਾਟਕ ਦੀ ਕਾਮਯਾਬੀ ਦਾ ਸਬੂਤ ਸਨ। ਇਸ ਨਾਟਕ ਨੂੰ ਪੇਸ਼ ਕੀਤਾ: ਪ੍ਰੇਮ ਤਿਵਾੜੀ, ਸਵਰਾਜ ਪ੍ਰੀਤ ਹੰਸਰਾ, ਰਾਜਿੰਦਰ ਹਾਂਸ, ਲਾਟਭਿੰਡਰ, ਰਵਿੰਦਰ ਸੰਧੂ ਅਤੇ ਗੁਰਸ਼ਰਨ ਸਿੰਘ ਨੇ। ਅਮਲੀ ਦੇ ਰੂਪ ਵਿਚ ਰਵਿੰਦਰ ਸੰਧੂ ਦਾ ਆਪਣਾ ਨਵੇਕਲਾ ਅੰਦਾਜ਼ ਸੀ। ਭਾਵੇਂ ਇਸ ਨਾਟਕ ਦੀ ਕਹਾਣੀ ਸੰਨ ਸੰਤਾਲੀ ਦੇ ਉਜਾੜੇ ਉਤੇ ਕੇਂਦਰਤ ਹੈ ਫਿਰ ਵੀ ਬੜੀ ਸ਼ਿੱਦਤ ਨਾਲ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਜੇ ਉਨ੍ਹਾਂ ਨੇ ਸਾਂਝੇ ਦੁਸ਼ਮਣ ਨੂੰ ਨਾ ਪਛਾਣਿਆ, ਉਹੋ 'ਭਾਣਾ' ਫਿਰ ਵਰਤ ਸਕਦਾ ਹੈ।

"ਕੱਖਾਂ ਦੀਏ ਕੁੱਲੀਏ ਮੀਨਾਰ ਬਣ ਜਾਈਂ
ਪੈਰਾਂ ਦੀਏ ਮਿੱਟੀਏ ਪਹਾੜ ਬਣ ਜਾਈਂ
ਨੀਂ ਤੂੰ ਆਪਣੀ ਕਮਾਈ ਸਾਂਭ ਰੱਖ ਨੀਂ
ਕਿਰਤੀ ਦੀਏ ਕੁੱਲੀਏ ............।" ਪਾਸ਼ ਦੇ ਇਸ ਗੀਤ ਨੂੰ ਪੇਸ਼ ਕੀਤਾ ਮਨਜਿੰਦਰ, ਸਰਬਜੀਤ, ਪਰਮਜੀਤ, ਬਖ਼ਸ਼ ਅਤੇ ਜੁਗਿੰਦਰ ਰੰਧਾਵਾ ਨੇ।

"ਓਏ ਬਾਜ਼ੀਗਰੋ, ਪੰਜ ਚਾਰ ਸੌ ਸਾਹਬ ਦੇ ਮੱਥੇ ਮਾਰ ਕੇ ਨਾਲੇ ਆਪਣਾ ਖਹਿੜਾ ਛੁਡਾਓ ਨਾਲੇ ਬੱਕਰੀ ਦਾ ਛੱਡੋ।" ਇਹ ਸੀ ਸੀਨ ਬੂਟਾ ਸਿੰਘ ਦੇ ਲਿਖੇ ਨਾਟਕ ਦਾ 'ਮਸਲਾ ਬੱਕਰੀ ਦਾ'। ਉਂਝ ਭਾਵੇਂ ਭਾਰਤੀ ਰਾਜਪ੍ਰਬੰਧ ਵਿਚ ਭ੍ਰਿਸ਼ਟਾਚਾਰ ਵਿਆਪਕ ਰੂਪ ਵਿਚ ਫੈਲਿਆ ਹੋਇਆ ਹੈ ਪਰ ਇਸ ਨਾਟਕ ਰਾਹੀਂ ਸਿਰਫ਼ ਪੁਲਸ ਮਹਿਕਮੇ ਦੀ ਕਾਰਜ਼ਕਾਰੀ ਉਤੇ ਇਕ ਛੋਟੀ ਜਿਹੀ ਝਲਕ ਪੁਆਈ ਗਈ ਹੈ ਜਿਵੇਂ ਲੋਕਾਂ ਦੇ ਰਖਵਾਲੇ ਅਖਵਾਉਣ ਵਾਲੇ ਲੋਕਾਂ ਦੇ ਕਪੜੇ ਲਾਹੁਣ ਤਕ ਜਾਂਦੇ ਹਨ। ਲਹਿਜਾ ਵਿਅੰਗਾਤਮਕ ਹੋਣ ਕਾਰਣ ਦਰਸ਼ਕਾਂ ਉਤੇ ਬੋਝ ਨਹੀਂ ਬਣਿਆਂ। ਜਸਵੀਰ ਸਿੰਘ, ਪ੍ਰੇਮ ਤਿਵਾੜੀ, ਸਤਵੰਤ ਦੀਪਕ, ਜਗਦੇਵ ਸੋਹੀ, ਅਤੇ ਜੋਗਿੰਦਰ ਰੰਧਾਵਾ ਨੇ ਇਸ ਨਾਟਕ ਵਿਚ ਭਾਗ ਲਿਆ। ਤਿਆਰ ਕਰਵਾਇਆ ਇਸ ਨੂੰ ਰਵਿੰਦਰ ਸੰਧੂ ਨੇ।

"ਸਿਦਕ ਸਾਡੇ ਨੇ ਕਦੇ ਮਰਨਾ ਨਹੀਂ
ਸੱਚ ਦੇ ਸੰਗਰਾਮ ਨੇ ਕਦੇ ਹਰਨਾ ਨਹੀਂ।" ਜੈਮਲ ਪੱਡਾ ਦੇ ਇਸ ਗੀਤ ਨੂੰ ਕੈਲਗਰੀ ਤੋਂ ਆਏ ਸਾਥੀ ਹਰਕੰਵਲ ਨੇ ਪੇਸ਼ ਕੀਤਾ।

ਆਪਣੇ ਵਿਚਾਰ ਪੇਸ਼ ਕਰਦਿਆਂ ਸ: ਗੁਰਸ਼ਰਨ ਸਿੰਘ ਨੇ ਕਿਹਾ:

1. ਇਸ ਵਿਚ ਕਿਸੇ ਨੂੰ ਤਿਲ ਭਰ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਪੂਰੀ ਤਰਾਂ ਭ੍ਰਿਸ਼ਟ ਸਰਕਾਰਾਂ ਹਨ। ਇਹ ਇਕ ਬਹੁਤ ਵੱਡੀ ਟ੍ਰੈਜਡੀ ਹੈ, ਜਿਸ ਦਾ ਖ਼ਮਿਆਜ਼ਾ ਕਦੀ ਆਸਾਮ ਵਾਲੇ ਭੁਗਤਦੇ ਹਨ, ਕਦੀ ਗੁਜਰਾਤ ਵਾਲੇ ਅਤੇ ਕਦੇ ਜੰਮੂ ਕਸ਼ਮੀਰ ਵਾਲੇ। ਅਸੀਂ ਤਾਂ ਉੱਜੜ ਹੀ ਗਏ ਹਾਂ ਖ਼ਮਿਆਜ਼ਾ ਭੁਗਤਦੇ ਭੁਗਤਦੇ।- - - -
2. 1977 ਦੀ ਗੱਲ ਹੈ, ਜਦੋਂ ਸੈਂਟਰ ਵਿਚ ਜਨਤਾ ਪਾਰਟੀ ਦਾ ਰਾਜ ਆ ਚੁੱਕਾ ਸੀ, ਪੰਜਾਬ ਵਿਚ ਅਕਾਲੀਆਂ ਦਾ। ਉਦੋਂ ਨਿਰੰਕਾਰੀ ਅਤੇ ਸਿੱਖ ਝਗੜਾ ਸ਼ੁਰੂ ਹੋ ਗਿਆ।- - - - - ਇਹ ਝਗੜਾ ਮੁੱਢ ਵਿਚ ਬੜੀ ਆਸਾਨੀ ਨਾਲ ਹੱਲ ਕੀਤਾ ਜਾ ਸਕਦਾ ਸੀ, ਨਹੀਂ ਕੀਤਾ ਗਿਆ। ਹੁਕਮਰਾਨ ਚਾਹੁੰਦੇ ਸਨ ਕਿ ਲੋਕ ਆਪਸ ਵਿਚ ਲੜਦੇ ਝਗੜਦੇ ਰਹਿਣ ਅਤੇ ਉਹ ਉਤੇ ਬੈਠੇ ਲੁੱਟ-ਪੁਣਾ ਕਰਦੇ ਰਹਿਣ। ਦੇਖਦਿਆਂ ਦੇਖਦਿਆਂ ਪੰਜਾਬ ਵਿਚ ਫਿਰਕੂ ਹਵਾਵਾਂ ਚੱਲਣ ਲੱਗ ਪਈਆਂ। ਕਤਲੋਗਾਰਤ ਸ਼ੁਰੂ ਹੋ ਗਈ। ਵਿਸ਼ਵਾਨਾਥ ਤਿਵਾੜੀ ਅਤੇ 'ਪ੍ਰੀਤ ਲੜੀ' ਦੇ ਸੰਪਾਦਕ ਸੁਮੀਤ ਸਿੰਘ ਦੇ ਕਤਲ ਵੀ ਇਸੇ ਦੌਰਾਨ ਹੋਏ। ਸੁਮੀਤ ਸਿੰਘ ਦੇ ਸ਼ੋਕ ਸਮਾਗਮ ਉਤੇ ਮੈਂ ਪੁੱਛਿਆ- ਐ ਮੇਰੇ ਲੋਕੋ, ਤੁਹਾਨੂੰ ਕਿਹੜਾ ਜਿੰਨ-ਭੂਤ ਚੁੰਬੜ ਗਿਆ ਹੈ ? ਐਹ ਜੋ ਕੁਝ ਹੋ ਰਿਹਾ ਐ, ਤੁਸੀਂ ਰੋਕਦੇ ਕਿਉਂ ਨਹੀਂ ?- - - -
3. ਪੰਜਾਬ ਅਤੇ ਹਿੰਦੁਸਤਾਨ ਭਰ ਦੀਆਂ ਘਟਨਾਵਾਂ ਲਈ ਅਸੀਂ ਹਿੰਦੁਸਤਾਨ ਦੀ ਹਕੂਮਤ ਨੂੰ ਜ਼ਿੰਮੇਦਾਰ ਠਹਿਰਾਉਂਦੇ ਹਾਂ। ਹਰਿਮੰਦਰ ਸਾਹਿਬ ਦੇ ਵਿਚ ਜੋ ਕੁਝ ਹੋ ਰਿਹਾ ਸੀ, ਉਸਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਉੱਪਰ ਆਉਂਦੀ ਹੈ। ਹਰਿਮੰਦਰ ਸਾਹਿਬ ਦਾ ਮਾਹੌਲ ਇੰਨਾ ਵਿਗੜ ਚੁੱਕਿਆ ਸੀ ਕਿ ਪੰਜਾਬ ਦਾ ਸਾਰਾ ਸਮਾਜ ਦੁਸ਼ਮਣ ਅਨਸਰ ਉੱਥੇ ਇਕੱਠਾ ਹੋਇਆ ਸੀ। ਕਦੀ ਉੱਥੇ ਕਿਸੇ ਸੋਢੀ ਦਾ ਕਤਲ ਹੋ ਰਿਹਾ ਸੀ, ਕਦੀ ਬਲਜੀਤ ਕੌਰ ਦਾ ਅਤੇ ਕਦੀ ਕਿਸੇ ਸੁਰਿੰਦਰ ਛਿੰਦੇ ਦਾ- - - - - -
4. ਜੂਨ ਅਤੇ ਨਵੰਬਰ ਦੀਆਂ ਘਟਨਾਵਾਂ ਤੋਂ ਬਾਦ ਬਹੁਤ ਸਾਰੇ ਸਿੱਖ ਇਹ ਸੋਚਣ ਲੱਗ ਪਏ ਹਨ ਕਿ ਸਿਖਾਂ ਦਾ ਹਿੰਦੁਸਤਾਨ ਦੀ ਸਰਕਾਰ ਨਾਲ ਰਹਿਣਾ ਹੁਣ ਸੰਭਵ ਨਹੀਂ। ਅਸੀ ਸਮਝਦੇ ਹਾਂ ਕਿ ਵੀਹਵੀਂ ਸਦੀ ਵਿਚ ਧਰਮ ਦੇ ਨਾਂ ਉਤੇ ਸਿਆਸਤਾਂ ਨਹੀਂ ਚੱਲ ਸਕਦੀਆਂ।- - - - - -
5. ਪਿਛਲੇ ਸਾਲ 9 ਜੂਨ ਨੂੰ, ਦਰਬਾਰ ਸਾਹਿਬ ਉਤੇ ਹੋਏ ਹਮਲੇ ਤੋਂ ਬਾਦ ਦਿੱਲੀ ਵਿਚ ਅਠਾਰਾਂ ਸੌ ਲੋਕਾਂ ਮੁਜ਼ਾਹਰਾ ਕੀਤਾ — 'ਪੰਜਾਬ ਨੂੰ ਫੌਜੀ ਬੂਟਾਂ ਤੋਂ ਬਚਾਉ।' ਇਹ ਲੋਕ ਸਨ ਦਿੱਲੀ ਯੂਨੀਵਰਸਿਟੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਵਿਦਿਆਰਥੀ; ਆਸਾਮ ਅਤੇ ਤਾਮਿਲਨਾਡੂ ਦੇ ਲੋਕ। ਆਸਾਮ ਦੇ ਲੋਕਾਂ ਨੇ ਕਿਹਾ ਕਿ ਸਾਨੂੰ ਪਤਾ ਹੈ ਜਿੱਥੇ ਮਿਲਟਰੀ ਜਾਂਦੀ ਹੈ, ਉੱਥੇ ਕੀ ਕੀ ਕਰਦੀ ਹੈ। ਉਨ੍ਹਾਂ ਸਿੱਖ ਘਟ ਗਿਣਤੀ ਦੇ ਹੱਕ ਵਿਚ ਬਹੁਤ ਤਕੜੇ ਹੋ ਕੇ ਆਵਾਜ਼ ਉਠਾਈ। ਇਸੇ ਤਰ੍ਹਾਂ ਨਵੰਬਰ ਦੀਆਂ ਅਖਬਾਰਾਂ ਪੜ੍ਹ ਕੇ ਦੇਖ ਲਵੋ; ਸਾਰੇ ਹਿੰਦੁਸਤਾਨ ਵਿਚ ਕਾਂਗਰਸੀ ਗੁੰਡਾਗਰਦੀ ਵਿਰੁੱਧ ਬਹੁਤ ਵੱਡੀ ਆਵਾਜ਼ ਉੱਠੀ। ਮੈਂ ਉਨ੍ਹਾਂ ਜਮਹੂਰੀ ਸ਼ਕਤੀਆਂ ਵਿਚੋਂ ਹਾਂ ਜਿਨ੍ਹਾਂ ਨੇ 'ਹੂ ਆਰ ਦੀ ਗਿਲਟੀ' ਕਿਤਾਬ ਛਾਪ ਕੇ ਗੁੰਡਾਗਰਦੀ ਦੇ ਜ਼ਿੰਮੇਵਾਰਾਂ ਉਤੇ ਉਂਗਲ ਰੱਖੀ।

(.... ਬਾਕੀ ਸਫ਼ਾ 15)

# ਇਪਾਨਾ ਵਲੋਂ ਸਭਿਆਚਾਰਕ ਪ੍ਰੋਗਰਾਮ

ਸੋਮਵਾਰ 1 ਜੁਲਾਂਹੀ 1985 ਵਾਲੇ ਦਿਨ ਨਿਊ ਵੈਸਟਮਿਨਸਟਰ ਬੀ. ਸੀ. ਵਿਚ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥਅਮੈਰਿਕਾ (ਇਪਾਨਾ) ਵਲੋਂ ਇਕ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਤਿੰਨ ਡਰਾਮੇ — "ਤੂਤਾਂ ਵਾਲਾ ਖੂਹ", "ਪਲੈਨਿੰਗ", ਅਤੇ "ਬਾਬਾਂ ਬੋਲਦਾ ਹੈ" ਖੇਡੇ ਗਏ। ਇਸ ਪ੍ਰੋਗਰਾਮ ਵਿਚ ਚਾਰ ਸੌ ਤੋਂ ਵੱਧ ਲੋਕਾਂ ਨੇ ਹਿਸਾ ਲਿਆ।

ਪ੍ਰੋਗਰਾਮ ਦੀ ਪ੍ਰਧਾਨਗੀ ਇਪਾਨਾ ਵਲੋਂ ਕੁਲੂ ਮਾਹਲ ਵਲੋਂ ਕੀਤੀ ਗਈ ਜਿਹਨਾਂ ਨੇ ਪ੍ਰੋਗਰਾਮ ਵਿਚ ਹਿਸਾ ਲੈਣ ਲਈ ਲੋਕਾਂ ਨੂੰ ਜੀ ਆਇਆਂ ਕਿਹਾ। ਪ੍ਰੋਗਰਾਮ ਦੇ ਸ਼ੁਰੂ ਵਿਚ 23 ਜੂਨ ਨੂੰ ਏਅਰ ਇੰਡੀਆ ਦੇ ਜਹਾਜ਼ ਦੇ ਹਾਦਸੇ ਵਿਚ ਮਾਰੇ ਗਏ 329 ਲੋਕਾਂ ਦੇ ਸਬੰਧ ਵਿਚ ਇਕ ਮਿੰਟ ਖੜੇ ਹੋ ਕੇ ਸੋਗ ਮਨਾਇਆ ਗਿਆ।

ਪ੍ਰੋਗਰਾਮ ਦੌਰਾਨ ਇਪਾਨਾ ਪ੍ਰਧਾਨ ਹਰਿੰਦਰ ਮਾਹਲ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਉਹਨਾਂ ਲਈ ਇਹ ਪ੍ਰੋਗਰਾਮ ਸਿਰਫ ਇਕ ਸਭਿਆਚਾਰਕ ਪ੍ਰੋਗਰਾਮ ਹੀ ਨਹੀਂ ਬਲਕਿ ਇਕ ਇਤਿਹਾਸਕ ਦਿਹਾੜਾ ਹੈ। ਉਹਨਾਂ ਨੇ ਦੱਸਿਆ ਕਿ 30 ਜੂਨ 1985 ਵਾਲੇ ਦਿਨ ਇਪਾਨਾ ਦੀ ਦਸਵਾ ਵਰ੍ਹੇਗੰਢ ਸੀ।

ਹਰਿੰਦਰ ਮਾਹਲ ਨੇ ਕਿਹਾ ਕਿ ਦਸ ਸਾਲ ਪਹਿਲਾਂ ਜਦੋਂ ਇਪਾਨਾ ਦੀ ਨੀਂਹ ਰੱਖੀ ਗਈ ਤਾਂ ਮਾਂਟਰੀਅਲ ਵਿਚ ਇਕੱਤਰ ਹੋਏ ਮੁਢਲੇ ਪਹਿਲੇ ਮੈਂਬਰਾਂ ਨੇ ਮਹਿਸੂਸ ਕੀਤਾ ਕਿ ਭਾਰਤ ਵਿਚੋਂ ਅੰਗਰੇਜ਼ਾਂ ਨੂੰ ਨਿਕਲਿਆਂ 28 ਸਾਲ ਹੋ ਗਏ ਸਨ ਪਰ ਸਾਮਰਾਜੀ ਤਾਕਤਾਂ ਭਾਰਤ ਨੂੰ ਜਿਉਂ ਦਾ ਤਿਉਂ ਲੁਟ ਰਹੀਆਂ ਸਨ। ਉਹਨਾਂ ਕਿਹਾ ਕਿ ਮਾਂਟਰੀਅਲ ਵਿਚ ਇਕੱਤਰ ਹੋਏ ਵਿਅਕਤੀਆਂ ਨੇ ਇਹ ਮਹਿਸੂਸ ਕੀਤਾ ਕਿ ਭਾਰਤ ਵਿਚ ਨਾ ਹੀ ਸੱਚੀ ਆਜ਼ਾਦੀ ਹੈ ਅਤੇ ਨਾ ਹੀ ਸੱਚੀ ਜਮਹੂਰੀਅਤ। ਉਹਨਾਂ ਕਿਹਾ ਕਿ ਇਹ ਦੇਖਦਿਆਂ ਹੋਇਆਂ ਉਹਨਾਂ ਨੇ ਕੈਨੇਡਾ ਅਤੇ ਅਮਰੀਕਾ ਵਿਚ ਇਕ ਅਜਿਹੀ ਜਥੇਬੰਦੀ ਦੀ ਲੋੜ ਮਹਿਸੂਸ ਕੀਤੀ ਜੋ ਕਿ :

1. ਹਿੰਦੁਸਤਾਨ ਵਿਚ ਸੱਚੀ ਜਮਹੂਰੀਅਤ ਅਤੇ ਸੱਚੀ ਅਜ਼ਾਦੀ ਲਈ ਸੰਘਰਸ਼ ਕਰ ਰਹੀਆਂ ਤਾਕਤਾਂ ਦੀ ਮੱਦਦ ਕਰੇ;

2. ਹਿੰਦੁਸਤਾਨ ਦੇ ਸਹੀ ਹਾਲਾਤ ਲੋਕਾਂ ਸਾਹਮਣੇ ਪੇਸ਼ ਕਰੇ; ਅਤੇ

3. ਦੇਸ਼ ਭਰ ਵਿਚ ਸਾਡੇ ਲੋਕਾਂ ਵਲੋਂ ਚੰਗੇਰੀਆਂ ਹਾਲਤਾਂ ਅਤੇ ਚੰਗੇਰੇ ਜੀਵਨ ਲਈ ਚਲਾਏ ਘੋਲਾਂ ਲਈ ਕੈਨੇਡਾ ਅਤੇ ਅਮਰੀਕਾ ਵਿਚ ਰਹਿ ਰਹੇ ਭਾਰਤੀਆਂ ਦੀ ਮੱਦਦ ਜਿੱਤੇ।

ਹਰਿੰਦਰ ਮਾਹਲ ਨੇ ਇਪਾਨਾ ਦੇ ਕੰਮ ਸਬੰਧੀ ਬੋਲਦਿਆਂ ਦੱਸਿਆ ਕਿ ਕਿਸ ਤਰ੍ਹਾਂ ਇਪਾਨਾ ਨੇ ਇੰਦਰਾ ਸਰਕਾਰ ਵਲੋਂ ਠੋਸੀ ਗਈ ਐਮਰਜੈਂਸੀ ਦੀ ਡਟਕੇ ਵਿਰੋਧਤਾ ਕੀਤੀ ਸੀ। ਉਹਨਾਂ ਨੇ ਦੱਸਿਆ ਕਿ ਇਪਾਨਾ ਵਲੋਂ ਐਮਰਜੈਂਸੀ ਦੀ ਡਟਕੇ ਵਿਰੋਧਤਾ ਕੀਤੇ ਜਾਣ ਕਰਕੇ ਭਾਰਤੀ ਸਰਕਾਰ ਨੇ ਉਸ ਸਮੇਂ ਇਪਾਨਾ ਦੇ ਪ੍ਰਧਾਨ ਹਰੀ ਸ਼ਰਮਾ ਦਾ ਭਾਰਤੀ ਪਾਸਪੋਰਟ ਜ਼ਬਤ ਕਰ ਲਿਆ ਸੀ।

ਇਪਾਨਾ ਪ੍ਰਧਾਨ ਨੇ ਦੱਸਿਆ ਕਿ ਭਾਰਤ ਪ੍ਰਤੀ ਇਪਾਨਾ ਦਾ ਸਟੈਂਡ ਹਮੇਸ਼ਾਂ ਮਜ਼ਦੂਰ ਜਮਾਤ ਦੇ ਪੱਖ ਵਿਚ ਅਤੇ ਲੋਕਾਂ ਦੇ ਪੱਖ ਵਿਚ ਰਿਹਾ ਹੈ। ਉਹਨਾਂ ਕਿਹਾ ਕਿ ਇਪਾਨਾ ਨੇ ਇਥੇ ਉਤਰੀ ਅਮਰੀਕਾ ਵਿਚ ਕਮਿਊਨਿਟੀ ਨੂੰ ਪੇਸ਼ ਆ ਰਹੇ ਮਸਲਿਆਂ ਸਬੰਧੀ ਭੀ ਕੰਮ ਕੀਤਾ ਹੈ। ਹਰਿੰਦਰ ਮਾਹਲ ਨੇ ਦੱਸਿਆ ਕਿ ਇਪਾਨਾ ਨੇ ਸ਼ੁਰੂ ਤੋਂ ਹੀ ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਅਤੇ ਨਸਲਵਾਦ ਵਿਰੁਧ ਬੀ. ਸੀ. ਸੰਘਰਸ਼ ਸੰਮਤੀ ਦੇ ਕੰਮਾਂ ਦੀ ਮੱਦਦ ਕੀਤੀ ਹੈ।

ਹਰਿੰਦਰ ਮਾਹਲ ਨੇ ਕਿਹਾ ਇਪਾਨਾ ਵੱਲੋਂ ਅਜਿਹੇ ਬੁਲਾਰੇ ਜਾਂ ਕਲਾਕਾਰ ਭੀ ਬੁਲਾਏ ਜਾਂਦੇ ਹਨ ਜੋ ਭਾਰਤੀ ਸਮਾਜ ਅਤੇ ਭਾਰਤੀ ਲੋਕਾਂ ਦੀ ਸਹੀ ਹਾਲਤ ਲੋਕਾਂ ਸਾਹਮਣੇ ਪੇਸ਼ ਕਰਦੇ ਹਨ। ਇਸ ਪ੍ਰਸੰਗ ਵਿਚ ਉਹਨਾਂ ਨੇ ਇਪਾਨਾ ਵੱਲੋਂ 1976 ਵਿਚ ਮੇਰੀ ਟਾਇਲਰ, 1979 ਵਿਚ ਲੋਕ ਕਵੀ ਸੰਤ ਰਾਮ ਉਦਾਸੀ, ਅਤੇ 1983 ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਡਰਾਮਾ ਮੰਡਲੀ ਦੀਆਂ ਕੈਨੇਡਾ ਅਤੇ ਅਮਰੀਕਾ ਦੀਆਂ ਫੇਰੀਆਂ ਬਾਰੇ ਦੱਸਿਆ। ਇਪਾਨਾ ਨੇ ਜੂਨ, 1984 ਵਿਚ ਹਰਿਮੰਦਰ ਸਾਹਿਬ ਉਤੇ ਹੋਏ ਫੌਜੀ ਹਮਲੇ ਦੀ ਅਤੇ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਮਾਰੇ ਗਏ ਸੈਂਕੜੇ ਲੋਕਾਂ ਲਈ ਸਰਕਾਰ ਦੀ ਡਟਕੇ ਨਿਖੇਧੀ ਕੀਤੀ ਹੈ।

ਪ੍ਰੋਗਰਾਮ ਦੌਰਾਨ ਖੇਡਿਆ ਗਿਆ ਪਹਿਲਾਂ ਡਰਾਮਾ "ਤੂਤਾਂ ਵਾਲਾ ਖੂਹ" ਸੀ ਜੋ ਕਿ 1947 ਦੇ ਦੁਖਾਂਤ ਨੂੰ ਦਰਸਾਉਂਦਾ ਹੈ ਜਦੋਂ ਕਿ ਸਾਡੇ ਦੇਸ਼ ਦਾ ਵਟਵਾਰਾ ਹੋਇਆ। ਇਹ ਡਰਾਮਾ ਗਿਆਨੀ ਸੋਹਣ ਸਿੰਘ ਸੀਤਲ ਦੇ ਨਾਵਲ "ਤੂਤਾਂ ਵਾਲੇ ਖੂਹ" ਤੇ ਅਧਾਰਤ ਹੈ ਜਿਸ ਦਾ ਨਾਟਕੀ ਰੂਪ ਸ: ਗੁਰਸ਼ਰਨ ਸਿੰਘ ਵੱਲੋਂ ਲਿਖਿਆ ਗਿਆ ਹੈ। ਇਸ ਡਰਾਮੇ ਨੂੰ ਵੈਨਕੂਵਰ ਸੱਥ ਦੇ ਕਲਾਕਾਰਾਂ ਨੇ ਬੜੀ ਕਾਮਯਾਬੀ ਨਾਲ ਖੇਡਿਆ। ਸਾਰੇ ਹੀ ਕਲਾਕਾਰਾਂ ਦੀ ਅਦਾਕਾਰੀ ਸ਼ਲਾਘਾਯੋਗ ਸੀ। ਇਸ ਨਾਟਕ ਵਿਚ ਮੱਖਣ ਟੁੱਟ, ਸੁਖਵੰਤ ਹੁੰਦਲ, ਅਮਨਪਾਲ, ਸਾਧੂ, ਜਗਦੀਸ਼ ਬਿਨਿੰਗ ਤੇ ਭਵਖੰਡਨ ਨੇ ਹਿਸਾ ਲਿਆ।

ਪ੍ਰੋਗਰਾਮ ਦੌਰਾਨ ਖੇਡਿਆ ਗਿਆ ਦੂਸਰਾ ਡਰਾਮਾ "ਪਲੈਨਿੰਗ" ਸੀ ਜੋ ਕਿ ਭਾਰਤੀ ਸਰਕਾਰ ਦੀ ਪਲੈਨਿੰਗ ਤੇ ਇਕ ਵਿਅੰਗ ਹੈ। ਇਹ ਡਰਾਮਾ ਸ: ਗੁਰਸ਼ਰਨ ਸਿੰਘ ਵਲੋਂ ਤਕਰੀਬਨ 25 ਸਾਲ ਪਹਿਲਾਂ ਲਿਖਿਆ ਗਿਆ ਸੀ ਅਤੇ ਪੰਜਾਬ ਦੀਆਂ ਸਟੇਜਾਂ ਤੇ ਕਈ ਸੌ ਵਾਰੀ ਖੇਡਿਆ ਜਾ ਚੁੱਕਾ ਹੈ। ਇਸ ਵਿਚ ਪਲੈਨਰ ਦੀ ਪਤਨੀ ਦਾ ਰੋਲ ਇੰਦਰ ਚੌਹਾਨ ਨੇ ਕੀਤਾ। ਇੰਦਰ ਲਈ ਇਹ ਪਹਿਲੀ ਵਾਰੀ ਸੀ ਕਿ ਉਹ ਸਟੇਜ ਤੇ ਆਈ ਹੋਵੇ। ਉਸ ਨੇ ਇਹ ਰੋਲ ਬੜੀ ਸਫਲਤਾ ਨਾਲ ਨਿਭਾਇਆ। ਪਲੈਨਰ ਦਾ ਰੋਲ ਰਾਜ ਚੌਹਾਨ ਨੇ ਕੀਤਾ, ਚਾਚੇ ਦਾ ਰੋਲ ਸ: ਗੁਰਸ਼ਰਨ ਸਿੰਘ ਨੇ ਕੀਤਾ ਅਤੇ ਬੀਮਾ ਏਜੰਟ ਦਾ ਰੋਲ ਹਰਿੰਦਰ ਮਾਹਲ ਨੇ ਨਿਭਾਇਆ।

ਪ੍ਰੋਗਰਾਮ ਦਾ ਆਖਰੀ ਡਰਾਮਾ ਸੀ ਸ: ਗੁਰਸ਼ਰਨ ਸਿੰਘ ਦਾ ਲਿਖਿਆ ਹੋਇਆ "ਬਾਬਾ ਬੋਲਦਾ ਹੈ"। ਇਹ ਡਰਾਮਾ ਸ: ਗੁਰਸ਼ਰਨ ਸਿੰਘ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਲਿਖਿਆ। ਡਰਾਮੇ ਦਾ ਵਿਸ਼ਾ ਦਿੱਲੀ ਵਿਚ ਅਤੇ ਹੋਰਨਾਂ ਸ਼ਹਿਰਾਂ ਵਿਚ ਕਾਂਗਰਸੀ ਗੁੰਡਿਆਂ ਵੱਲੋਂ ਕੀਤੇ ਗਏ ਸਿੱਖਾਂ ਦੇ ਕਤਲ ਹਨ। ਇਸ ਡਰਾਮੇ ਨੂੰ ਪੰਜਾਬ ਵਿਚ ਤਕਰੀਬਨ ਪਿਛਲੇ ਛੇ ਮਹੀਨਿਆਂ ਵਿਚ 250 ਵਾਰ ਖੇਡਿਆ ਜਾ ਚੁੱਕਾ ਹੈ। ਦਸੰਬਰ ਵਿਚ ਹੋਈਆਂ ਭਾਰਤੀ ਪਾਰਲੀਮਾਨੀ ਚੋਣਾਂ ਦੌਰਾਨ ਭਾਰਤੀ ਸਰਕਾਰ ਨੇ ਇਹ ਡਰਾਮੇ ਖੇਡੇ ਜਾਣ ਤੇ ਚੰਡੀਗੜ੍ਹ ਵਿਚ ਪਾਬੰਦੀ ਲਾ ਦਿੱਤੀ ਸੀ। ਇਸ ਡਰਾਮੇ ਵਿਚ ਭੀ ਸਾਰੇ ਕਲਾਕਾਰਾਂ ਦੇ ਆਪਣੇ ਰੋਲ ਬੜੀ ਕਾਮਯਾਬੀ ਨਾਲ ਨਿਭਾਏ। ਇਸ ਨਾਟਕ ਵਿਚ ਬਿੰਦਰ ਰੋਡੇ, ਸ: ਗੁਰਸ਼ਰਨ ਸਿੰਘ, ਰਾਜ ਚੌਹਾਨ, ਹਰਿੰਦਰ ਮਾਹਲ ਅਤੇ ਭੁਪਿੰਦਰ ਧਾਲੀਵਾਲ ਨੇ ਹਿਸਾ ਲਿਆ। ਨਾਟਕ ਦੇ ਅਖੀਰ ਵਿਚ ਲੱਗ ਰਿਹਾ ਸੀ ਕਿ ਹਾਲ ਵਿਚ ਬੈਠੇ ਬਹੁਤ ਸਾਰੇ ਲੋਕ ਅਸਲੀਅਤ ਨੂੰ ਸਾਹਮਣੇ ਦੇਖਕੇ ਰੋ ਰਹੇ ਸਨ।

ਪ੍ਰੋਗਰਾਮ ਦੌਰਾਨ ਖੇਡੇ ਗਏ ਤਿੰਨਾਂ ਡਰਾਮਿਆਂ ਦਾ ਨਿਰਦੇਸ਼ਨ ਸ: ਗੁਰਸ਼ਰਨ ਸਿੰਘ ਨੇ ਕੀਤਾ ਸੀ।

ਸ: ਗੁਰਸ਼ਰਨ ਸਿੰਘ ਨੇ ਆਪਣੀ ਤਕਰੀਰ ਦੌਰਾਨ ਪੰਜਾਬ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਵਾਪਰੀਆਂ ਘਟਨਾਵਾਂ ਬਾਰੇ ਦੱਸਿਆ ਅਤੇ ਭਾਰਤੀ ਸਰਕਾਰ ਦੀ ਹਰਿਮੰਦਰ ਸਾਹਿਬ ਤੇ ਫੌਜੀ ਹਮਲਾ ਕਰਨ ਦੀ ਨਿਖੇਧੀ ਕੀਤੀ। ਉਹਨਾਂ ਨੇ ਨਵੰਬਰ ਵਿਚ ਇੰਦਰਾ ਗਾਂਧੀ ਦੀ ਹੱਤਿਆ ਬਾਅਦ ਦਿੱਲੀ ਅਤੇ ਹੋਰਨਾਂ ਭਾਰਤੀ ਸ਼ਹਿਰਾਂ ਵਿਚ ਸਿੱਖਾਂ ਦੇ ਕਤਲਾਂ ਸਬੰਧੀ ਬੋਲਦਿਆਂ ਕਿਹਾ ਕਿ ਇਹ ਕਹਿਣਾ ਗਲਤ ਹੈ ਕਿ ਕਤਲ ਹਿੰਦੂਆਂ ਨੇ ਕੀਤੇ ਸਨ। ਉਹਨਾਂ ਕਿਹਾ ਕਿ ਕਤਲ ਹਿੰਦੂਆਂ ਨੇ ਨਹੀਂ ਬਲਕਿ ਕਾਂਗਰਸੀ ਗੁੰਡਿਆਂ ਵਲੋਂ ਕੀਤੇ ਗਏ ਸਨ। ਸ: ਗੁਰਸ਼ਰਨ ਸਿੰਘ ਨੇ ਕਿਹਾ ਕਿ ਸਾਨੂੰ ਆਪਣੇ ਗੁੱਸੇ ਦਾ ਨਿਸ਼ਾਨਾ ਹਿੰਦੂ ਨਹੀਂ ਬਲਕਿ ਭਾਰਤੀ ਹਾਕਮ ਜਮਾਤ ਬਣਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਭਾਰਤੀ ਹਾਕਮ ਜਮਾਤ ਵਿਚ ਸਿੱਖ, ਮੁਸਲਮਾਨ, ਹਿੰਦੂ ਅਤੇ ਈਸਾਈ ਸ਼ਾਮਲ ਹਨ।

ਸ: ਗੁਰਸ਼ਰਨ ਸਿੰਘ ਨੇ ਕਿਹਾ ਕਿ ਹਿੰਦੁਸਤਾਨ ਦੀ ਸਰਕਾਰ ਇਕ ਫਾਸ਼ੀ ਕਿਸਮ ਦਾ ਰਾਜ ਚਲਾ ਰਹੀ ਹੈ। ਉਹਨਾਂ ਕਿਹਾ ਕਿ ਸਾਨੂੰ ਚਾਹੀਦਾ ਹੈ ਕਿ ਅਸੀਂ ਸਰਕਾਰ ਦੀਆਂ ਚਾਲਾਂ ਸਮਝੀਏ ਅਤੇ ਇਕਮੁੱਠ ਹੋਕੇ ਉਸਦੀ ਵਿਰੋਧਤਾ ਕਰੀਏ।

ਸ: ਗੁਰਸ਼ਰਨ ਸਿੰਘ ਨੇ ਕਿਹਾ ਕਿ ਜੋ ਬਿਦੇਸ਼ਾਂ ਵਿਚ ਰਹਿੰਦੇ ਭਾਰਤੀ, ਖਾਸ ਕਰਕੇ ਸਿੱਖ, ਪੰਜਾਬ ਦੇ ਲੋਕਾਂ ਦੀ ਮੱਦਦ ਕਰਨਾ ਚਾਹੁੰਦੇ ਹਨ ਤਾਂ ਉਹ ਭਾਰਤ ਦੀਆਂ ਜਮਹੂਰੀ ਸ਼ਕਤੀਆਂ ਨਾਲ ਰਲਕੇ ਭਾਰਤੀ ਸਰਕਾਰ ਦੇ ਜਾਬਰ ਰਾਜ ਦੀ ਵਿਰੋਧਤਾ ਕਰਨ। ਉਹਨਾਂ ਕਿਹਾ ਕਿ ਖਾਲਿਸਤਾਨ ਦੀ ਮੰਗ ਨਾ ਹੀ ਸਿੱਖਾਂ ਦੇ ਹੱਕ ਵਿਚ ਹੈ ਅਤੇ ਨਾ ਹੀ ਪੰਜਾਬ ਦੇ ਲੋਕਾਂ ਦੇ ਹੱਕ ਵਿਚ। ਉਹਨਾਂ ਕਿਹਾ ਕਿ ਇਹ ਮੰਗ ਜਾਂ ਇਸ ਮੰਗ ਦੇ ਸਮਰਥਕਾਂ ਵੱਲੋਂ ਬਿਦੇਸ਼ਾਂ ਵਿਚ ਕੀਤੀਆਂ ਜਾਂਦੀਆਂ ਸਰਗਰਮੀਆਂ ਭਾਰਤੀ ਸਰਕਾਰ ਦਾ ਹੱਥ ਮਜ਼ਬੂਤ ਕਰਦੀਆਂ ਹਨ।

ਸ: ਗੁਰਸ਼ਰਨ ਸਿੰਘ ਨੇ ਭਾਰਤੀ ਸਰਕਾਰ ਵੱਲੋਂ ਮਈ ਵਿਚ ਪਾਸ ਕੀਤੇ ਗਏ Anti-Terrorist Bill ਬਾਰੇ ਬੋਲਦਿਆਂ ਕਿਹਾ ਕਿ ਇਹ ਇਕ ਅਜਿਹਾ ਕਾਲਾ ਕਾਨੂੰਨ ਹੈ ਜਿਸ ਅਧੀਨ ਕਿਸੇ ਨੂੰ ਭੀ ਇਸ ਸ਼ੱਕ ਅਧੀਨ ਗ੍ਰਿਫਤਾਰ ਕੀਤਾ ਜਾ ਸਕਦਾ ਹੈ ਕਿ ਉਹ ਅਤਿਵਾਦ ਦਾ 'ਸਮਰਥਕ' ਹੈ ਅਤੇ ਇਸ ਤਰ੍ਹਾਂ ਮੌਤ ਤੱਕ ਦੀ ਸਜ਼ਾ ਦਿਤੀ ਜਾ ਸਕਦੀ ਹੈ।

ਸ: ਗੁਰਸ਼ਰਨ ਸਿੰਘ ਵੱਲੋਂ ਕੀਤੀ ਗਈ ਤਕਰੀਰ ਦਰਸ਼ਕਾਂ ਵੱਲੋਂ ਬਹੁਤ ਸਲਾਹੀ ਗਈ। ਤਕਰੀਰ ਦੌਰਾਨ ਦਰਸ਼ਕਾਂ ਨੇ ਵਾਰ ਵਾਰ ਤਾੜੀਆਂ ਮਾਰੀਆਂ।

ਪ੍ਰੋਗਰਾਮ ਦੌਰਾਨ ਵੈਨਕੂਵਰ ਸੱਥ ਦੇ ਕਲਾਕਾਰਾਂ ਤੀਰਥ, ਪਾਲ ਬਿਨਿਗ; ਬਿੰਦਰ ਰੌਡੇ ਅਤੇ ਜਰਨੈਲ ਲੇਹਲ ਨੇ ਆਪਣੇ ਗੀਤ ਪੇਸ਼ ਕੀਤੇ ਜੋ ਕਿ ਸਾਰਿਆਂ ਵਲੋਂ ਬਹੁਤ ਸਲਾਹੇ ਗਏ। ਸਾਧੂ ਨੇ ਆਪਦੀ ਮਸ਼ਹੂਰ ਕਵਿਤਾ "ਸੁਰਖੀਆਂ" ਅਤੇ ਸਤਿੰਦਰ ਸਿੱਧੂ ਨੇ ਕਾਂਗਰਸੀ ਸਰਕਾਰ 'ਤੇ ਲਿਖੀ ਕਵਿਤਾਵਾਂ ਪੜ੍ਹੀਆਂ।

ਪ੍ਰੋਗਰਾਮ ਦੌਰਾਨ ਹਰਿੰਦਰ ਮਾਹਲ ਨੇ ਨਸਲਵਾਦ ਵਿਰੁਧ ਬੀ. ਸੀ. ਸੰਘਰਸ਼ ਸੰਮਤੀ ਵੱਲੋਂ ਇਪਾਨਾ ਦੀ ਦਸਵੀਂ ਵਰੇਗੰਢ ਦੇ ਮੌਕੇ ਤੇ ਭੇਜਿਆ ਗਿਆ ਸਾਂਝ ਭਰਿਆ ਸੁਨੇਹਾ ਪੜ੍ਹਕੇ ਸੁਣਾਇਆ ਗਿਆ।

ਪ੍ਰੋਗਰਾਮ ਦੇ ਅੰਤ ਵਿਚ ਇਪਾਨਾ ਦੇ ਪ੍ਰਤੀਨਿਧ ਹਰੀ ਸ਼ਰਮਾ ਨੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ ਅਤੇ ਕਲਾਕਾਰਾਂ ਦਾ ਧੰਨਵਾਦ ਕੀਤਾ।

# ਕੈਲੇਫੋਰਨੀਆ ਵਿਚ ਪ੍ਰੋਗਰਾਮ

ਪਹਿਲੀ ਜੁਲਾਈ ਵਾਲੇ ਇਸ ਪ੍ਰੋਗਰਾਮ ਤੋਂ ਪਹਿਲਾਂ ਸ: ਗੁਰਸ਼ਰਨ ਸਿੰਘ ਅਤੇ ਵੈਨਕੂਵਰ ਇਪਾਨਾ ਦੇ ਲੋਕਲ ਕਲਾਕਾਰਾਂ ਨੇ 22 ਅਤੇ 23 ਜੂਨ ਨੂੰ ਕੈਲੇਫੋਰਨੀਆਂ ਵਿਚ ਬੇਕਰਸਫੀਲਡ ਅਤੇ ਬਰਕਲੇ ਵਿਚ ਭੀ ਕਾਮਯਾਬ ਪ੍ਰੋਗਰਾਮ ਪੇਸ਼ ਕੀਤੇ। ਇਹ ਦੋਨੋਂ ਪ੍ਰੋਗਰਾਮ ਪੰਜਾਬੀ ਪੀਪਲਜ਼ ਕਲਚਰਲ ਐਸੋਸੀਏਸ਼ਨ ਵਲੋਂ ਕਰਵਾਏ ਗਏ ਸਨ। ਇਹਨਾਂ ਪ੍ਰੋਗਰਾਮਾਂ ਵਿਚ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਦੇ ਕਲਾਕਾਰਾਂ ਨੇ ਵੀ ਹਿੱਸਾ ਲਿਆ ਸੀ ਅਤੇ ਆਪਦੇ ਗੀਤ ਪੇਸ਼ ਕੀਤੇ ਸਨ। ਬੇਕਰਜ਼ਫੀਲਡ ਵਿਚ ਹੋਏ ਪ੍ਰੋਗਰਾਮ ਵਿਚ ਤਕਰੀਬਨ 250 ਅਤੇ ਬਰਕਲੇ ਵਿਚ ਹੋਏ ਪ੍ਰੋਗਰਾਮ ਵਿਚ 700 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ ਸੀ। ਕੈਲੇਫੋਰਨੀਆ ਵਿਚ ਕੀਤੇ ਇਹਨਾਂ ਪ੍ਰੋਗਰਾਮਾਂ ਦੀ ਮਹੱਤਤਾ ਹੋਰ ਭੀ ਵਧ ਜਾਂਦੀ ਹੈ ਜਦੋਂ ਅਸੀਂ ਇਹ ਦੇਖਦੇ ਹਾਂ ਕਿ ਉਸ ਇਲਾਕੇ ਵਿਚ ਇਹ ਆਪਦੀ ਕਿਸਮ ਦੇ ਪਹਿਲੇ ਪ੍ਰੋਗਰਾਮ ਸਨ। ਇਹ ਪ੍ਰੋਗਰਾਮ ਜਥੇਬੰਦ ਕਰਨ ਲਈ ਪੰਜਾਬੀ ਪੀਪਲਜ਼ ਕਲਚਰਲ ਐਸੋਸੀਏਸ਼ਨ ਵਧਾਈ ਦੀ ਪਾਤਰ ਹੈ।

ਸ: ਗੁਰਸ਼ਰਨ ਸਿੰਘ ਦਾ ਉੱਤਰੀ ਅਮਰੀਕਾ ਦਾ ਦੌਰਾ ਇਪਾਨਾ ਅਤੇ ਕੈਲੇਫੋਰਨੀਆ ਦੀ ਜਥੇਬੰਦੀ ਐਂਟੀ-47 ਫਰੰਟ ਵੱਲੋਂ ਸਾਂਝੇ ਤੌਰ 'ਤੇ ਜਥੇਬੰਦ ਕੀਤਾ ਗਿਆ ਹੈ।

## ਵਿਨੀਪੈੱਗ ਵਿਚ ਪ੍ਰੋਗਰਾਮ:

# ਬਾਬਾ ਬੋਲਦਾ ਹੈ

".. ਜਦੋਂ ਔਰੰਗਜ਼ੇਬ ਭਾਰਤ 'ਚ ਬਾਕੀ ਸਾਰੇ ਧਰਮਾਂ ਦੇ ਲੋਕਾਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ .... ਉਦੋਂ ਲੜਾਈ ਧਰਮਾਂ ਵਿਚਕਾਰ ਸੀ ਅਤੇ ਇਸ ਲਈ ਇਹ ਧਰਮ ਦੇ ਪੈਂਤੜੇ ਤੋਂ ਹੀ ਲੜਨੀ ਬਣਦੀ ਸੀ। ਪਰ ਹੁਣ ਲੜਾਈ ਦੋ ਜਮਾਤਾਂ ਵਿਚਕਾਰ ਹੈ ਅਤੇ ਇਹ ਲੜਾਈ (20ਵੀਂ ਸਦੀ 'ਚ) ਧਰਮ ਦੇ ਨਹੀਂ, ਹੁਣ ਜਮਾਤਾਂ ਦੇ ਪੈਂਤੜੇ ਤੋਂ ਲੜਨੀ ਪਵੇਗੀ ....।"

ਗੁਰਸ਼ਰਨ ਸਿੰਘ (ਅੰਮ੍ਰਿਤਸਰ ਨਾਟਕ ਕਲਾ ਕੇਂਦਰ) ਦਾ ਲਿਖਿਆ ਹੋਇਆ ਇਹ ਨਾਟਕ ਪੰਜਾਬੀ ਸਾਹਿਤ ਸਭਾ ਵਿੰਨੀਪੈੱਗ ਦੇ ਸੱਦੇ ਉਤੇ, ਐਡਮਿੰਟਨ ਸਭਾ ਦੇ ਕਲਾਕਾਰਾਂ ਵਲੋਂ 6 ਅਪ੍ਰੈਲ ਨੂੰ ਵਿੰਨੀਪੈੱਗ 'ਚ ਖੇਡਿਆ ਗਿਆ। ਇਹ ਪ੍ਰੋਗਰਾਮ ਕੌਮੀ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ ਨੂੰ ਸਮਰਪਤ ਸੀ। ਜਿਵੇਂ ਸਾਨੂੰ ਬਹੁਤਿਆਂ ਨੂੰ ਪਤਾ ਹੀ ਹੈ ਕਿ ਕਿਵੇਂ 54 ਵਰ੍ਹੇ ਪਹਿਲਾਂ 23 ਮਾਰਚ ਨੂੰ ਇਹ ਤਿੰਨੋਂ ਮਹਾਨ ਦੇਸ਼ ਭਗਤ, ਭਾਰਤ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਜ਼ਾਲਮ ਅੰਗਰੇਜ਼ ਸਰਕਾਰ ਨਾਲ ਜੂਝਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ ਸਨ। ਉਸੇ ਦਿਨ ਤੋਂ ਭਾਰਤ ਦੇ ਸਮੂਹ ਲੋਕਾਂ ਲਈ 23 ਮਾਰਚ ਦਾ ਇਹ ਦਿਨ ਅੰਗਰੇਜ਼-ਸ਼ਾਹੀ ਵਿਰੁੱਧ ਸੰਘਰਸ਼ ਦਾ ਚਿੰਨ੍ਹ ਬਣਿਆ ਹੋਇਆ ਹੈ।

ਅੱਜ ਸਾਡੇ 'ਚੋਂ ਬਹੁਤਿਆਂ ਦੇ ਮਨਾਂ 'ਚ ਸੁਆਲ ਨੇ ਕਿ ਕੀ ਵਾਕਿਆ ਹੀ ਭਾਰਤ ਆਜ਼ਾਦ ਹੈ? ਕੀ ਸਾਨੂੰ ਉਹ ਆਜ਼ਾਦੀ ਮਿਲ ਗਈ ਹੈ, ਜਿਹੜੀ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਚਿਤਵੀ ਸੀ? ਕੀ ਸਾਨੂੰ ਆਜ਼ਾਦੀ ਦਾ ਕੋਈ ਫਾਇਦਾ ਹੋਇਆ, ਜਿਨ੍ਹਾਂ ਵਾਰੇ ਅਸੀਂ ਆਜ਼ਾਦੀ ਤੋਂ ਪਹਿਲਾਂ ਚਿਤਵਦੇ ਸਾਂ? ਜਾਂ ਫਿਰ ਬਾਬਾ ਹੀ ਸੱਚਾ ਹੈ "....'47 'ਚ ਜਿਨ੍ਹਾਂ ਦਾ ਰਾਜ ਸੀ ਉਨ੍ਹਾਂ ਦਾ ਚੰਮ ਚਿੱਟਾ ਸੀ ਅਤੇ ਅੱਜ ਜਿਨ੍ਹਾਂ ਦਾ ਰਾਜ ਹੈ ਉਨ੍ਹਾਂ ਦਾ ਖੱਦਰ ਚਿੱਟਾ ਹੈ ...।" ਭਾਰਤ ਦੇ ਕਰੋੜਾਂ ਸਾਧਾਰਣ ਲੋਕ ਅਜੇ ਵੀ ਰੋਟੀ-ਰੋਜ਼ੀ ਤੋਂ ਮੁਥਾਜ, ਆਪਦੀਆਂ ਰੋਜ਼ਾਨਾ ਲੋੜਾਂ ਲਈ, ਸੰਤਾਲੀ ਤੋਂ ਬਾਅਦ ਮਿਲੇ, ਭਰਿਸ਼ਟਾਚਾਰ 'ਚ ਗਲਤਾਣ ਰਾਜ-ਪ੍ਰਬੰਧ ਦੇ ਗੁਲਾਮ ਹਨ।

ਡਰਾਮੇ ਤੋਂ ਇਲਾਵਾ ਇਸ ਪ੍ਰੋਗਰਾਮ 'ਚ ਅਗਾਂਹਵਧੂ ਅਤੇ ਉਸਾਰੂ ਗੀਤ ਅਤੇ ਕਵਿਤਾਵਾਂ ਵੀ ਕਹੀਆਂ ਗਈਆਂ। ਐਡਮਿੰਟਨ ਸਾਹਿਤ ਸਭਾ ਦੇ ਕਵੀਸ਼ਰੀ ਜੱਥੇ ਵਲੋਂ ਬਾਬੂ ਰਜਬ ਅਲੀ ਦੀਆਂ ਦੋ ਰਚਨਾਵਾਂ "ਪੰਜ ਪਸਤੌਲਾਂ ਵਾਲੇ" ਅਤੇ "ਛੌਣੀਆਂ ਪੱਟ ਲੌ ਜੀ" ਪੇਸ਼ ਕੀਤੀਆਂ ਗਈਆਂ, ਜੋ ਕਿ ਦਰਸ਼ਕਾਂ ਨੇ ਬਹੁਤ ਸਲਾਹੀਆਂ। ਇਸ ਪ੍ਰੋਗਰਾਮ 'ਚ 200 ਦੇ ਕਰੀਬ ਦਰਸ਼ਕਾਂ ਨੇ ਹਿੱਸਾ ਲਿਆ।

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈੱਗ, ਐਡਮਿੰਟਨ ਸਾਹਿਤ ਸਭਾ, ਸਥਾਨਕ ਅਤੇ ਬਾਹਰੋਂ ਆਏ ਕਵੀਆਂ ਦੀ ਅਤੇ ਇਸ ਤੋਂ ਵੱਧ ਵਿੰਨੀਪੈੱਗ ਦੇ ਦਰਸ਼ਕਾਂ ਵਲੋਂ ਮਿਲੇ ਹਾਂ-ਪੱਖੀ ਅਤੇ ਦਿੱਲ-ਵਧਾਊ ਹੁੰਘਾਰੇ ਦੀ ਰਿਣੀ ਹੈ। ਅਤੇ ਇਹ ਯਕੀਨ ਦੁਆਉਂਦੀ ਹੈ ਕਿ ਭਵਿੱਖ 'ਚ ਵੀ ਉਹ ਅਜਿਹੇ ਪ੍ਰੋਗਰਾਮਾਂ ਨਾਲ ਵਿੰਨੀਪੈੱਗ ਦੇ ਦਰਸ਼ਕਾਂ ਨੂੰ ਨਿਵਾਜਦੀ ਰਹੇਗੀ। ●

---

(.... ਸਫ਼ਾ 34 ਦੀ ਬਾਕੀ)

ਹਨ ਅਤੇ ਖੁਦ ਸੁਖ ਸਹੂਲਤਾਂ ਦੇ ਜਾਲ ਵਿਚ ਫਸ ਜਾਂਦੀਆਂ ਹਨ। ਕਦੀਂ ਲੋੜ ਪਈ ਤਾਂ ਮੈਂ ਕਿਸੇ ਪਾਰਟੀ ਦਾ ਮੈਂਬਰ ਬਣਨ ਤੋਂ ਝਿਜਕਾਂਗਾ ਨਹੀਂ।

"ਤੁਸੀਂ ਜਾ ਸਕਦੇ ਹੋ।"

ਅਤੇ ਮੈਂ ਪੱਤਰਕਾਰੀ ਦਾ ਨਕਾਬ ਲਾਹ ਸੁੱਟਿਆ। ਬਾਹਰ ਆਇਆ। ਅਖ਼ਬਾਰ ਦੇ ਮਹੱਲ ਵਰਗੇ ਭਵਨ ਨੂੰ ਦੇਖਿਆ। ਲੰਬੇ ਲੰਬੇ ਸਾਹ ਲਏ ਅਤੇ ਮੁੜਦੇ ਹੋਏ ਤਸੱਲੀ ਦਾ ਅਹਿਸਾਸ ਹੋਇਆ ਕਿ ਅਜੇ ਤਾਂ ਜ਼ਿੰਦਗੀ 'ਚ ਬਹੁਤ ਕੁਝ ਕਰਨਾ ਬਾਕੀ ਹੈ ......... ਇਕ ਇਹ ਹੀ ਤਾਂ ਆਖ਼ਰੀ ਕੰਮ ਨਹੀਂ ਜੋ ਚਲਾ ਗਿਆ। ●

# ਕੈਲਗਰੀ ਸ਼ਹਿਰ ਵਿੱਚ ਇੱਕ ਨਵੀਂ ਰੀਤ ਦੀ ਸ਼ੁਰੂਆਤ

ਹਰਵਿੰਦਲਜੀਤ ਸਿੰਘ (ਲੋਕ ਸੱਭਿਆਚਾਰਕ ਮੰਚ ਦਾ ਇੱਕ ਕਾਮਾ)

---

23 ਮਾਰਚ 1985 ਵਾਲੇ ਦਿਨ ਲੋਕ ਸੱਭਿਆਚਾਰਕ ਮੰਚ ਕੈਲਗਰੀ ਵੱਲੋਂ ਲੋਕਾਂ ਦੇ ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਵਸ ਮਨਾਉਣ ਲਈ (ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਅਤੇ ਇਪਾਨਾ ਵੈਨਕੂਵਰ ਦੇ ਸਹਿਯੋਗ ਨਾਲ) ਇੱਕ ਉਸਾਰੂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਕੈਲਗਰੀ ਦੇ ਸਮੁੱਚੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਕਿਸੇ ਵੀ ਸਥਾਨਕ ਸੰਸਥਾ ਨੇ ਇਨ੍ਹਾਂ ਲੋਕ-ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਉੱਦਮ ਕੀਤਾ ਹੋਵੇ। ਪ੍ਰੋਗਰਾਮ ਆਰੰਭ ਕਰਨ ਤੋਂ ਪਹਿਲਾਂ ਇਸ ਨਵੀਂ ਉਸਰੀ ਸੰਸਥਾ ਲੋਕ ਸੱਭਿਆਚਾਰਕ ਮੰਚ ਅਤੇ ਇਸਦੇ ਉਦੇਸ਼ਾਂ ਬਾਰੇ ਜਾਣਕਾਰੀ ਕਰਵਾਉਂਦਿਆਂ ਮੰਚ ਦੇ ਬੁਲਾਰੇ ਨੇ ਕਿਹਾ:

"ਸਾਡੇ ਗੀਤਾਂ ਵਿੱਚ ਸਾਡੇ ਮਿਹਨਤੀ ਦੇਸ਼ ਵਾਸੀਆਂ ਦੇ ਦਰਦ ਦੀ ਚੀਸ ਹੋਣੀ ਚਾਹੀਦੀ ਹੈ, ਉਨ੍ਹਾਂ ਦੇ ਮੁੜ੍ਹਕੇ ਦੀ ਮਹਿਕ ਅਤੇ ਲੋਕਾਂ ਲਈ ਆਪਣੀਆਂ ਜਾਨਾਂ ਵਾਰ ਗਏ ਭਗਤ ਸਿੰਘ ਜਿਹੇ ਸ਼ਹੀਦਾਂ ਦੇ ਲਹੂ ਦੀ ਰੌਸ਼ਨੀ ਹੋਣੀ ਚਾਹੀਦੀ ਹੈ... ਸਾਡੇ ਸੱਭਿਆਚਾਰਕ ਪ੍ਰੋਗਰਾਮਾਂ ਦੇ ਬੋਲਾਂ ਵਿੱਚ ਸਾਡੇ ਦੁੱਖਾਂ ਮਾਰੇ ਲੋਕਾਂ ਦੀਆਂ ਮੁਸੀਬਤਾਂ ਤੇ ਮੁਸ਼ਕਲਾਂ ਦੀ ਸਹੀ ਤਸਵੀਰ ਅਤੇ ਹੱਲ ਦਰਸਾਈ ਸੇਧ ਦੀ ਰਉਂ ਹੋਣੀ ਚਾਹੀਦੀ ਹੈ ਤਾਂ ਹੀ ਉਹ ਅਸਲੀ ਲੋਕ-ਸੱਭਿਆਚਾਰਕ- ਪ੍ਰੋਗਰਾਮ ਅਖਵਾਏ ਜਾਣ ਦਾ ਹੱਕ ਰੱਖਦੇ ਹਨ ... ..."

ਕੈਨੇਡਾ ਜਾਂ ਹੋਰ ਬਾਹਰਲੇ ਮੁਲਕਾਂ ਵਿੱਚ ਮਜ਼ਦੂਰੀ ਕਰਦਿਆਂ ਅਤੇ ਦੂਸਰੇ ਦਰਜੇ ਦੇ ਸ਼ਹਿਰੀ ਬਣਕੇ, ਨਸਲਵਾਦ ਜਿਹੀਆਂ ਬਦ-ਅਲਾਮਤਾਂ ਸਹਿੰਦੀ ਪ੍ਰਦੇਸੀ ਜ਼ਿੰਦਗੀ ਜਿਊਣ ਦਾ ਅਹਿਸਾਸ ਕਰਵਾਉਂਦਿਆਂ ਕਿਹਾ:

"ਜੇ ਸਾਨੂੰ ਆਪਣੇ ਵਤਨ, ਰੱਜਵੀਂ ਰੋਟੀ ਅਤੇ ਜ਼ਿੰਦਗੀ ਦੀਆਂ ਇਹ ਮੁਢਲੀਆਂ ਸਹੂਲਤਾਂ ਮਿਲਦੀਆਂ ਹੁੰਦੀਆਂ ਤਾਂ ਅਸੀਂ ਅੱਜ ਆਪਣੇ ਪ੍ਰਵਾਰਾਂ ਰਿਸ਼ਤੇਦਾਰਾਂ ਅਤੇ ਸੱਭਿਆਚਾਰ ਤੋਂ ਦੂਰ ਵਿੱਛੜਕੇ ਪ੍ਰਦੇਸੀਂ ਨਾ ਬੈਠੇ ਹੁੰਦੇ। ... ਕਰੜੀ ਮਿਹਨਤ ਦੇ ਬਾਵਜੂਦ, ਸਾਡੇ ਦੇਸ਼ ਦੇ 80% ਲੋਕ ਸੰਯੁਕਤ ਰਾਸ਼ਟਰ ਵੱਲੋਂ ਮਿਥੀ ਗਈ ਗਰੀਬੀ ਦੀ ਲਾਈਨ ਤੋਂ ਵੀ ਥੱਲੇ, ਅਤਿ ਹੀ ਤਰਸਯੋਗ ਹਾਲਤ ਵਿੱਚ ਜੀਵਨ ਬਤੀਤ ਕਰ ਰਹੇ ਹਨ।"

ਅੰਤ ਵਿੱਚ ਮੰਚ ਦੇ ਉਦੇਸ਼ਾਂ ਬਾਰੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ:

"ਲੋਕ ਸੱਭਿਆਚਾਰਕ ਮੰਚ ਕੈਲਗਰੀ, ਲੁਟੇਰੀ ਜਮਾਤ ਵੱਲੋਂ ਪ੍ਰਚਾਰੇ ਜਾਂਦੇ ਗੁਮਰਾਹਕੁਨ, ਲੋਕ-ਵਿਰੋਧੀ, ਲੱਚਰ, ਕਾਮ-ਉਕਸਾਊ ਤੇ ਬਿਮਾਰ ਸਾਹਿਤ-ਸੱਭਿਆਚਾਰ ਦੇ ਮੁਕਾਬਲੇ ਲੋਕ-ਪੱਖੀ, ਜੁਝਾਰੂ ਅਤੇ ਇਨਕਲਾਬੀ ਸਾਹਿੱਤ-ਸੱਭਿਆਚਾਰ ਨੂੰ ਪ੍ਰਚਾਰਨ ਅਤੇ ਵਿਕਸਤ ਕਰਨ ਵਿੱਚ ਵੱਧ ਤੋਂ ਵੱਧ ਹਿੱਸਾ ਪਾਉਣ ਦੇ ਉਦੇਸ਼ਾਂ ਨੂੰ ਲੈ ਕੇ ਹੋਂਦ ਵਿੱਚ ਆਇਆ ਹੈ ਅਤੇ ਆਪਦੇ ਸਾਹਮਣੇ ਇਹ ਪਹਿਲਾ ਪ੍ਰੋਗਰਾਮ ਪੇਸ਼ ਕਰ ਰਿਹਾ ਹੈ... !"

ਸਮਿਆਂ ਦੀ ਹੈ ਲੋੜ ਜੁਆਨੀ ਨਾ ਮਦਹੋਸ਼ ਰਹੇ।
(ਤਾਂ ਜੋ) ਤਾਰੀਖਾਂ ਦਾ ਨਾ ਸਾਡੇ ਸਿਰ ਤੇ ਕੋਈ ਦੋਸ਼ ਰਹੇ।
... ... ... ... ... ... ...
ਜਾਗੋ ਕੈਦ ਉਮੰਗੋ ਉਠਕੇ ਖਿੜਕੀ ਖੋਲ੍ਹ ਦੇਵੋ
ਤਾਂ ਜੋ ਸੂਰਜ ਦਾ ਕੁੱਲੀਆਂ ਵਿੱਚ ਮਘਦਾ ਜੋਸ਼ ਰਹੇ। (ਸੰਤ ਰਾਮ ਉਦਾਸੀ)

ਇਨ੍ਹਾਂ ਪੰਕਤੀਆਂ ਨਾਲ ਸ਼ੁਰੂ ਪ੍ਰੋਗਰਾਮ ਵਿੱਚ ਸਭ ਤੋਂ ਪਹਿਲਾ ਸਮੂਹ ਗਾਨ "ਰੱਖਾਂ ਦੀਵੇ ਕੁੱਲੀਏ ਮੀਨਾਰ ਬਣ ਜਾਵੀਂ" (ਪਾਸ਼), ਸਥਾਨਕ ਗਾਇਕਾਂ ਨੇ ਪੇਸ਼ ਕੀਤਾ। ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਦੇ ਜੁਗਿੰਦਰ ਰੰਧਾਵਾ ਵੱਲੋਂ ਗਾਏ (ਸੰਤ ਰਾਮ ਉਦਾਸੀ ਦੇ) ਗੀਤ:

"ਸਾਡੀ ਕਿਰਤ ਨੂੰ ਲੁੱਟਣ ਵਾਲਿਓ, ਕਿਉਂ ਪੀਵੋਂ ਰੱਤ ਬਗਾਰਾਂ ਦੀ।
ਇਹ ਧਰਤੀ ਹੈ ਮਜ਼ਦੂਰਾਂ ਦੀ ਨਹੀਉਂ ਸਰਮਾਏਦਾਰਾਂ ਦੀ।"

ਨੂੰ ਲੋਕਾਂ ਨੇ ਬੇਹੱਦ ਪਸੰਦ ਕੀਤਾ। ਇਸਤੋਂ ਬਾਅਦ ਵੈਨਕੂਵਰ ਦੇ ਲਿਖਾਰੀ ਸਾਧੂ ਦਾ ਲਿਖਿਆ ਨਾਟਕ 'ਜਗੀਰੂ ਲੰਬੜ' ਖੇਡਿਆ ਗਿਆ। 'ਲੰਬੜ' ਦੇ ਰੂਪ ਵਿੱਚ ਭੁਪਿੰਦਰ ਧਾਲੀਵਾਲ ਦੀ ਅਦਾਕਾਰੀ ਬਹੁਤ ਸਲਾਹੁਣਯੋਗ ਰਹੀ ਹਾਲਾਂ ਕਿ ਆਵਾਜ਼-ਪ੍ਰਬੰਧ ਵਿੱਚ ਖਰਾਬੀ ਆ ਜਾਣ ਕਰਕੇ ਸਰੋਤਿਆਂ ਦੇ ਪਿਛਲੇ ਹਿੱਸੇ ਵਿੱਚ ਆਵਾਜ਼ ਬਹੁਤ ਘੱਟ ਪਹੁੰਚ ਰਹੀ ਸੀ। ਇੱਕ ਗੀਤ ਅਤੇ ਗੀਤ-ਨਾਚ ਤੋਂ ਬਾਅਦ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੱਲੋਂ ਬਾਬੂ ਰਜਬ ਅਲੀ ਦੀ ਲਿਖੀ ਕਵੀਸ਼ਰੀ "ਪੰਜ ਪਸਤੌਲਾਂ ਵਾਲੇ ਕਰਦੇ ਫਾਇਰ ਛਵੰਜੀ ਤੇ" ਪੇਸ਼ ਕੀਤੀ ਗਈ ਜਿਸਨੂੰ ਕਿ ਪਸੰਦ ਕਰਨ ਦਾ

ਸਰੂਤ ਲੋਕਾਂ ਨੇ ਤਾੜੀਆਂ ਮਾਰ ਮਾਰ ਕੇ ਦਿੱਤਾ। ਇਸਤੋਂ ਬਾਅਦ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਦਾ ਸ਼ਹੀਦ ਭਗਤ ਸਿੰਘ ਹੁਰਾਂ ਬਾਰੇ ਲਿਖਿਆ ਨਾਟਕ 'ਇਨਕਲਾਬ ਜ਼ਿੰਦਾਬਾਦ' ਬੜੀ ਕਾਮਯਾਬੀ ਨਾਲ ਖੇਡਿਆ ਗਿਆ। ਇਸ ਨਾਟਕ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਅੱਜ ਦੇ ਪੰਜਾਬ ਦੀਆਂ ਹਾਲਤਾਂ ਦੇ ਸੰਦਰਭ ਵਿੱਚ ਕੀਤੇ ਗਏ ਕੁਝ ਉਸਾਰੂ ਵਾਧੇ (Additions) ਨੂੰ ਲੋਕਾਂ ਨੇ ਖਾਸ ਤੌਰ ਤੇ ਬਹੁਤ ਪਸੰਦ ਕੀਤਾ। ਇਸ ਨਾਟਕ ਵਿੱਚ ਸਾਰੇ ਹੀ ਅਦਾਕਾਰਾਂ ਦੀ ਅਦਾਕਾਰੀ ਬੜੀ ਪ੍ਰਭਾਵਸ਼ਾਲੀ ਰਹੀ। ਉਪਰੰਤ ਸੁਰਿੰਦਰ ਰੰਧਾਵਾ ਵੱਲੋਂ ਗਾਏ ਗਏ ਸੰਤ ਰਾਮ ਉਦਾਸੀ ਦੇ ਗੀਤ "ਹਨੇਰੇ ਚੀਰ ਜਾਣਗੇ ਜੁੱਗਨੂੰ ਰੰਬੇ ਦਾਤੀਆਂ ਤੋਂ ਬਾਅਦ ਇਪਾਨਾ ਪ੍ਰਧਾਨ ਹਰਿੰਦਰ ਮਾਹਲ ਨੇ ਭਗਤ ਸਿੰਘ ਹੁਰਾਂ ਦੇ ਨਿਸ਼ਾਨਿਆਂ ਬਾਰੇ ਦੱਸਿਆ ਕਿਵੇਂ ਨਕਸਲਬਾੜੀ ਦੀ ਲਹਿਰ ਉਹਨਾਂ ਸ਼ਹੀਦਾਂ ਦੇ ਅਧੂਰੇ ਕਾਜ ਨੂੰ ਹੀ ਪੂਰਾ ਕਰਨ ਲਈ ਚੱਲੀ ਸੀ ਅਤੇ ਅੱਜ ਦੇ ਸਮੇਂ ਵੀ ਸ਼ਹੀਦਾਂ ਦੇ ਰਾਹ ਤੇ ਤੁਰਨ ਵਾਲਿਆਂ ਨੂੰ ਇਹ ਸਰਕਾਰ ਤਸੀਹੇ, ਲਾਠੀਆਂ ਅਤੇ ਗੋਲੀਆਂ ਨਾਲ ਹੀ ਨਿਵਾਜਦੀ ਹੈ। ਇਸਤੋਂ ਬਾਅਦ ਲੋਕ ਸੱਭਿਆਚਾਰਕ ਮੰਚ ਅਤੇ ਇਪਾਨਾ ਵੱਲੋਂ ਇੱਕਠ-ਰੂਪ ਪੰਜਾਬ ਦੀਆਂ ਅੱਜ ਦੀਆਂ ਹਾਲਤਾਂ ਬਾਰੇ ਪਾਸ ਕੀਤੇ ਗਏ ਮਤੇ ਪੜ੍ਹ ਕੇ ਸੁਣਾਏ ਗਏ।

ਸੰਤ ਰਾਮ ਉਦਾਸੀ ਦਾ ਗੀਤ "ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ" ਸੰਮੂਹ-ਗਾਣ ਦੇ ਰੂਪ ਵਿੱਚ ਗਾਇਆ ਗਿਆ ਅਤੇ ਅਖ਼ੀਰ ਵਿੱਚ ਬੱਚਿਆਂ ਦਾ ਭੰਗੜਾ ਪੇਸ਼ ਕੀਤਾ ਗਿਆ।

ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਤ ਕਰਨ ਲਈ ਲੱਗਭਗ 500 ਦੇ ਕਰੀਬ ਲੋਕ ਪ੍ਰੋਗਰਾਮ ਦੇਖਣ ਆਏ। ਸਭ ਤੋਂ ਵੱਧ ਸਲਾਹੁਣਯੋਗ ਗੱਲ ਇਹ ਸੀ ਕਿ ਸ਼ਹੀਦੀ-ਦਿਵਸ ਦੀ ਸੰਜੀਦਗੀ ਨੂੰ ਮੁੱਖ ਰਖਦਿਆਂ ਹੋਇਆਂ ਸਾਰੇ ਲੋਕਾਂ ਨੇ ਬੜੇ ਹੀ ਧਿਆਨ ਨਾਲ ਸਾਰਾ ਪ੍ਰੋਗਰਾਮ ਸੁਣਿਆ ਅਤੇ ਆਵਾਜ਼-ਪ੍ਰਬੰਧ ਵਿੱਚ ਖਰਾਬੀ ਆ ਜਾਣ ਦੇ ਬਾਵਜੂਦ ਵੀ ਸੰਮੂਹ ਲੋਕਾਂ ਨੇ ਠਰੰਮੇ ਨਾਲ ਸਾਥ ਦਿੱਤਾ ਅਤੇ ਸਮੁੱਚੇ ਤੌਰ ਤੇ ਸਾਰੇ ਪ੍ਰੋਗਰਾਮ ਨੂੰ ਪਸੰਦ ਕੀਤਾ। ਇਸੇ ਹੀ ਪ੍ਰੋਗਰਾਮ ਵਿੱਚ ਹਾਲ ਦੇ ਬਾਹਰ ਮੁੱਖ ਦਰਵਾਜ਼ੇ ਮੂਹਰੇ ਇਪਾਨਾ ਵੱਲੋਂ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਪਾਸੋਂ ਰੀਕਾਰਡ ਕੀਤੇ ਗਏ ਨਾਟਕਾਂ ਦੀ VIDEO CASSETTE ਵੇਚਣ ਲਈ ਸਟਾਲ ਲਗਾਈ ਗਈ ਅਤੇ ਕੁਝ ਸਾਥੀਆਂ ਵੱਲੋਂ ਵਤਨੋਂ ਛਪਦੇ ਇਨਕਲਾਬੀ ਜਮਹੂਰੀ ਪਰਚੇ 'ਸੁਰਖ-ਰੇਖਾ' ਦੀ ਜਾਣਕਾਰੀ ਕਰਵਾਉਂਦਾ ਇੱਕ ਹੱਥ ਪਰਚਾ (200 ਦੀ ਗਿਣਤੀ ਵਿੱਚ) ਵੰਡਿਆ ਗਿਆ।

ਭਾਵੇਂ ਇਹ ਪ੍ਰੋਗਰਾਮ ਸਮੁੱਚੇ ਤੌਰ ਤੇ ਉਸਾਰੂ ਅਤੇ ਸਫਲ ਪ੍ਰੋਗਰਾਮ ਕਿਹਾ ਜਾ ਸਕਦਾ ਹੈ ਪਰ ਫਿਰ ਵੀ ਇਸ ਵਿੱਚ ਕੁਝ ਪ੍ਰਬੰਧਕੀ ਤੇ ਤਕਨੀਕੀ ਤਰੁਟੀਆਂ ਵੀ ਜ਼ਰੂਰ ਰਹਿ ਗਈਆਂ ਅਤੇ ਇਤਰਾਜ਼ ਕਰਨਯੋਗ ਗਲਤ ਪੇਸ਼ਕਸ਼ਾਂ ਵੀ, ਜਿਸਦੀ ਕਿ ਉੱਤਮਵੀਂ ਉਦਾਹਰਣ ਸੀ ਭੰਗੜੇ ਦੀ ਆਈਟਮ (ਪੇਸ਼ਕਸ਼)। ਛੋਟੇ ਛੋਟੇ ਬੱਚਿਆਂ ਵੱਲੋਂ ਤਿਆਰ ਕੀਤਾ ਇਹ ਭੰਗੜਾ, ਉਨਾਂ ਬੱਚਿਆਂ ਅਤੇ ਤਿਆਰ ਕਰਵਾਉਣ ਵਾਲੇ ਵਿਅਕਤੀਆਂ ਦੀ ਭਰਪੂਰ ਮਿਹਨਤ ਦਾ ਸਿੱਟਾ ਸੀ ਪਰ, ਜਿਵੇਂ ਕਿ ਮੰਚ ਦੇ ਸਮੁੱਚੇ ਕਾਮਿਆਂ ਦੀ ਰਾਇ ਦੇ ਅਨੁਸਾਰ ਇਸ ਵਿੱਚ ਇਨਕਲਾਬੀ ਬੋਲੀਆਂ (ਸੁਖਪਾਲ ਅਤੇ ਜਸਵਿੰਦਰ ਦੀਆਂ ਲਿਖੀਆਂ ਹੋਈਆਂ) ਪਾਈਆਂ ਜਾਣੀਆਂ ਸਨ ਪਰ ਐਨ ਮੌਕੇ ਤੇ ਆ ਕੇ ਬੋਲੀਆਂ ਪਾਉਣ ਵਾਲੇ ਇੱਕ ਸ਼ਖਸ ਨੇ ਸੰਮੂਹ ਦੀ ਰਾਇ ਦੀਆਂ ਧੱਜੀਆਂ ਉਡਾਉਂਦੇ ਹੋਏ ਤੇ (ਅਨੁਸ਼ਾਸਨ ਦੀ) ਬਿਲਕੁੱਲ ਹੀ ਪ੍ਰਵਾਹ ਨਾ ਕਰਦੇ ਹੋਏ, ਨਿਹਾਇਤ ਹੀ ਗੰਦੀਆਂ, ਅਸ਼ਲੀਲ ਅਤੇ ਬੇਮਤਲਬ ਬੋਲੀਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਲੋਕ ਪੁਛਦੇ ਰਹੇ (ਅਤੇ ਉਨਾਂ ਦਾ ਪੁੱਛਣਾ ਬਣਦਾ ਵੀ ਹੈ) ਕਿ ਕੀ ਅਸੀਂ ਆਪਣੇ ਬੱਚਿਆਂ ਨੂੰ 'ਇਹੋ ਕੁਝ' (ਅਸ਼ਲੀਲਤਾ ਅਤੇ ਗੰਦੀ ਬੋਲੀ) ਹੀ ਸਿਖਾਉਣਾ ਹੈ!" ਜਿੱਥੇ ਚੰਗੇ ਨੂੰ ਸਲਾਹੁਣਾ ਬਣਦਾ ਹੈ, ਉੱਥੇ ਗਲਤ ਜਾਂ ਮਾੜੇ ਨੂੰ ਸਾਹਮਣੇ ਲਿਆਉਣਾ ਵੀ ਉਨਾਂ ਹੀ ਜ਼ਰੂਰੀ ਹੈ ਤਾਂ ਕਿ ਅਗਾਂਹ ਤੋਂ ਅਜਿਹਾ ਕੁਝ ਨਾ ਵਾਪਰੇ। ਪ੍ਰਬੰਧਕੀ ਅਤੇ ਤਕਨੀਕੀ ਤਰੁੱਟੀਆਂ ਦਾ ਇੱਕ ਕਾਰਣ ਆਪਸੀ ਤਾਲ-ਮੇਲ ਦੀ ਘਾਟ ਬਣੀ ਜਿਸਦਾ ਕਿ ਕਾਰਣ ਗਲਤ-ਰੁਝਾਨਾਂ ਦੀਆਂ ਬੇਅਸੂਲੀਆਂ ਅਤੇ ਬੇਦਲੀਲੀਆਂ ਜ਼ਿਦਬਾਜ਼ੀਆਂ ਬਣੀਆਂ।

ਆਓ, ਸ਼ਹੀਦਾਂ ਦੀ ਸੋਚ ਨਾਲ ਸਹਿਮਤ ਆਪਾਂ ਸਾਰੇ ਫਾਲਤੂ, ਨਿਜੀ ਜ਼ਿੱਦਬਾਜ਼ੀਆਂ ਤੋਂ ਉੱਪਰ ਉੱਠਕੇ, ਦਰੁਸਤ ਸੋਚ ਤੇ ਗਰਮ ਪਹਿਰਾ ਦਿੰਦੇ ਹੋਏ ਹੋਰ ਵੀ ਇੱਕਠੇ ਹੋ ਜੁੜੀਏ ਅਤੇ

'ਗੋਬਿੰਦ, ਬੱਬਰ, ਭਗਤ, ਸਰਾਭਾ
ਸੱਭਿਆਚਾਰਕ ਵਿਰਸਾ ਸਾਡਾ'

ਦਾ ਨਾਅਰਾ ਮਾਰਨ ਵਾਲਿਆਂ ਦੀ ਆਵਾਜ਼ ਵਿੱਚ ਆਪਣੀ ਆਵਾਜ਼ ਵੀ ਸ਼ਾਮਲ ਕਰਦੇ ਹੋਏ ਲੋਕਾਂ ਅੱਗੇ ਹੋਰ ਵੀ ਵਧੇਰੇ ਨਿੱਗਰ ਪ੍ਰੋਗਰਾਮ ਰੱਖੀਏ।

---

ਸਫ਼ਾ 35 ਦੀ ਬਾਕੀ...

ਲੇਖਕ ਬੜਾ ਵਧੀਆ ਸਾਹਿਤ ਸਿਰਜ ਰਹੇ ਹਨ। ਬਿੱਲ ਐਸ਼ ਜੋ ਬੀ ਬੀ ਸੀ ਦੇ ਲਈ ਕੰਮ ਕਰਦੇ ਹਨ ਹੁਰਾਂ ਕਿਹਾ ਕਿ ਉਹ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਨੂੰ ਰੇਡੀਓ, ਟੀ ਵੀ ਤੇ ਨਾਟਕਾਂ ਰਾਹੀਂ ਅੱਗੇ ਲੈ ਕੇ ਜਾਣਗੇ। ਕੌਂਸਲਰ ਰਣਜੀਤ ਧੀਰ ਅਤੇ ਸਵਰਨ ਚੰਦਨ ਹੁਰਾਂ ਪੇਪਰ ਪੜੇ ਜੋ ਗਲਬਾਤ ਦਾ ਸ਼ਾਨਦਾਰ ਵਿਸ਼ਾ ਬਣੇ। ਧੀਰ ਨੇ ਕਿਹਾ ਕਿ ਪੰਜਾਬੀ ਲੇਖਕਾਂ ਨੂੰ ਬਰਤਾਨਵੀ ਭਾਈਚਾਰੇ ਨਾਲ ਕਲਚਰਲ ਸਾਂਝ ਪੈਦਾ ਕਰਨ ਲਈ ਜਤਨ ਕਰਨੇ ਚਾਹੀਦੇ ਹਨ ਜਿਸਦਾ ਵਧੀਆ ਸਾਧਨ ਪੰਜਾਬੀ ਕਿਰਤਾਂ ਦਾ ਅਨੁਵਾਦ ਹੈ। ਸਵਰਨ ਚੰਦਨ ਨੇ ਇਸ ਗਲ ਤੇ ਜੋਰ ਦਿਤਾ ਕਿ ਉਹੀ ਬਰਤਾਨਵੀ ਸਾਹਿਤ ਅਨੁਵਾਦਿਆਂ ਜਾਣਾ ਚਾਹੀਦਾ ਹੈ ਜਿਹੜਾ ਇਥੋਂ ਦੇ ਮਸਲਿਆਂ ਦੀ ਰਗ ਤੇ ਹੱਥ ਰਖਦਾ ਹੈ। ਜਾਂਗਲੀ ਨੇ ਕਿਹਾ ਕਿ ਜੇ ਅੰਗਰੇਜ਼ੀ ਲੇਖਕਾਂ ਦੇ ਅਨੁਵਾਦ ਹੋਰਾਂ ਭਾਸ਼ਾਵਾਂ 'ਚ ਮਿਲ ਸਕਦੇ ਹਨ ਪੰਜਾਬੀ ਸਾਹਿਤ ਦਾ ਅਨੁਵਾਦ ਹੋਰ ਭਾਸ਼ਾਵਾਂ ਵਿਚ ਕਿਉਂ ਨਾ ਹੋਵੇ। ਹੋਰਨਾਂ ਤੋਂ ਇਲਾਵਾ ਇਸ ਬਹਿਸ ਵਿਚ ਬੈਰਿਲ ਧੰਜਲ, ਅਮਰਜੀਤ ਚੰਦਨ, ਜੋਗਿੰਦਰ ਸ਼ਮਸ਼ੇਰ, ਹਰਜੀਤ ਦੌਧਰੀਆ, ਹਰਦੀਪ ਦੂਹੜਾ ਅਤੇ ਰਣਜੀਤ ਰਾਏ ਨੇ ਵੀ ਹਿੱਸਾ ਲਿਆ।

ਕਹਾਣੀ :

# ਸੰਨ ਸੰਤਾਲੀ

ਅਵਤਾਰ ਗਿੱਲ

ਰਾਤ ਅੱਧੀ ਦੇ ਲਾਗੇ ਪਹੁੰਚ ਚੁੱਕੀ ਸੀ। ਰਤਨਾ ਸੋਚਾਂ ਦੇ ਸਮੁੰਦਰ ਵਿਚ ਗੋਤੇ ਖਾ ਰਿਹਾ ਸੀ। ਜਾਵੇ ਤਾਂ ਕਿਥੇ ? ਕਰੇ ਤਾਂ ਕੀ ? ਉਹਦੀ ਸਮਝ ਵਿਚ ਨਹੀਂ ਸੀ ਆਉਂਦਾ। ਕਰਮੋ ਦਾ ਹਾਲ ਉਹਦੇ ਨਾਲੋਂ ਵੀ ਵਧੇਰੇ ਤਰਸਜੋਗ ਸੀ। ਰੋ ਰੋ ਕੇ ਉਹਨੇ ਅੱਖਾਂ ਦਾ ਬੁਰਾ ਹਾਲ ਕਰ ਰੱਖਿਆ ਸੀ।

ਦੀਪੂ ਸਵੇਰ ਦਾ ਸਕੂਲ ਗਿਆ ਅਜੇ ਤੱਕ ਨਹੀਂ ਸੀ ਪਰਤਿਆ। ਅੱਗੇ ਉਹ ਅੱਧੀ ਛੁੱਟੀ ਵੇਲੇ ਘਰ ਆ ਕੇ ਰੋਟੀ ਖਾ ਜਾਂਦਾ ਸੀ। ਪਰ ਅੱਜ ਤਾਂ ਅੱਧੀ ਰਾਤ ਗਈ ਤੱਕ ਵੀ ਘਰ ਮੋੜਾ ਨਹੀਂ ਸੀ ਪਾਇਆ ਉਹਨੇ। ਉਹਨੂੰ ਸਕੂਲੇ ਤਾਲਣ ਗਿਆ ਉਹਦਾ ਬਾਬਾ ਵੀ ਅਜੇ ਤੱਕ ਨਹੀਂ ਸੀ ਮੁੜਿਆ। ਰਤਨਾ ਤਰਕਾਲਾਂ ਤੋਂ ਕਈ ਗੇੜੇ ਮਾਰ ਚੁੱਕਾ ਸੀ। ਸਕੂਲ ਦੀ ਅਧਢੱਠੀ ਹਵੇਲੀ ਨੁਮਾ ਇਮਾਰਤ ਜਬਾੜ੍ਹਾ ਅੱਡੀ ਖਾਣ ਨੂੰ ਆਉਂਦੀ ਸੀ। ਰਾਤ ਆਪਣੇ ਆਪ ਵਿਚ ਇਕ ਭਿਆਨਕ ਡੈਣ ਦਾ ਰੂਪ ਧਾਰੀ ਬੈਠੀ ਸੀ।

ਜਿਸ 'ਹੋਣੀ' ਤੋਂ ਡਰਦਾ ਰਤਨਾ ਆਪਣੀ ਧੀ ਪਾਰੋ, ਕਰਮੋ, ਦੀਪੂ ਅਤੇ ਆਪਣੇ ਬਾਪ ਨੂੰ ਪਿੰਡੋਂ ਬਾਹਰ ਨਹੀਂ ਸੀ ਨਿਕਲਣ ਦਿੰਦਾ, ਉਹੀ 'ਹੋਣੀ' ਅੱਜ ਉਹਨੂੰ 'ਭਾਣਾ' ਵਰਤਾ ਚੁੱਕੀ ਜਾਪਦੀ ਸੀ। ਉਹ ਵਿਚਾਰਾਂ ਦੇ ਵਹਿਣ ਵਿਚ ਰੁੜ੍ਹਿਆ ਜਾ ਰਿਹਾ ਸੀ,–

'ਮੇਰੇ ਮਾਸੂਮ ਬੱਚੇ ਨੇ ਕਿਸੇ ਦਾ ਕੀ ਵਿਗਾੜਿਆ ਸੀ ?......... ਵਿਗਾੜਿਆ ਤਾਂ ਬਾਪੂ ਨੇ ਵੀ ਕਿਸੇ ਦਾ ਕੁਛ ਨਈਂ ਸੀ, ਜਿਹੜਾ ਉਹਨੂੰ ਭਾਲਣ ਗਿਆ ਨਹੀਂ ਮੁੜਿਆ।' ਇਹ ਖਿਆਲ ਆਉਂਦਿਆਂ ਹੀ ਰਤਨਾ ਮੱਥੇ ਤੇ ਦੁਹੱਥੜੀ ਮਾਰਕੇ ਧਾਹਾਂ ਮਾਰਨ ਲੱਗ ਪੈਂਦਾ। ਹਾਲੋਂ ਬੇਹਾਲ ਹੋਇਆ ਉਹ ਸੁੱਧ ਬੁੱਧ ਭੁੱਲ ਜਾਂਦਾ।

ਪਿਉ ਦਾ ਵਿਰਲਾਪ ਸੁਣ ਕੇ ਪਾਰੋ ਜਾਗ ਪਈ। ਅੱਖਾਂ ਮਲਦੀ ਹੋਈ ਉੱਠ ਬੈਠੀ। ਇਹ ਰੋਣਾ-ਧੋਣਾ ਉਹਦੀ ਸਮਝ ਤੋਂ ਬਾਹਰ ਸੀ। ਕਰਮੋ ਉਹਨੂੰ ਬੇਸੁੱਧੀ ਵਿਚ ਕਲੇਜੇ ਨਾਲ ਘੁੱਟ ਕੇ ਥਾਪੜਨ ਲਗ ਪਈ – 'ਮੈਂ ਜਾਂ ਮੇਰੀ ਬੇਟੀ, ਮੈਂ ਜਾਂ ਮੇਰੀ ਰਾਣੀ।' ਤੇ ਫਿਰ ਕਿੰਨੇ ਚਿਰ ਬਾਦ ਧੀ ਨੂੰ ਸੌਂ ਗਈ ਸਮਝ ਕੇ ਅਤਿ ਨਿਰਾਸਤਾ ਦੀ ਹਾਲਤ ਵਿਚ ਰਤਨੇ ਨੂੰ ਆਖਣ ਲੱਗੀ, "ਪਾਰੋ ਦੇ ਤਾਈਆ, ਮੈਨੂੰ ਕੀ ਪਤਾ ਸੀ ਮੇਰਾ ਪੁੱਤ ਮੇਰੇ ਹੱਥਾਂ ਵਿਚੋਂ ਖੋਹ ਲਿਆ ਜਾਵੇਗਾ।......... ਅਜੇ ਪਰਸੋਂ ਦੀ ਗੱਲ ਐ, ਚੰਦੋ ਦੇ ਬੜੇ ਮੁੰਡੇ ਨੂੰ ਮੁਸਲਮਾਨਾਂ ਨੇ ਵੱਢਕੇ ਫਲ੍ਹਾਹੀਆਂ ਵਾਲੇ ਖੂਹ ਵਿਚ ਸੁੱਟ ਦਿੱਤਾ। ਮੈਂ ਬੜਾ ਸਿਰ ਖਪਾਇਆ ਪਾਰੋ ਦੇ ਤਾਈਆ! ਨਾ ਜਾਹ ਮਦਰਸੇ ਮੇਰਾ ਲਾਲ, ਕੁਛ ਨਈਂ ਬਣਿਆ ਇਨ੍ਹਾਂ ਨਿੱਜ ਹੋਣੀਆਂ ਪੜ੍ਹਾਈਆਂ ਬੁਣੇਂ। ਪਰ...... ਪਰ ਮੇਰੇ ਦੀਪੂ ਮਾਰੇ ਨੇ ਇਕ ਨੀ ਮੰਨੀ। ਆਹਣ ਲੱਗਾ – ਅੰਮੀ ਐਵੇਂ ਨਾ ਦਿਲ ਢਾਇਆ ਕਰ। ਕੋਈ ਨੀ ਮਾਰਦਾ ਮੈਨੂੰ। ਮੈਨੂੰ ਮਾਰਕੇ ਕਿਸੇ ਨੇ ਕੀ ਲੈਣਾ ?...... ਉਸ ਵਿਚਾਰੇ ਨੂੰ ਕੀ ਪਤਾ ਸੀ ਇਹ ਭਾਣਾ.....?' ਹਟਕੋਰੇ ਲੈਂਦੀ ਕਰਮੋ ਕਹਿੰਦੀ ਗਈ। ਖਿਆਲਾਂ ਦੀ ਖੱਡ 'ਚ ਖੁੱਭਾ ਰਤਨਾ ਬੇਹਰਕਤ ਹੋਇਆ ਸੁਣਦਾ ਗਿਆ। ਮਨ ਉਹਦੇ ਵਿਚ ਅਜੀਬ ਕਿਸਮ ਦੀ ਉੱਥਲ-ਪੁੱਥਲ ਹੋ ਰਹੀ ਸੀ। ਦੁਪੱਟੇ ਨਾਲ ਅੱਖਾਂ ਪੂੰਝਦਿਆਂ ਕਰਮੋ ਨੇ ਤਰਲਾ ਲਿਆ, "---- ਅਜੇ ਵੀ ਵੇਲਾ ਐ ਪਾਰੋ ਦੇ ਤਾਈਆ। ਜਿਵੇਂ ਕਿਵੇਂ ਇਸ ਕੰਨਿਆਂ ਦੇਵੀ ਨੂੰ ਬਚਾ ਲੈ। ਚੌਥ ਰਾਮੇ ਕਿਆਂ ਦੇ ਅੰਬਰਸਰ ਜਾ ਵੜੇ ਐ, ਕੱਲ੍ਹ ਬਤਨਸਿੰਹੁ ਕੇ। ਸਾਨੂੰ ਢਾਈਆਂ ਟੋਟਰੂਆਂ ਨੂੰ ਠਾਹਰ ਨਾ ਮਿਲੂਗੀ ਉਥੇ ? ਨਿੱਕਲ ਚਲ ਜਿੰਨਾ ਛੇਤੀ ਹੁੰਦਾ ਐ ਇਥੋਂ---- ਨਿੱਕਲ ਚਲ.....
.. ਨਿੱਕਲ ਚਲ......।'

ਹੁਣ ਨਾ ਕਰਮੋ ਨੂੰ ਪਤਾ ਸੀ ਕਿ ਉਹ ਕੀ ਕਹਿ ਰਹੀ ਸੀ ਤੇ ਨਾ ਰਤਨੇ ਨੂੰ ਪਤਾ ਸੀ ਕਿ ਉਹ ਕੀ ਸੁਣ ਰਿਹਾ ਸੀ। ਪਿਉ ਅਤੇ ਪੁੱਤ ਬਿਨਾਂ ਰਤਨੇ ਦੀ ਦੁਨੀਆਂ ਸੁੰਨੀ ਸੁੰਨੀ ਹੋ ਗਈ ਸੀ। ਓਹੀ ਘਰ-ਹਵੇਲੀ ਜਿਸ ਵਿਚ ਉਹਨੇ ਨੇ ਬਚਪਨ ਅਤੇ ਜਵਾਨੀ ਬਿਤਾਏ ਸਨ, ਅਜ ਸ਼ਮਸ਼ਾਨ ਭੂਮੀ ਵਰਗਾ ਡਰਾਉਣਾ ਰੂਪ ਧਾਰਨ ਕਰੀ ਬੈਠੇ ਸਨ। ਚੰਨ ਜਿਹੇ ਲਾਡਲੇ ਪੁੱਤਰ ਦਾ ਵਿਛੋੜਾ ਉਹਨੂੰ ਵਾਰ ਵਾਰ ਪੱਛ ਰਿਹਾ ਸੀ। ਜੇ ਅਜੇ ਵੀ ਉਹਦੇ ਹੱਠ ਨੂੰ ਢਾਹ ਨਹੀਂ ਸੀ ਵੱਜੀ ਤਾਂ ਸ਼ਾਇਦ ਉਹਦੇ ਜਿਗਰੀ ਯਾਰ ਅਹਿਮਦ ਦੇ ਇਨ੍ਹਾਂ ਤਰਲਿਆਂ ਕਰਕੇ,–

"ਖ਼ੁਦਾ ਦੀ ਕਸਮ ਐ ਰਤਨਿਆਂ! ਦੁਨੀਆਂ ਛੱਡ ਜਾਵੇ ਮੈਨੂੰ, ਤੂੰ ਨਾ ਛੱਡੀਂ। ਜਿਸ ਦਿਨ ਤੂੰ ਚਲਾ ਗਿਉਂ ਮੇਰੇ ਯਾਰ, ਜਿਉਣ ਦਾ ਹੱਜ ਮੇਰਾ ਵੀ ਨਹੀਂ। ਮੈਂ ਇਨ੍ਹਾਂ ਫਸਲਾਂ ਨੂੰ..... ਇਨ੍ਹਾਂ ਚਰਾਂਦਾਂ ਨੂੰ...... ਤੇਰੀ ਇਸ ਜੰਮਣ ਭੋਂ ਨੂੰ ਕਿਹੜਾ ਮੂੰਹ ਦਿਖਾਵਾਂਗਾ ?...... ਇਕ ਵਾਰ ਦੱਸ ਤਾਂ ਸਹੀ ?---- ਖ਼ਤਰਾ ?----- ਕਾਹਦਾ ਖਤਰਾ ?---- ਪਰਵਾਹ ਨਾ ਕਰ ਝੱਲਿਆ, ਤੇਰੀ ਛਾਂ ਵਲ ਵੀ ਕੋਈ ਦੇਖ ਨਹੀਂ ਸਕਦਾ। ਤੇਰੇ ਤੱਕ ਕੋਈ ਪਹੁੰਚੂਗਾ, ਮੇਰੀ ਲਾਸ਼ ਦੇ ਉਤੋਂ ਦੀ।"

ਹੋ ਰਹੀ ਗੜਬੜ ਤੋਂ ਨਿਰਲੇਪ ਰਹਿਣ ਲਈ ਅਹਿਮਦ ਹੌਸਲਾ ਦਿੰਦਾ, 'ਓ ਤੂੰ ਬੇਖ਼ੌਫ਼ ਰਹੁ ਰਤਨਿਆਂ! ਇਹ ਰੌਲਾ ਰੱਪਾ ਤਾਂ ਚੰਦ ਦਿਨਾਂ ਦਾ ਵਾ-ਵਰੋਲਾ ਐ, ਫਿਰ ਆਪੇ ਸਭ ਠੀਕ ਹੋ ਜਾਊ। ਤੂਫ਼ਾਨੋਂ ਬਾਅਦ ਸਮੁੰਦਰ ਸ਼ਾਂਤ ਹੋ ਜਾਂਦੈ, ਇਹ ਕਿਹੜੀ ਗੱਲ ਆ।'

'ਉਫ਼! ਸਭ ਕੁਛ ਸਮੇਟ ਕੇ ਸ਼ਾਂਤ ਹੋਇਆ ਸਮੁੰਦਰ ਤਾਂ ਕੀ ਹੋਇਆ!' ਰਤਨੇ ਦੇ ਸੀਨਿਉਂ ਚੀਸ ਨਿਕਲੀ। ਉਹਨੇ ਝੁਣਝੁਣੀ ਲੈ ਕੇ ਆਪਾ ਝੰਜੋੜਿਆ। ਰਾਤ ਅੱਧੀਉਂ ਟੱਪ ਚੁੱਕੀ ਸੀ। ਇਸੇ ਵੇਲੇ ਧਰਤ ਹਿਲਾਊ ਨਾਅਰਾ ਗੂੰਜਿਆ,–

'ਨਾਅਰਾ ਏ ਤਕਬੀਰ!
ਅੱਲਾਹ ਹੂ ਅਕਬਰ!!'

ਅਵਾਜ਼ ਲਹਿੰਦੇ ਵਲੋਂ ਆਈ ਸੀ। ਰਤਨੇ ਨੇ ਕੋਠੇ 'ਤੇ ਚੜ੍ਹ ਕੇ ਦੇਖਿਆ – ਭਾਈ ਚਤਰ ਸੂੰਹ ਦਾ ਘਰ ਅੱਗ ਦੀ ਲਪੇਟ ਵਿਚ ਸੀ। ਅੱਠ ਦਸ ਸਿਰੇ ਫਿਰੇ ਰੌਲ ਖੜ੍ਹੇ ਖਿੱਲੀ ਪਾ ਰਹੇ ਸਨ। ਦੇਖਦਿਆਂ ਹੀ ਦੇਖਦਿਆਂ ਅੱਗ ਦੇ ਭਾਂਬੜ ਉੱਠੇ ਹੋ ਗਏ।

'ਭਾਈ ਦੇ ਪਰਿਵਾਰ ਦਾ ਕੀ ਬਣਿਆਂ ਹੋਊ ?' ਸੋਚ ਕੇ ਰਤਨਾ ਧੁਰ ਅੰਦਰ ਤੱਕ ਕੰਬ ਗਿਆ। ਹੋਸ਼-ਬਿਹੋਸ਼ੀ ਦੀ ਰਲਵੀਂ-ਮਿਲਵੀਂ ਹਾਲਤ ਵਿਚ ਉਹਦੇ ਕੰਨੀਂ ਆਵਾਜ਼ ਪਈ,— ਹੋ ਲਓ ਹੁਣ ਲਗਦੇ ਹੱਥੀਂ ਔਧਰ ਵੀ।'

"ਫੂਕ ਦਿਉ ਫੱਟੇ ਧੱਗਿਉ ਸ਼ੇਰੋ, ਦੇਖਦੇ ਕੀ ਆਂ।" ਇਕ ਹੋਰ ਬੋਲਿਆ। ਉਨ੍ਹਾਂ ਦਾ ਇਸ਼ਾਰਾ ਰਤਨੇ ਦੇ ਘਰ ਵਲ ਸੀ।

"ਖ਼ਬਰਦਾਰ ਬਦਮਾਸ਼ੋ।------ ਬੰਦ ਕਰੋ ਇਹ ਖ਼ੂਨੀ ਖੇਡ---- ਭਰਾ ਨਾਲੋਂ ਭਰਾ ਨੂੰ ਵਿਛੋੜਨਾ ਚਾਹੁੰਦੇ ਓ ਤੁਸੀਂ ?-----ਲੱਖ ਲਾਹਨਤ ਐ------।" ਇਹ ਆਵਾਜ਼ ਰਤਨੇ ਦੇ ਮਿੱਤਰ ਅਹਿਮਦ ਦੀ ਸੀ।

ਫਿਰ ਕੀ ਸੀ, ਭੂਤਰੀ ਹੋਈ ਜੁੰਡਲੀ ਉਹਦੇ 'ਤੇ ਟੁੱਟ ਪਈ। ਕਾਹਲੀ ਕਾਹਲੀ ਪੌੜੀ ਉਤਰਦਾ ਰਤਨਾ ਪੌੜਿਆਂ ਵਿਚ ਉਲਝਦਾ ਭੁੰਜੇ ਆ ਡਿਗਿਆ। ਬਾਹੋਂ ਫੜਕੇ ਕਰਮੋ ਨੇ ਉਠਾਇਆ। ਉਹਦੇ ਬਾਹਰ ਆਉਣ ਤਕ ਵਹਿਸ਼ੀ ਦਰਿੰਦੇ ਦੌੜ ਚੁੱਕੇ ਸਨ।

'ਅਹਿਮਦ ਮਾਰ ਦਿੱਤਾ' ਦੀ ਖ਼ਬਰ ਇਕ ਦਮ ਸਾਰੇ ਪਿੰਡ ਵਿਚ ਹਨੇਰੀ ਬਣ ਕੇ ਫੈਲ ਗਈ। ਅਹਿਮਦ ਦੇ ਭਰਾ ਬਰਛੇ ਕੱਢਕੇ ਆ ਗਏ। ਕਾਤਲ ਹਨੇਰੇ ਵਿਚ ਜਾ ਛੁਪੇ।

ਅਹਿਮਦ ਦੀ ਲਹੂ-ਲੁਹਾਣ ਲਾਸ਼ ਦੇਖ ਕੇ ਰਤਨੇ ਦਾ ਕਾਲਜਾ ਪਾਟਣ ਆ ਗਿਆ। ਉਹ ਦੁਹੱਥੜੀਆਂ ਮਾਰ ਕੇ ਪਿੱਟ ਉਠਿਆ। ਯਾਰ ਦੇ ਸੀਨੇ ਤੇ ਸਿਰ ਰਖ ਕੇ ਉਹਨੇ ਉਹ ਵੈਣ ਪਾਏ ਕੇ ਧਰਤੀ ਫਟਣ ਨੂੰ ਕਰਦੀ ਸੀ।

'ਮਾਫ਼ ਕਰੀਂ ਮਿੱਤਰਾ।------ ਮਜਬੂਰ ਆਂ।' ਰਤਨੇ ਨੇ ਸਿਸਕੀਆਂ ਲੈਂਦਿਆਂ ਕਿਹਾ। ਮਜ਼ਹਬੀ ਵੰਡਾਂ ਨੇ ਉਹਨੂੰ ਜਨਮਭੂਮੀ ਛੱਡਣ ਲਈ ਮਜਬੂਰ ਕਰ ਦਿੱਤਾ ਸੀ। ਉਹਨੇ ਅਹਿਮਦ ਦਾ ਮੱਥਾ ਚੁੰਮਿਆਂ, ਆਪਣੀ ਪਗੜੀ ਨਾਲ ਉਹਦੀ ਲਾਸ਼ ਨੂੰ ਢੱਕਿਆ ਤੇ ਅੱਖਾਂ ਮੁੰਦ ਲਈਆਂ।----

ਅਹਿਮਦ ਦੇ ਭਰਾ ਰਤਨੇ ਦੇ ਬਚੇ ਖੁਚੇ ਪਰਿਵਾਰ ਨੂੰ ਲਾਹੌਰੋਂ ਪਿਰੇ ਤੱਕ ਛਡ ਗਏ।-----

ਜਿਸ ਵੇਲੇ ਸਾਰੇ ਮੁਲਕ ਉਤੇ ਮਜ਼ਹਬੀ ਹਨੇਰੀ ਝੁੱਲ ਰਹੀ ਸੀ; ਧਰਮ-ਪ੍ਰਸਤਾਂ ਉਤੇ ਆਪੋ ਆਪਣੇ ਧਰਮ ਦਾ ਭੂਤ ਸਵਾਰ ਹੋ ਚੁੱਕਾ ਸੀ। ਕਰੋੜਾਂ ਲੋਕ ਘਰੋਂ ਬੇਘਰ ਹੋਏ ਫਿਰਦੇ ਸਨ। ਲੱਖਾਂ ਮਾਵਾਂ ਦੇ ਪੁੱਤ, ਭੈਣਾਂ ਦੇ ਭਰਾ ਕਤਲ ਕੀਤੇ ਜਾ ਰਹੇ ਸਨ। ਘਰਾਂ ਦੇ ਘਰ, ਮੁਹੱਲਿਆਂ ਦੇ ਮੁਹੱਲੇ, ਪਿੰਡਾਂ ਦੇ ਪਿੰਡ ਸਾੜੇ ਫੂਕੇ ਜਾ ਰਹੇ ਸਨ, ਉਸ ਵੇਲੇ----- ਉਸ ਵੇਲੇ ਇਸ ਸਾਰੇ ਕੁਝ ਦੇ ਜ਼ਿੰਮੇਵਾਰ ਨੇਤਾ, ਵਜ਼ੀਰੀਆਂ ਦੀ ਵੰਡ-ਸਾਂਝ ਵਿਚ ਮਸਤ ਸਨ। ਕੋਈ ਕਿਸੇ ਦੀ ਸਾਰ ਨਹੀਂ ਸੀ ਲੈ ਰਿਹਾ। ਬੜੇ ਤਿਆਨਕ ਦਿਨ ਸਨ ਉਹ, ਬੜੀਆਂ ਡਰਾਉਣੀਆਂ ਰਾਤਾਂ। ਚਾਰੇ ਪਾਸੇ ਮਾਰ-ਵੱਢ, ਸਾੜ-ਫੂਕ ਤੇ ਚੀਕ-ਚਿਹਾੜਾ। ਹਾਹਾਕਾਰ ਮੱਚੀ ਹੋਈ ਸੀ, ਸੁਣਨ ਵਾਲਾ ਕੋਈ ਨਹੀਂ ਸੀ।-----

ਛਾਈਆਂ ਕੁ ਦਿਨਾਂ ਬਾਦ ਤ੍ਰਾਹ ਤ੍ਰਾਹ ਕਰਦਾ ਰਤਨੇ ਦਾ ਟੱਬਰ ਇਕ ਕਾਫਲੇ ਨਾਲ ਰਲਕੇ ਅੰਮ੍ਰਿਤਸਰ ਪਹੁੰਚ ਗਿਆ।----

'ਬੋਲੇ ਸੋ ਨਿਹਾਲ,

ਸਾ ਸ੍ਰੀ-----, ਅਸਮਾਨ ਕੰਬਾਊ ਜੈਕਾਰਾ ਗੱਜਿਆ। ਸਿਰ ਫਿਰੇ ਜਨੂੰਨੀਆਂ ਦਾ ਇਕ ਟੋਲਾ ਮੁਸਲਮਾਨਾਂ ਦੇ ਘਰ 'ਤੇ ਟੁੱਟਪਿਆ।

"ਮਾਣਸਖਾਣੇ ਇੱਥੇ ਕਿਹੜਾ ਘੱਟ ਐ ਪਾਰੋ ਦੇ ਤਾਈਆ," ਸਹਿਮੀ ਹੋਈ ਕਰਮੋ ਬੋਲੀ "ਹੇੜ੍ਹਾਂ ਦੀਆਂ ਹੇੜ੍ਹਾਂ ਫਿਰਦੀਆਂ ?"

"ਵਾ ਈ ਪੁੱਠੀ ਵਗ ਗਈ ਦੀਪੂ ਦੀ ਮਾਂ," ਰਤਨਾ ਬੋਲਿਆ, "ਮਜ਼ਬੀ ਸਗ਼ਿਆਂਦ ਨੇ ਲੋਕਾਂ ਦੇ ਮਗਜ਼ ਖ਼ਰਾਬ ਕਰ ਦਿੱਤੇ ਐ। ਬੰਦਾ ਬੰਦੇ ਦਾ ਵੈਰੀ ਬਣਿਆਂ ਫਿਰਦਾ।"

"ਇਹ ਵੱਢ-ਟੁੱਕ ਕਿੰਨਾ ਚਿਰ ਚੱਲੂ ?"

"ਜਿੰਨਾ ਚਿਰ ਇਨ੍ਹਾਂ ਤੇੜੂਆਂ ਦੇ ਸਿਰਾਂ ਵਿਚੋਂ ਗੰਦਾ ਖ਼ੂਨ ਨਈਂ ਮੁੱਕਦਾ।"

"ਬੜੀ ਤਬਾਹੀ ਹੋਊ ਫੇਰ ਤਾਂ ?"

"ਜਦੋਂ ਕੂੜ-ਕੁਸੱਤ ਪ੍ਰਧਾਨ ਹੋ ਜਾਏ, ਤਬਾਹੀ ਤਾਂ ਹੋਣੀ ਈ ਹੋਈ।"

"ਆਹ ਜਿਹੜੇ ਚਾਂਗਰਾਂ ਜੇਹੀਆਂ ਮਾਰਦੇ ਫਿਰਦੇ ਐ, ਮੈਂ ਨਈਂ ਕਹਿੰਦੀ ਇਨ੍ਹਾਂ ਦਾ ਕੋਈ ਮਰਿਆ ਹੋਊ ?"

"ਮਰਦੇ ਤਾਂ ਅਣਤੋਲ ਐ, ਤੇਰੇ ਮੇਰੇ ਅਰਗੇ। ਸ਼ੈਤਾਨ ਤਾਂ ਝਰੀਟ ਵੀ ਨਈਂ ਆਉਣ ਦਿੰਦੇ।"

"ਅਹਿਮਦ ਵਿਚਾਰਾ ਸਾਨੂੰ ਬਚਾਉਂਦਾ ਬਚਾਉਂਦਾ-----।"

ਅਹਿਮਦ ਦੀ ਯਾਦ ਆਉਣ ਨਾਲ ਰਤਨਾ ਗੁੰਮਸੁੰਮ ਜਿਹਾ ਹੋ ਗਿਆ।

ਰਤਨੇ ਨੇ ਅੰਮ੍ਰਿਤਸਰ ਦੇ ਸਾਰੇ ਕੈਂਪ ਗਾਹ ਮਾਰੇ। ਉਹਨੂੰ ਇਸ ਤੋਂ ਵੱਧ ਕੋਈ ਪਤਾ ਨਾ ਲੱਗ ਸਕਿਆ ਕਿ ਗੋਰੇ ਰੰਗ ਦੇ 14-15 ਸਾਲਾਂ ਦੇ ਇਕ ਮੁੰਡੇ ਨੂੰ ਕੋਈ ਪਠਾਣ ਮਸਾਣੀਂ ਦੇ ਸਕੂਲੋਂ ਘੋੜੇ ਤੇ ਬਿਠਾ ਕੇ ਲੈ ਗਿਆ ਸੀ। ਬਾਦ ਵਿਚ ਉਸ ਮੁੰਡੇ ਨਾਲ ਕੀ ਬੀਤੀ, ਕਿਸੇ ਨੂੰ ਕੋਈ ਪਤਾ ਨਹੀਂ ਸੀ। ਬਾਪੂ ਵਾਰੇ ਰਤਨੇ ਨੂੰ ਕੋਈ ਉੱਘ-ਸੁੱਘ ਨ ਮਿਲੀ। ਜਿਹੜੀ ਮਾੜੀ ਮੋਟੀ ਉਹਦੇ ਦਿਲ ਵਿਚ ਆਸ ਦੀ ਥਾਂ ਸੀ, ਉਹ ਵੀ ਨਿਰਾਸਤਾ ਨੇ ਮੱਲ ਲਈ।

ਉਹ ਡੱਕੋ ਡੋਲੇ ਖਾਂਦਾ ਤੁਰਿਆ ਫਿਰਦਾ ਸੀ। ਪੁੱਤਰ ਦੇ ਭਵਿੱਖ ਵਾਰੇ ਚਿੱਤਰੇ ਹੋਏ ਸੁਪਨੇ ਉਹਨੂੰ ਵਿਆਕੁਲ ਕਰੀ ਜਾ ਰਹੇ ਸਨ। ਉਹਨੂੰ ਯਾਦ ਆ ਰਿਹਾ ਸੀ, ਕਿਵੇਂ ਉਹ ਪੁੱਤਰ ਨੂੰ ਬੁੱਕਲ ਵਿਚ ਲੈ ਕੇ ਕਰਮੋ ਨੂੰ ਕਿਹਾ ਕਰਦਾ ਸੀ, "ਦੀਪੂ ਦੀ ਮਾਂ, ਮੈਂ ਤਾਂ ਆਪਣੇ ਲਾਲ ਨੂੰ ਬਾਰਾਂ ਚੌਦਾਂ ਜਮੈਤਾਂ ਪਾਸ ਕਰਾ ਕੇ ਮਾਹਟਰ ਬਣਾਊਂਗਾ। ਫੇਰ ਦੇਖੇਂਗੀ ਕਿਮੇਂ ਖੁਰਸੀ 'ਤੇ ਬਹਿ ਕੇ ਜੁਆਕਾਂ ਨੂੰ ਸਬਕ ਦਿਆ ਕਰੂਗਾ ਮੇਰਾ ਦੀਪੂ ਰਾਜਾ। ਕੋਟ ਪਤਲੂਣ ਪਾ ਕੇ ਸਕੂਲ ਜਾਂਦੇ ਨੂੰ ਲੋਕੀਂ ਆਖਿਆ ਕਰਨਗੇ — ਔਹ ਦੇਖੋ ਜਾਂਦਾ ਰਤਨ ਸ਼ੂਹ ਦਾ ਮੁੰਡਾ। ਮੈਂ----ਤੇ ਫੇਰ ਮੈਂ ਹੋਰ ਗਿੱਠ ਚੌੜਾ ਹੋ ਜਾਇਆ ਕਰੂੰਗਾ।"

ਸੱਧਰਾਂ ਅਤੇ ਸੁਪਨੇ ਦਿਲ ਵਿਚ ਨੱਪੀ ਰਤਨਾ ਅਜ ਨਿਰਾਸਤਾ ਦੇ ਰਾਹ ਪੈ ਗਿਆ। ਸੌ-ਪੰਜਾਹ ਜੋ ਨਕਦ ਸਨ, ਕਿਰਾਇਆਂ ਭਾੜਿਆਂ ਮੂੰਹ ਖੁਰ ਚੁੱਕੇ ਸਨ। ਮਕਾਨ ਦੇ ਕਿਰਾਏ ਅਤੇ ਰਾਸ਼ਣ-ਪਾਣੀ ਦਾ ਪ੍ਰਬੰਧ ਕਰਮੋ ਦੇ ਗਹਿਣੇ ਵੇਚ ਕੇ ਕਰਨਾ ਪਿਆ।

ਹੌਲੀ ਹੌਲੀ ਰਤਨੇ ਨੂੰ ਉਪਜੀਵਕਾ ਦਾ ਵਸੀਲਾ ਲੱਭ ਪਿਆ। ਉਹਨੇ ਇਕ ਟਾਲ ਉਤੇ ਲਕੜਾਂ ਪਾੜਨ ਦਾ ਕੰਮ ਸ਼ੁਰੂ ਕਰ ਦਿਤਾ। ਰੁਪਈਆ ਡੇਢ ਰੁਪਈਆ ਰੋਜ਼ ਪੱਲੇ ਪੈਣ ਲੱਗ ਪਿਆ। ਆਈ ਚਲਾਈ ਤੁਰ ਪਈ।

ਜਦੋਂ ਤੋਂ ਘਰ ਵਿਚ ਕੁਝ ਟਿਕਾਅ ਹੋਇਆ ਸੀ, ਪਾਰੋ ਨੂੰ ਦੀਪੂ ਦੀ ਯਾਦ ਡਾਢਾ ਸਤਾਉਣ ਲੱਗ ਪਈ ਸੀ। ਉਹ 'ਹਾਅ, ਹਾਅ' ਪੁਕਾਰਦੀ ਝੱਲੀ ਹੋਈ ਇਧਰ ਉਧਰ ਤਾਂ ਨੂੰ ਭਾਲਦੀ ਰਹਿੰਦੀ ਪਰ ਤਾਂ ਉਹਨੂੰ ਕਿਤੇ ਨਾ ਲੱਭਦਾ। ਕਈ ਵਾਰ ਉਹ ਆਨੇ ਬਹਾਨੇ ਰੋ ਲੈਂਦੀ, ਦਿਲ ਦਾ ਗੁਬਾਰ ਕੱਢ ਲੈਂਦੀ। ਕਰਮੋ ਦੇ ਵਰਜਣ ਤੇ ਵੀ ਬਾਜ਼ ਨਾ ਆਉਂਦੀ।

ਰਤਨੇ ਨੇ ਪੰਜ ਹਜ਼ਾਰ ਰੁਪਇਆ ਜੋੜ ਕੇ ਮੱਝ ਲੈ ਲਈ। ਮਿਹਨਤ ਮਜ਼ਦੂਰੀ ਦੇ ਨਾਲ ਦੁਆਨੀ-ਚੁਆਨੀ ਦੁੱਧ ਦੀ ਵੱਟਤ ਹੋ ਜਾਂਦੀ। ਮੁਟਿਆਰ ਪਾਰੋ ਨੂੰ ਵਿਆਹੁਣ ਦਾ ਫਿਕਰ ਕਰਮੋ ਅਤੇ ਰਤਨੇ ਦੀ ਰੱਤ ਚੂਸਣ ਲੱਗਾ।

"ਮੈਂ ਖਿਆ ਹੱਥ ਤੇ ਹੱਥ ਧਰਕੇ ਕਿਵੇਂ ਝੱਟ ਲੰਘੂ ਪਾਰੋ ਦੇ ਤਾਈਆ? ਕੋਈ ਮੁੰਡਾ ਦੇਖੋ, ਜੁਆਨ ਜਹਾਨ ਧੀ ਕਿੰਨਾ ਕੁ ਚਿਰ ਘਰ ਰੱਖ ਛੱਡਾਂਗੇ। ਵੇਲਾ ਖੁੰਝਿਆ ਹੱਥ ਨਹੀਂ ਆਉਂਦਾ। ਅਜਕਲ ਭਲੇ ਦਾ ਜ਼ਮਾਨਾ ਨੀਂ।"

"ਹੂੰਅ," ਢਿੱਲੀ ਜਹੀ ਅਵਾਜ਼ ਵਿਚ ਰਤਨੇ ਨੇ ਕਿਹਾ, "ਪਰ ਮੁੰਡੇ ਲੱਭਣੇ ਕਿਹੜੇ ਸੌਖੇ ਆ ਦੀਪੂ ਦੀ ਮਾਂ।"

"ਕਿਉਂ ਕਾਲ ਪੈ ਗਿਆ ਮੁੰਡਿਆਂ ਦਾ?"

"ਨਹੀਂ ਤੂੰ ਨਹੀਂ ਸਮਝੀ ਦੀਪੂ ਦੀ ਮਾਂ! ਮੈਂ ਆਹਨਾਂ ਵਾਂ ਪਈ ਅਜਕਲ ਮੁੰਡਿਆਂ ਵਾਲਿਆਂ ਨੇ ਆਲਿਆਂ ਵਾਂਗੂੰ ਮੂੰਹ ਅੱਡੇ ਹੋਏ ਆ। ਕੋਈ ਭਰਨ ਜੋਗਾ ਹੋਵੇ ਤਾਂ ਪਹੁੰਚ ਕਰੇ।"

"ਸਾਨੂੰ ਕਿਸੇ ਖੱਬੀ ਖਾਂਹ ਦੀ ਲੋੜ ਨਈਂ। ਕੋਈ ਆਪਣੇ ਮੁਜਬ ਦਾ ਦੇਖ ਲਵੋ।"

"ਫੇਰ ਵੀ ਤਾਂ ਹਜਾਰ ਧਾਗਾਂ ਸੌ ਤੋਂ ਉਰੇ ਤਾਂ ਨਈਂ ਸਰਨਾ।"

"ਐਵੇਂ ਨਾ ਦਿਲ ਢਾਹ ਪਾਰੋ ਦੇ ਤਾਈਆ! ਸਾਡੇ ਪਾ ਇੰਨੀ ਗੁੰਜੈਸ਼ ਵੀ ਨਈਂ? ਛੇ ਕੁ ਸੌ ਮਹੀਂ ਦਾ ਵਟ ਹੋ ਜਾਣਾ। ਸੌ ਕੁ ਸੌ ਤੁਹਾਡੀ ਕਮਾਈ ਦਾ ਹੋ ਜਾਊ। ਉਪਰਲੇ ਦੋ ਢਾਈ ਸੌ ਦਾ ਕਾਗਤ ਕਰਾ 'ਲਾਂਗੇ। ਘੁੱਤਾ ਸਰ ਜਾਵੇ, ਕਰਜ਼ਾ ਹੌਲੀ ਹੌਲੀ ਲਹਿ ਜਾਊ।"

"ਹੈ ਤਾਂ ਅੱਡੀਆਂ ਚੁਕ ਕੇ ਫਾਹਾ ਲੈਣ ਵਾਲੀ ਗੱਲ, ਦੀਪੂ ਦੀ ਮਾਂ! ਖੈਰ,---- ਧੀ ਦੇ ਹੱਥ ਜੁ ਪੀਲੇ------।"

ਰਤਨੇ ਅਜੇ ਵਾਕ ਵੀ ਪੂਰਾ ਨਹੀਂ ਸੀ ਕੀਤਾ ਕਿ ਕਿਸੇ ਡੰਗਰ ਦੇ ਉੜਾਟ ਪਾਉਣ ਦੀ ਆਵਾਜ਼ ਆਈ। ਰਤਨੇ ਨੇ ਝੱਟ ਬੂਹਿਉਂ ਬਾਹਰ ਹੋ ਕੇ ਦੇਖਿਆ-- ਇਹ ਇਨ੍ਹਾਂ ਦੀ ਆਪਣੀ ਮੱਝ ਦੀ ਹਾਹਾਕਾਰ ਸੀ। ਕਰਮੋ ਵੀ ਬਾਹਰ ਆ ਗਈ। ਮੱਝ ਮਰਨਾਊਆਂ ਵਾਂਗ ਲੱਤਾਂ ਖੁਰੀਆਂ ਮਾਰ ਰਹੀ ਸੀ। ਝੱਟ ਪੱਟ ਸੌਂਫ ਦਾ ਕਾਹੜਾ ਦਿੱਤਾ ਗਿਆ। ਤੰਬੂ ਵਾਂਗ ਤਣੇ ਹੋਏ ਮੱਝ ਦੇ ਪੇਟ ਵਿਚ ਕੁਝ ਨਰਮਾਈ ਆਈ। ਤਣਾਉ ਕੁਝ ਘਟ ਗਿਆ। ਪਰ ਦੂਜੇ ਦਿਨ ਸਵੇਰੇ ਫਿਰ ਉਹੀ ਹਾਲ। ਇਸ ਵਾਰ ਕਰੇ-ਕਰਾਇਆਂ ਨੇ ਫਿੱਟੇ-ਮੂੰਹ ਵੀ ਨਾ ਕਿਹਾ। ਮੱਝ ਦੀਆਂ ਵੱਟਣ ਲੱਗੀਆਂ। ਸਲੋਤਰੀ ਤੋਂ ਬਿਨਾਂ ਹੁਣ ਕੋਈ ਚਾਰਾ ਨਹੀਂ ਸੀ। ਮਰਦਾ ਕੀ ਨਹੀਂ ਕਰਦਾ? ਰਤਨਾ ਸਲੋਤਰੀ ਨੂੰ ਸੱਦ ਲਿਆਇਆ। ਮੱਝ ਦਾ ਇਲਾਜ ਹੋਣ ਲੱਗਾ। ਟੀਕੇ ਲੱਗਣ ਲੱਗੇ।

"ਵਧੀ ਦਾ 'ਲਾਜ ਹੁੰਦੈ।" ਜਾਂਦੀ ਜਾਂਦੀ ਮੱਝ ਸੌ ਰੁਪਇਆ ਖਾ ਗਈ।

"ਚਲੋ ਜੋ ਉਹਨੂੰ ਮੰਨਜ਼ੂਰ" ਰਤਨੇ ਨੇ ਫੋਕਾ ਦਿਲਾਸਾ ਦਿੱਤਾ।

ਮੱਝ ਕਾਹਦੀ ਗਈ, ਘਰ ਦੀ ਸਾਰੀ ਬਰਕਤ ਸਮੇਟ ਕੇ ਲੈ ਗਈ। ਗਮ ਦੇ ਤੋੜੇ ਕਰਕੇ ਰਤਨੇ ਦੀ ਸਿਹਤ ਦਿਨ ਬਦਿਨ ਡਿਗਣ ਲੱਗ ਪਈ। ਉਹ ਪਹਿਲਾਂ ਜਿੰਨਾ ਕੰਮ ਕਰਨ ਜੋਗਾ ਨਾ ਰਿਹਾ। ਕਮਾਈ ਘੱਟ ਗਈ। ਥੋੜ੍ਹੇ ਜਿਹੇ ਦਿਨ ਸਰੱਗੀ ਦੇ ਨਿਕਲਣ ਪਿਛੋਂ ਫੇਰ ਲੋੜਾਂ-ਥੋੜਾਂ ਨੇ ਘੇਰਾ ਪਾ ਲਿਆ।

ਕਿਰਾਇਆ ਨਾ ਪਹੁੰਚਣ ਤੇ ਮਾਲਕ ਮਕਾਨ ਦੀਆਂ ਝਿੜਕਾਂ ਪੈਣੀਆਂ ਸ਼ੁਰੂ ਹੋ ਗਈਆਂ। ਰੂੜ ਮੱਲ ਆਉਂਦਾ, ਉਸ ਜਲੂਲ ਬੱਕ ਕੇ ਚਲਾ ਜਾਂਦਾ। ਰਤਨਾ ਦਿਹਾੜੀ ਟਾਲ ਤੇ ਹੁੰਦਾ ਸੀ, ਕਰਮੋ ਉਰੇ ਪਰੇ ਕਰ ਛੱਡਦੀ।

ਅਜ ਰਤਨਾ ਕੁਝ ਢਿੱਲਾ ਜਿਹਾ ਸੀ; ਟਾਲ 'ਤੇ ਨਾ ਜਾ ਸਕਿਆ। ਚੰਗੇ ਜਾਂ ਮੰਦੇ ਭਾਗਾਂ ਨੂੰ ਰੂੜ ਮੱਲ ਵੀ ਉਗਰਾਹੀ ਤੇ ਆ ਗਿਆ। ਰਤਨੇ ਨਾਲ ਉਹਦੀ ਝੜਪ ਹੋ ਗਈ।

"ਬੋਰੀ ਬਿਸਤਰਾ ਲਪੇਟ ਉਏ ਦਿਹਾੜੀਆ! ਇਹ ਮਕਾਨ ਮੈਂ ਤੇਰੇ ਵਰਗੇ ਮੁਫ਼ਤਖ਼ੋਰਾਂ ਲਈ ਨਈਂ ਸੂ ਛੱਡੇ।"

"ਜਬਾਨ ਨੂੰ ਜੰਦਰਾ ਮਾਰ ਲਾਲਾ, ਤੇਰਾ ਦਿੱਤਾ ਨਈਂ ਖਾਂਦੇ।"

"ਕਬਾੜਖਾਨਾ ਚੁੱਕ ਕੇ ਲਾਂਭੇ ਕਰ, ਹੁੱਜਤਾਂ ਕਰ ਕੇ ਦੱਸਦਾ।" ਰੂੜ ਮੱਲ ਹੋਰ ਵੀ ਲੋਹਾ ਲਾਖਾ ਹੋ ਗਿਆ।

"ਤੂੰ ਲਾ ਲੈ ਜੋਰ ਜਿਹੜਾ ਲਾਉਣਾ ਐਂ। ਕਿਰਾਇਆ ਦੇ ਕੇ ਰਹਿਨੇ ਆਂ। ਕਿਸੇ ਦੀ ਧੌਂਸ ਨਈਂ।" ਰਤਨੇ ਨੇ ਚਾਹਿਆ ਕਿ ਫਹੁੜਾ ਮਾਰ ਕੇ ਲਾਲੇ ਦਾ ਸਿਰ ਖੋਲ੍ਹ ਦੇਵੇ। ਮਜਬੂਰੀ ਨੇ ਉਹਦੇ ਹੱਥ ਬੰਨ੍ਹ ਲਏ।

"ਕੱਢ ਫੇਰ ਪਿਛਲੇ ਮਹੀਨੇ ਦਾ?"

"ਅਗਲੇ ਮੰਗਲ ਆਵੀਂ।"

"ਮੈਂ ਤਾਂ ਹੁਣ ਲੈਣਾ।" ਰੂੜ ਮੱਲ ਆਕੜ ਗਿਆ। ਉਹਨੇ ਸ਼ਬਦ 'ਹੁਣ' ਤੇ ਇੰਨਾ ਜ਼ੋਰ ਦਿੱਤਾ ਕਿ ਰਤਨੇ ਨੂੰ ਗਰਮਾਈ ਚੜ੍ਹ ਗਈ।

"ਮੜ੍ਹਾ ਹੋ ਫਿਰ, ਲੈ ਕੇ ਜਾਵੀਂ।" ਰਤਨੇ ਨੇ ਦਬਕਾ ਮਾਰ ਦਿਤਾ।

ਰੂੜ ਮੱਲ ਦਾ ਇਕ ਪੈਰ ਉਥੇ ਦੂਜਾ ਥਾਣੇ। ਪੁਲਸ ਦੀ ਧਾੜ ਚੜ੍ਹ ਕੇ ਆ ਗਈ। ਮੱਝ ਵੀ ਉਹਦੀ ਹੀ ਹੋਣੀ ਸੀ—ਜਿਹਦੀ ਲਾਠੀ। ਪੁਲਸ ਨੇ ਆਉਂਦਿਆਂ ਹੀ ਝਾੜ ਝੰਬ ਕੇ ਤਿੰਨਾਂ ਜੀਆਂ ਨੂੰ ਮਕਾਨੋਂ ਬਾਹਰ ਕੱਢ ਦਿੱਤਾ। ਦਾਦ-ਫਰਿਆਦ ਸੁਣਨ ਵਾਲਾ ਕੋਈ ਨਹੀਂ ਸੀ। ਆਲੇ ਦੁਆਲੇ ਤਮਾਸ਼ਬੀਨਾਂ ਦਾ ਝੁਰਮਟ ਬੱਝ ਗਿਆ। ਅਖਬਾਰਾਂ ਵਾਲੇ ਪਹੁੰਚ ਗਏ। ਅਗਲੇ ਦਿਨ ਵੱਖ ਵੱਖ ਅਖਬਾਰਾਂ ਨੇ ਭਾਂਤ-ਸੁਭਾਂਤੀਆਂ ਸੁਰਖੀਆਂ ਲਾ ਕੇ ਰਤਨੇ ਦੀ 'ਰਾਮ ਕਹਾਣੀ' ਛਾਪੀ।

ਜਿਸ ਰਤਨੇ ਨੇ ਪਾਕਿਸਤਾਨੋਂ ਆਉਣ ਸਾਰ ਅਤਿ ਔਖੇ ਵੇਲੇ ਵੀ ਸ਼ਰਨਾਰਥੀ ਕੈਂਪਾਂ ਵਿਚ ਸਹਾਰਾ ਨਹੀਂ ਸੀ ਲਿਆ, ਅਜ ਨਿੱਕੇ ਜਿਹੇ ਪਰਿਵਾਰ ਸਮੇਤ ਪਰਾਈ ਸਰਾਂ ਵਿਚ ਜਾ ਕੇ ਪਨਾਹ ਲੈਣ ਲਈ ਮਜਬੂਰ ਹੋ ਗਿਆ। ਹੋਰ ਕੋਈ ਚਾਰਾ ਨਹੀਂ ਸੀ। ਇਕ, ਢੱਠੀ ਜਹੀ ਕੋਠੜੀ ਦਾ ਸਹਾਰਾ। ਦੂਜਾ, ਲਾਗਿਉਂ ਲੰਘਦੇ ਗੰਦੇ ਨਾਲੇ ਦੀ ਬਦਬੋ। ਸਾਰੀ ਰਾਤ ਰਤਨੇ ਨੇ ਜਾਗਦਿਆਂ ਕੱਢੀ। ਦਿਨੇ ਉਲਟ-ਪੁਲਟ

ਸੋਚਾਂ ਵਿਚ ਪਿਆ ਰਿਹਾ। ਆਉਂਦੀ ਰਾਤ ਫਿਰ ਉਹੀ ਹਾਲ। ਜੇ ਭੋਰਾ ਭਰ ਅੱਖ ਲਗਦੀ – ਬੀਤੇ ਵਿਚ ਗੁਆਚ ਜਾਂਦਾ। ਅਜੀਬ ਘੁੰਮਣਘੇਰੀ ਵਿਚ ਫਸ ਗਿਆ ਉਹ। ਅਗਲੀ ਸਵੇਰੇ ਉਠਦਿਆਂ ਹੀ ਰਤਨਾ ਆਖਣ ਲੱਗਾ, "ਦੀਪੂ ਦੀ ਮਾਂ! ਰਾਤੀਂ ਮੈਂ ਆਪਣਾ ਲਾਲ ਡਿੱਠਾ; ਕਿਸੇ ਸਕੂਲੇ ਜੁਆਕਾਂ ਨੂੰ ਪੜ੍ਹਾਉਂਦਾ। ਉਸ ਪੈਸੇ ਵੀ ਭੇਜੇ ਸੂ, ਪਾਰੋ ਦੇ ਵਿਆਹ ਲਈ। ਆਂਹਦਾ ਸੀ- ਭਾਈਆ! ਮੈਂ ਛੁੱਟੀ ਲੈ ਕੇ ਆਊਂਗਾ। ਆ ਕੇ ਭੈਣ ਦਾ ਵਿਆਹ ਕਰੂੰਗਾ।"

ਝਾੜੂ ਫੇਰਦੀ ਪਾਰੋ ਦੀਆਂ ਨੀਮ ਗੁਲਾਬੀ ਗੱਲ੍ਹਾਂ ਪਲ ਭਰ ਲਈ ਸੂਹੀਆਂ ਹੋ ਗਈਆਂ ਤੇ ਫਿਰ ਛੇਤੀ ਫਿੱਕੀਆਂ ਪੈ ਗਈਆਂ। ਚੁੱਲ੍ਹੇ ਵਿਚ ਗਿੱਲਾ ਬਾਲਣ ਧੁਖਾਂਦੀ ਹੋਈ ਕਰਮੋ ਬੋਲੀ, "ਮੈਂ ਬੜੀ ਵਾਰ ਆਹਨੀ ਆਂ ਪਈ ਇਹੋ ਜਹੀਆਂ ਗੱਲਾਂ ਕੁੜੀ ਮੋਹਰੇ ਨਾ ਕਰਿਆ ਕਰੋ। ਪਰ ਤੁਹਾਡੇ 'ਤੇ ਤਾਂ ਥਿੰਧੇ ਘੜੇ ਜਿੰਨਾ ਵੀ ਅਸਰ ਨਹੀਂ ਹੁੰਦਾ ਪਾਰੋ ਦੇ ਭਾਈਆ।"

"ਇਹਦੇ 'ਚ ਕਿਹੜੀ ਮਾੜੀ ਗਲ ਐ ਅੰਮੀ? ਭਾਈਏ ਨੇ ਆਪਣਾ ਸੁਪਨਾ ਈ ਤਾਂ ਸੁਣਾਇਆ ਏ।" ਪਾਰੋ ਦੇ ਦਿਲ ਨੇ ਚਾਹਿਆ ਕਿ ਉਹਦਾ ਬਾਪੂ ਸਾਰੀ ਦਿਹਾੜੀ ਇਹੋ ਜਿਹੇ ਸੁਪਨੇ ਸੁਣਾਉਂਦਾ ਰਹੇ।

"ਕੁੜੀਏ ਤੂੰ ਨਹੀਂ ਜਾਣਦੀ। ਜ਼ਹਿਮਤਾਂ ਦਾ ਘਰ ਹੁੰਦੇ ਐ ਇਹ ਸੁਪਨੇ, ਬਿਮਾਰੀਆਂ ਦੀ ਅਲਾਮਤ।" ਕਰਮੋ ਬੋਲੀ।

"ਬੜੀ ਵਹਿਮਣ ਹੁੰਦੀ ਜਾਨੀ ਏਂ ਤੂੰ ਦੀਪੂ ਦੀ ਮਾਂ! ਪੁੱਤ ਮੈਨੂੰ ਮਿਲ ਪਏ ਤੇ ਮੈਂ ਦੱਸਾਂ ਨਾ? ਕਿੱਡਾ ਜ਼ੁਲਮ ਐ।" ਰਤਨੇ ਨੇ ਆਪਣੀ ਮਜਬੂਰੀ ਦੱਸੀ।

"ਭਾਈਆ, ਇਕ ਸੁਪਨਾ ਮੈਨੂੰ ਵੀ ਆਇਆ ਸੀ ਰਾਤੀਂ। ਮੈਂ ਵੀ ਦੇਖਿਆ ਸੀ ਭਾਅ ਨੂੰ-----।" ਪਾਰੋ ਦੀ ਗੱਲ ਅੱਧ ਵਾਟਿਉਂ ਕੱਟੀ ਗਈ। ਕਰਮੋ ਨੇ ਝਿੜਕ ਦਿੱਤੀ। "ਖਬਰਦਾਰ ਕੁੜੀਏ! ਫੇਰ ਉਹੀ ਗੱਲ। ਮੈਂ ਆਹਨੀ ਪਈ ਸੁਪਨੇ ਕਦੀ ਸੱਚੇ ਨਹੀਂ----।" ਆਖਰੀ ਸ਼ਬਦ ਅਜੇ ਕਰਮੋ ਦੀ ਜ਼ੁਬਾਨ ਤੇ ਹੀ ਸੀ, ਬੂਹੇ ਅੱਗੇ ਖੜ੍ਹੇ ਇਕ ਖਾਕੀ ਵਰਦੀ ਵਾਲੇ ਜਵਾਨ ਨੇ, 'ਸਾਰੇ ਸੁਪਨੇ ਤਾਂ ਝੂਠੇ ਨਹੀਂ ਹੁੰਦੇ ਮਾਂ ਜੀ' ਆਖ ਕੇ ਗੱਲ ਟੋਕ ਦਿੱਤੀ ਤੇ ਰਤਨੇ ਨੂੰ ਪੁੱਛਿਆ, "ਰਤਨ ਸਿੰਘ ਤੁਹਾਡਾ ਨਾਂ ਹੈ?"

"ਬਾਊ ਜੀ, ਮੈਨੂੰ ਰਤਨ ਸਿੰਘ ਦੀ ਥਾਂ ਬਦਕਿਸਮਤ ਰਤਨਾ ਕਹੋ।" ਰਤਨੇ ਨੇ ਬੜੇ ਠਰ੍ਹੰਮੇ ਨਾਲ ਉੱਤਰ ਦਿੱਤਾ।

"ਔਹ ਤੁਹਾਡੀ ਚਿੱਠੀ ਜੇ।" ਹੱਥਲੀ ਥੱਬੀ ਵਿਚੋਂ ਲਫ਼ਾਫ਼ਾ ਕੱਢਕੇ ਫੜਾਉਂਦਿਆਂ ਡਾਕੀਏ ਨੇ ਕਿਹਾ।

"ਸਾਨੂੰ ਤਾਂ ਕਦੇ ਕਿਸੇ ਨੇ ਪੰਜਾਂ ਪੈਸਿਆਂ ਵਾਲਾ ਕਾਟ ਵੀ ਨਹੀਂ ਪਾਇਆ, ਇਹ ਚਿੱਠੀ ਕਿਹਦੀ ਹੋਈ?" ਰਤਨੇ ਨੇ ਉਤਾਵਲਾ ਪੈਂਦਿਆਂ ਪੁੱਛਿਆ।

ਚਿੱਠੀ ਪਾਉਣ ਵਾਲੇ ਦਾ ਨਾਂ ਅਤੇ ਪਤਾ ਗਭਰੂ ਨੇ ਪੜ੍ਹ ਕੇ ਸੁਣਾਇਆ। ਕਰਮੋ ਅਤੇ ਪਾਰੋ ਵੀ ਸੁਣ ਰਹੀਆਂ ਸਨ—

ਡੀ. ਐਸ. 'ਰਾਹੀ'
ਹੈਡਮਾਸਟਰ, ਗੌਰਮਿੰਟ ਹਾਈ ਸਕੂਲ,
ਕੈਮਰੀ,
ਜ਼ਿਲਾ: ਰਾਮਪੁਰ,
ਉੱਤਰ ਪਰਦੇਸ਼।

ਤਿੰਨਾਂ ਨੇ ਇਕ ਲੰਮਾ ਹਉਕਾ ਲਿਆ। ਠੋਡੀ ਖੁਰ੍ਹਕਦਾ ਹੋਇਆ ਰਤਨਾ ਬੋਲਿਆ, "ਬਾਊ ਜੀ, ਮਾਫ਼ ਕਰਨਾ। ਮੇਰੇ ਪਿੜ ਪੱਲੇ ਕੁਛ ਨਹੀਂ ਪਿਆ। ਕਿੰਨਾਂ ਚੰਗਾ ਹੋਵੇ ਜੇ ਇਕ ਵਾਰ ਫੇਰ------?"

ਬਿਨਾਂ ਹੀਲ-ਹੁੱਜਤ ਗੱਭਰੂ ਨੇ ਚਿੱਠੀ ਦਾ ਪਿਛਲਾ ਪਾਸਾ ਇਕ ਵਾਰ ਫਿਰ ਪੜ੍ਹ ਦਿੱਤਾ,—

ਡੀ. ਐਸ. 'ਰਾਹੀ'
ਹੈਡਮਾਸਟਰ, ਗੌਰਮਿੰਟ ਹਾਈ ਸਕੂਲ,
ਕੈਮਰੀ,
ਜ਼ਿਲਾ: ਰਾਮਪੁਰ
ਉੱਤਰ ਪਰਦੇਸ਼।

ਰਤਨੇ ਨੇ ਇਸ ਵਾਰ ਫਿਰ ਸਿਰ ਮਾਰ ਦਿੱਤਾ ਤੇ ਨਿਰਉਤਸ਼ਾਹਤ ਹੋ ਕੇ ਬੋਲਿਆ, "ਤੁਸੀਂ ਭੁਲੇਖੇ 'ਚ ਓ ਬਾਊ ਜੀ, ਇਹ ਚਿੱਠੀ ਸਾਡੀ ਨਹੀਂ।--------- ਭਲਾ ਰਾਹੀਆਂ ਨੂੰ ਸਾਡੇ ਨਾਲ ਕੀ ਵਾਹ?"

"ਰਾਹੀ ਤਾਂ ਉਪਨਾਮ ਐ ਸਰਦਾਰ ਜੀ। ਜੇ ਆਖੋਂ ਤਾਂ ਵਿਚੋਂ ਪੜ੍ਹ ਕੇ ਸੁਣਾ ਦਿਆਂ?" ਗੱਭਰੂ ਨੇ ਪੁੱਛਿਆ।

"ਚਲ ਸੁਣਾ ਦੇ ਪੁੱਤ! ਤੇਰੀ ਲੰਮੀ ਉਮਰ ਹੋਵੇ।" ਕਰਮੋ ਨੇ ਨਿਮਰਤਾ ਨਾਲ ਕਿਹਾ।

ਗੱਭਰੂ ਸੁਣਾਉਣ ਲੱਗਾ,—

ਪੂਜਨੀਕ ਅੰਮੀ ਅਤੇ ਭਾਈਆ ਜੀ,

ਤੁਹਾਡਾ ਦੀਪੂ, ਜਿਹਨੂੰ ਤੁਸੀਂ ਦੂਸਰੀ ਦੁਨੀਆਂ ਦਾ ਵਸਨੀਕ ਸਮਝਦੇ ਰਹੇ ਹੋ; ਪਰਸੋਂ ਸ਼ਾਮੀਂ ਸੂਰਜ ਛੁਪਣ ਤਕ ਤੁਹਾਡੇ ਗਲੇ ਦਾ ਹਾਰ ਬਣ ਚੁਕਿਆ ਹੋਵੇਗਾ। ਮੈਂ ਕੱਲ੍ਹ ਰਾਤੀਂ ਰਾਮਪੁਰ ਤੋਂ ਬਾਰਾਂ ਵਜੇ ਚੱਲਣ ਵਾਲੀ ਗੱਡੀ ਵਿਚ ਆ ਰਿਹਾ ਹਾਂ। ਤੁਹਾਡਾ ਹਾਲ ਅਜ ਹੀ ਟਰਿਬਿਊਨ ਵਿਚੋਂ ਪੜ੍ਹਿਆ ਹੈ। ਬਾਪੂ ਜੀ ਬਾਰੇ ਸਾਰੀ ਕਹਾਣੀ ਮਿਲ ਕੇ ਦੱਸਾਂਗਾ। ਵੈਸੇ ਉਹ ਠੀਕ ਠਾਕ ਹਨ। ਗੋਡਿਆਂ ਵਿਚ ਥੋੜ੍ਹਾ ਦਰਦ ਰਹਿੰਦਾ ਹੈ।

ਪਾਰੋ ਨੂੰ ਨਮਸਤੇ! ਮੈਂ ਆ ਰਿਹਾ ਹਾਂ---- ਆ ਰਿਹਾ ਹਾਂ ------ ਆ ਰਿਹਾ ਹਾਂ।

ਦੀਪਕ ਸਿੰਘ 'ਰਾਹੀ'
(ਹੈਡਮਾਸਟਰ)

ਉਂਝ ਤਾਂ ਰਤਨਾ ਪਹਿਲੇ ਚਹੁੰ ਸ਼ਬਦਾਂ ਤੋਂ ਹੀ ਸਮਝ ਗਿਆ ਸੀ ਕਿ ਚਿੱਠੀ ਪਾਉਣ ਵਾਲਾ ਦੀਪੂ ਤੋਂ ਸਿਵਾ ਕੋਈ ਨਹੀਂ,

ਫਿਰ ਵੀ ਸਾਰੀ ਚਿੱਠੀ ਰਮੋ, ਪਾਰੋ ਅਤੇ ਰਤਨੇ ਨੇ ਬੜੀ ਤਸੱਲੀ ਨਾਲ ਸੁਣੀ। ਦੀਪਕ ਹੁਣ ਤੇਹਾਂ ਦੀ ਅੱਖਾਂ ਸਾਹਮਣੇ ਘੁੰਮ ਰਿਹਾ ਸੀ।

"ਅੰਮੀ ਤੂੰ ਤਾਂ ਕਹਿੰਦੀ ਸੈਂ ਸੁਪਨੇ ਕਦੇ ਸੱਚੇ ਨਹੀਂ ਹੁੰਦੇ?" ਗੁਟਕੂੰ ਗੁਟਕੂੰ ਕਰਦੀ ਪਾਰੋ ਬੋਲੀ।

"ਨਿੱਤ ਨਿੱਤ ਹੋਣ ਸੱਚੇ ਬੀਬੇ-----ਇਹੋ ਜਿਹੇ ਤਾਂ ਹਰ ਕਿਸੇ ਦੇ ਸੱਚੇ ਹੋਣ। ਭੈਣਾਂ ਨੂੰ ਵੀਰ ਮਿਲ ਜਾਣ-----ਮਾਵਾਂ ਨੂੰ ਪੁੱਤ, ਹੋਰ ਕੀ ਚਾਹੀਏ ...।" ਖੁਸ਼ੀ ਦੇ ਹੰਝੂਆਂ ਵਿਚ ਗੜੁੱਚੀ ਰਮੋ ਆਖ ਗਈ।

ਰਤਨੇ ਨੂੰ ਜਿਵੇਂ ਖੁਸ਼ੀਆਂ ਦਾ ਖ਼ਜ਼ਾਨਾ ਮਿਲ ਗਿਆ ਸੀ। ਉਹ ਡਾਕੀਏ ਨੂੰ ਪਾਈ ਜੱਫ਼ੀ ਢਿੱਲੀ ਨਹੀਂ ਸੀ ਛੱਡ ਰਿਹਾ।

"ਛੱਡ ਵੀ ਹੁਣ ਬਾਈ----ਐਵੇਂ ਜਾਨ ਜਾਂਦੀ ਹੈ ਜੂ।" ਗੱਭਰੂ ਨੇ ਮਖ਼ੌਲ ਨਾਲ ਆਖਿਆ।

"ਹੁਣ ਨਹੀਂ ਮੈਂ ਛਡਦਾ ਤੈਨੂੰ।" ਰਤਨਾ ਗੱਭਰੂ ਨੂੰ ਗੁੱਟੋਂ ਫੜ ਕੇ ਧੂਹਦਾ ਹਲਵਾਈ ਦੀ ਦੁਕਾਨ ਵੱਲ ਨੂੰ ਲੈ ਤੁਰਿਆ।

ਕਿਤੇ ਮੁੱਦਤਾਂ ਬਾਦ ਉੱਜੜੇ ਹੋਏ ਇਸ ਨਿੱਕੇ ਜਿਹੇ ਬਗੀਚੇ 'ਤੇ ਬਹਾਰ ਆਈ ਸੀ।------

"ਤੁਹਾਡਾ ਪੁੱਤਰ ਵਿਛੜਿਆ ਕਦੋਂ ਸੀ ਤੁਹਾਥੋਂ?" ਜਾਂਦਿਆਂ ਜਾਂਦਿਆਂ ਡਾਕੀਏ ਨੇ ਪੁੱਛਿਆ। ਜਾਪਦਾ ਸੀ, ਉਸ ਨੂੰ ਇਸ ਗਰੀਬੜੇ ਜਿਹੇ ਪਰਿਵਾਰ ਨਾਲ ਕਾਫ਼ੀ ਹਮਦਰਦੀ ਹੋ ਗਈ ਸੀ।

"ਉਸ ਮਨਹੂਸ ਵਰ੍ਹੇ ਦਾ ਨਾਂ ਨਾ ਲੈ ਗਭਰੂਆ--------।"

"ਸੰਨ ਸੰਤਾਲੀ ਦੀ ਗਲ ਕਰਦੇ ਓ ?"

"ਬੱਸ! ਬੱਸ !!----------- -----------।" ਰਤਨੇ ਨੇ ਬੜੀ ਮੁਸ਼ਕਲ ਨਾਲ ਆਖਿਆ, ਜਿਵੇਂ ਸੀਨੇ ਵਿਚ ਕੋਈ ਪੁਰਾਣਾ ਦਰਦ ਜਾਗ ਉੱਠਿਆ ਹੋਵੇ।------- ਸ਼ਾਇਦ ਅਹਿਮਦ ਦੀ ਯਾਦ--------- ● (SHERWOOD PK, ALTA.)

(ਛਪ ਰਹੇ ਕਹਾਣੀ-ਸੰਗ੍ਰਹਿ "ਸੌਂਤੀਂ ਵੀਹੀਂ ਸੌ" ਵਿਚੋਂ)

---

(.... ਸਫ਼ਾ 6 ਦੀ ਬਾਕੀ)

6. ਅਸੀਂ ਜਮਹੂਰੀ ਸ਼ਕਤੀਆਂ ਨਾਲ ਰਲ ਕੇ ਇਸ ਸੰਕਟ ਵਿਚੋਂ ਨਿਕਲਣ ਦਾ ਰਾਹ ਲੱਭ ਸਕਦੇ ਹਾਂ, ਪਰ ਸਾਡੇ ਰਾਹ ਵਿਚ ਮੁਸ਼ਕਲਾਂ ਪਾਉਂਦੇ ਹਨ ਪੰਜਾਬ ਦੇ ਫਿਰਕੂ ਜਨੂੰਨੀ। ਇਹ ਜਨੂੰਨੀ ਹਿੰਦੂ ਵੀ ਹਨ ਅਤੇ ਸਿੱਖ ਵੀ।

7. ਸਾਨੂੰ ਚਾਹੀਦਾ ਹੈ ਕਿ ਹਿੰਦੁਸਤਾਨ ਦੇ ਜਮਹੂਰੀਅਤ ਪਸੰਦ ਲੋਕਾਂ ਨਾਲ ਮਿਲ ਕੇ, ਹਿੰਦੁਸਤਾਨ ਦੀ ਜਾਬਰ, ਭ੍ਰਿਸ਼ਟ ਅਤੇ ਫਾਸ਼ੀ ਸਰਕਾਰ ਵਿਰੁੱਧ ਸੰਗਰਾਮ ਕਰੀਏ। ਅੱਜ ਬਤਾਲੀ ਕ੍ਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ, ਇਨ੍ਹਾਂ ਵਿਚੋਂ ਚਾਲੀ ਕ੍ਰੋੜ ਹਿੰਦੂ ਹਨ। ਇਸ ਭ੍ਰਿਸ਼ਟ ਨਿਜ਼ਾਮ ਦਾ ਸ਼ਿਕਾਰ ਸਿਰਫ਼ ਸਿੱਖ ਹੀ ਨਹੀਂ- ਸਾਰਾ ਹਿੰਦੁਸਤਾਨ ਹੈ।

8. ਬੜੀਆਂ ਤੇਜ਼ੀਆਂ ਹਵਾਵਾਂ ਚਲ ਰਹੀਆਂ ਹਨ। ਅਸੀਂ ਇਨ੍ਹਾਂ ਦਾ ਖ਼ਮਿਆਜ਼ਾ ਭੁਗਤਿਆ ਹੈ, ਤੁਸੀਂ ਭੁਗਤੋ ਨਾ ...... ਇਹੋ ਮੇਰੀ ਇੱਛਾ ਹੈ।------------

ਇਹ ਹੈ ਸ: ਗੁਰਸ਼ਰਨ ਸਿੰਘ ਦੀਆਂ ਅਡਮਿੰਟਨ ਨਿਵਾਸੀਆਂ ਨਾਲ ਸਾਂਝੀਆਂ ਕੀਤੀਆਂ ਗੱਲਾਂ ਦਾ ਕੁੱਝ ਹਿੱਸਾ।

ਇਸ ਤੋਂ ਬਾਦ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਅਡਮਿੰਟਨ ਦੇ ਕਲਾਕਾਰਾਂ ਨੇ ਆਪਣੀ ਅਗਲੀ ਆਈਟਮ ਪੇਸ਼ ਕੀਤੀ 'ਬਾਬਾ ਬੋਲਦਾ ਹੈ'। ਦਿੱਲੀ ਅਤੇ ਹੋਰਨਾਂ ਸ਼ਹਿਰਾਂ ਵਿਚ ਸਰਕਾਰ ਦੀ ਸ਼ਹਿ ਉੱਤੇ ਹੋਏ ਸਿੱਖਾਂ ਦੇ ਕਤਲੇਆਮ ਦੀ ਦਰਦਨਾਕ ਗਾਥਾ ਬਿਆਨਦਾ ਸ: ਗੁਰਸ਼ਰਨ ਸਿੰਘ ਦਾ ਇਹ ਨਾਟਕ ਦਰਸ਼ਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਜ਼ਾਲਮ ਹਕੂਮਤ ਅਤੇ ਜਨੂੰਨੀ ਲੀਡਰਾਂ ਵਲੋਂ ਸੁਚੇਤ ਰਹਿਣ। ਇਹ ਆਪਣਾ ਉੱਲੂ ਸਿੱਧਾ ਕਰਨ ਲਈ ਕਦੇ ਵੀ ਲੋਕਾਂ ਦਾ ਘਾਣ ਕਰਵਾ ਸਕਦੇ ਹਨ। ਇਸ ਨਾਟਕ ਨੂੰ ਪੇਸ਼ ਕਰਨ ਵਾਲੇ ਸਨ: ਜਸਵੀਰ ਸਿੰਘ, ਸਤਵੰਤ ਲਟ, ਪਰਮਜੀਤ, ਪਰਮਿੰਦਰ, ਗੁਰਜੀਤ, ਬਲਦੇਵ, ਰਜਿੰਦਰ ਹਾਂਸ ਅਤੇ ਸੁਰਿੰਦਰ ਰੰਧਾਵਾ। ਸਾਰੇ ਪ੍ਰੋਗਰਾਮ ਵਿਚ ਸੰਗੀਤ ਲਈ ਬੈਂਜੋ ਉਪਰ ਮੰਦਰ ਸਿੰਘ ਅਤੇ ਤਬਲੇ ਉਪਰ ਪ੍ਰੇਮ ਤਿਵਾੜੀ ਨੇ ਸਾਥ ਦਿੱਤਾ। ਪਰਦਾ ਗਿਰਾਉਣ ਅਤੇ ਉਠਾਉਣ ਵਿਚ ਦੋ ਕੁ ਵਾਰ ਕੁਤਾਹੀ ਹੋ ਗਈ ਫਿਰ ਵੀ ਭਰੇ ਹੋਏ ਹਾਲ ਵਿਚ ਵੱਜਦੀਆਂ ਤਾੜੀਆਂ ਅਤੇ ਹਾਸੇ ਦੀ ਛਣਕਾਰ ਦੱਸਦੀ ਸੀ ਕਿ ਪ੍ਰੋਗਰਾਮ ਸਫ਼ਲ ਰਿਹਾ। ●

---

(.... ਸਫ਼ਾ 4 ਦੀ ਬਾਕੀ)

ਜਿਨ੍ਹਾਂ ਨੇ ਅਨੇਕਾਂ ਮਾਸੂਮ ਬੱਚੇ ਮਾਰੇ ਹਨ ਅਤੇ ਹੋਰ ਵਹਿਸ਼ੀ ਕਤਲ ਕੀਤੇ ਹਨ, ਉਨ੍ਹਾਂ ਦਰਿੰਦਿਆਂ ਦੇ ਨਾਲ ਉਨ੍ਹਾਂ ਦਾ ਧਰਮ ਕਿਉਂ ਨਹੀਂ ਜੋੜਦਾ? ਇਹ ਸਾਫ਼ ਜ਼ਾਹਰ ਹੈ ਕਿ ਮੀਡੀਏ ਵੱਲੋਂ ਆਪਣੇ ਮਾਲਕਾਂ ਦੀ ਗੁੱਝੀ ਸਕੀਮ ਅਨੁਸਾਰ ਹਿੰਦੂ-ਸਿੱਖ ਭਾਈਚਾਰੇ ਵਿਚ ਫੁੱਟ ਪਾਉਣ ਦੀ ਕੋਸ਼ਸ਼ ਹੈ। ਜੇਕਰ ਇਹ ਦੁਰਘਟਨਾਂ ਅੱਤਵਾਦੀ ਅਨਸਰਾਂ ਦੀ ਕਾਰਵਾਈ ਕਰਕੇ ਹੈ, ਤਾਂ ਉਹ ਆਪੇ ਹੀ ਭਾਈਚਾਰੇ ਵਿਚੋਂ ਪਛਾਣੇ ਜਾਣਗੇ। ਅਜੇਹੇ ਅਨਸਰਾਂ ਦੀ ਕੋਈ ਮਨੁੱਖਤਾ ਨਾਲ ਹਮਦਰਦੀ ਨਹੀਂ ਹੁੰਦੀ। ਮਨੁੱਖੀ ਦਰਦ ਤੋਂ ਅਣਭਿੱਜ ਅਜੇਹੇ ਅਨਸਰ ਜੰਗਲੀ ਜਾਨਵਰਾਂ ਦੀ ਤਰ੍ਹਾਂ ਵਹਿਸ਼ੀ ਹੁੰਦੇ ਹਨ। ਅਜੇਹੇ ਮੁੱਠੀ ਭਰ ਫਿਰਕੂ ਅਨਸਰ, ਜੋ ਇਸ ਦੁਰਘਟਨਾਂ ਤੋਂ ਪਹਿਲਾਂ ਹੰਕਾਰ ਵਿਚ ਆਫਰੇ ਹੋਏ ਗੱਲ ਗੱਲ 'ਤੇ ਖਾਣ ਨੂੰ ਪੈਂਦੇ ਸਨ, ਉਹ ਵੀ ਹਾਲ ਦੀ ਘੜੀ ਏਨਾ ਜਾਨੀ ਨੁਕਸਾਨ ਹੋਇਆ ਕਰਕੇ, ਮੌਕੇ ਦੀ ਨਜ਼ਾਕਤ ਵੇਖ ਕੇ ਬਾਏਂ ਦੜ ਵੱਟ ਗਏ ਹਨ ਅਤੇ ਰੰਗ ਬਰੰਗੇ ਚੋਗਿਆਂ ਵਿਚ ਆਪਣੇ ਦੰਭ ਨੂੰ ਛੁਪਾ ਕੇ ਸ਼ਰਾਫ਼ਤ ਦੇ ਪੁਤਲੇ ਬਣੇ ਜਾਪਦੇ ਹਨ; ਪਰ ਇਹ ਨਿਰਾ ਛਲਾਵਾ ਹੈ। ਇਹਨਾਂ ਦੇ ਮਨ ਅੰਦਰੋਂ ਪੂਰੀ ਵਹਿਸ਼ਤ ਅਤੇ ਦੰਭ ਨਾਲ ਕਾਲੇ ਹਨ। ਜੇਕਰ ਇਸ ਹਾਦਸੇ ਵਿਚ ਇੰਜ ਮਨੁੱਖੀ ਜਾਨਾਂ ਦਾ ਨੁਕਸਾਨ ਨਾ ਹੋ ਕੇ ਕੇਵਲ ਹਵਾਈ ਜਹਾਜ਼ ਹੀ ਉੱਡ ਗਿਆ ਹੁੰਦਾ ਤਾਂ ਇਹਨਾਂ ਹੀ ਅਨਸਰਾਂ ਨੇ ਇਕ ਦੂਜੇ ਤੋਂ ਮੂਹਰੇ ਭੱਜ ਭੱਜ ਕੇ ਇਸ ਕਾਰਵਾਈ ਦਾ ਸੇਹਰਾ ਆਪਣੇ ਸਿਰ ਲੈ ਕੇ ਫ਼ੁਕਾਰੇ ਮਾਰਨੇ ਸਨ।

ਇਸ ਕਰਕੇ ਭਾਰਤੀ ਕਮਿਊਨਿਟੀ – ਹਿੰਦੂ, ਸਿੱਖਾਂ, ਮੁਸਲਮਾਨਾਂ – ਸਭ ਨੂੰ ਪੱਛਮੀ ਮੀਡੀਏ ਵੱਲੋਂ ਭੜਕਾਊ ਖ਼ਬਰਾਂ ਅਤੇ ਅਫ਼ਵਾਹਾਂ ਛਾਪਣ ਤੋਂ ਵਰਜਣਾ ਚਾਹੀਦਾ ਹੈ ਅਤੇ ਕਦੇ ਵੀ ਗਲਤ ਅਫ਼ਵਾਹਾਂ ਦਾ ਸ਼ਿਕਾਰ ਹੋ ਕੇ ਆਪਣੇ ਹਮਵਤਨਾਂ ਦੇ ਦੋਖੀ ਨਹੀਂ ਬਣਨਾ ਚਾਹੀਦਾ। ਇਸ ਦੇ ਨਾਲ ਨਾਲ ਫਿਰਕੂ ਅਨਸਰਾਂ ਦੇ ਦੰਭ ਦਾ ਪਾਜ ਖੋਲ੍ਹਦੇ ਹੋਏ ਉਨ੍ਹਾਂ ਦੀਆਂ ਲੂੰਬੜਚਾਲਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ●

# S&S Insurance SERVICES



ਹਰਦੇਵ ਗਿੱਲ 590-2058

IN PUNJABI MARKET
6658 - MAIN STREET,
VANCOUVER, B.C.
TEL: 324-2311



ਦਲਜੀਤ ਸਿੱਧੂ 324-2311

**GET YOUR** Autoplan **AND HOME INSURANCE**

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ।

***Enquire about Added Autoplan Protection***
***Benefits from us:***
- •UNDER INSURED MOTORIST PROTECTION
- •INCOME REPLACEMENT
- •LOSS OF USE
- •FREE AUTOPLAN MOTORIST KIT

The shop where you can get all kinds of Fabrics!

## PRINCE FABRICS

**372 - Anderson Drive**
**Quesnel, B.C.**
**V2J 1G2**

Bus: (604) 992-3319
Res: (604) 992-5108
**Jagdish Puri**

* *We make to measure Salwar - Kamiz - Lehnga*
* *Also in gents wear Pants, Shirts, Coats, etc.*
* *Mail order accepted*

EYE EXAMINATIONS ARRANGED



**SOFT CONTACT LENS SALE**

**NOW $119.00**
ALL FITTING FEES INCLUDED

If you've ever wanted to wear contact lenses, here's your opportunity! These first quality soft contact lenses are super comfortable, simple and safe to wear.

Bring us your prescription (or ask us to arrange an eye examination) and be experty fitted by our qualified staff. You'll be surprised how quickly you can adapt to wearing soft contact lenses!

**EXTENDED WEAR CONTACT LENS $219.00**

## Campus Eye Center

11151-87 Ave. 432-1372

## ਉਹ ਯੁੱਧ ਨਹੀਂ ਸੀ

— ਇਕਬਾਲ ਰਾਮੂਵਾਲੀਆ

ਤਾਰੀਖ਼ ਤਾਂ ਸ਼ਾਇਦ ਉਸ ਨੂੰ ਵੀ
ਯੁੱਧ ਕਹਿ ਹੀ ਦੇਵੇ
ਜੋ ਬੰਦਿਆਂ ਨਹੀਂ
ਪਰਛਾਵਿਆਂ ਨੇ ਲੜਿਆ ਹੈ ।

ਉਹ ਪਰਛਾਵੇਂ ਹੀ ਸਨ
ਜੋ ਬੀਜ ਦੇ ਫੈਲਾਅ ਲਈ ਮੁੱਠੀਆਂ ਢੂੰਡਦੇ ਰਹੇ,
ਤੇ ਵੇਦਾਂ ਦੀ ਡੂੰਘਾਈ ਲਈ ਹੱਥਾਂ ਦੀਆਂ ਲਕੀਰਾਂ ।

ਉਹ ਪਰਛਾਵੇਂ ਹੀ ਸਨ
ਜਿਨ੍ਹਾਂ ਗਰੀਬਾਂ ਦੇ ਪੱਤਰਿਆਂ ਦੀਆਂ ਛੁਰੀਆਂ ਬਣਾ ਲਈਆਂ
ਬਾਣੀ ਦੇ ਅਰਥ ਛਿੱਲਣ ਲਈ
ਤੇ ਸ਼ਲੋਕਾਂ ਦੇ ਫੱਟ ਛਾਂਗਣ ਲਈ ...

ਇਕ ਨਦੀ ਹੁਣ ਖ਼ੂਨ ਦੀ ਵੀ ਵਗਦੀ ਹੈ,
ਜਿਦ੍ਹੇ 'ਚ ਮੰਦਰ ਦਾ ਕਲਸ਼ ਵੀ ਡੁੱਬਿਆ ਹੈ,
ਤੇ ਗੁਰਦੁਆਰੇ ਦਾ ਗੁੰਬਦ ਵੀ ...
ਤਰਦੀਆਂ ਨੇ ਤਾਂ ਸਿਰਫ਼ ਕੁਰਸੀਆਂ ਤਰਦੀਆਂ ਨੇ
ਜਾਂ ਵੋਟ-ਨਿਸ਼ਾਨਾਂ ਨਾਲ ਲਿੱਬੜੇ ਕਾਗਜ਼ਾਂ ਦੀਆਂ ਕਿਸ਼ਤੀਆਂ।

ਉਹ ਯੁੱਧ ਨਹੀਂ ਸੀ
ਜੋ ਗਰੀਬਾਂ ਦੀਆਂ ਜਿਲਦਾਂ ਨਾਲ ਲੜਿਆ ਗਿਆ।
ਉਹ ਯੁੱਧ ਨਹੀਂ ਸੀ
ਜੋ ਸਾੜ੍ਹੀ ਦੀ ਛਾਂ ਹੇਠ ਪਾਲਿਆ ਗਿਆ।
ਉਹ ਯੁੱਧ ਨਹੀਂ ਸੀ
ਜੋ ਸੰਦੂਕੜੀਆਂ ਦੇ ਚੁਗਣ ਲਈ ਖਿਲਾਰਿਆ ਗਿਆ।
ਉਹ ਜੋ ਯੁੱਧ ਦੀ ਤੌਹੀਨ ਸੀ, ਮਿੱਤਰੋ,
ਤੇ ਹਥਿਆਰਾਂ ਦੀ ਬੇਅਦਬੀ,
ਤਾਰੀਖ਼ ਤਾਂ ਸ਼ਾਇਦ ਉਸ ਨੂੰ ਵੀ ਯੁੱਧ ਕਹਿ ਹੀ ਦੇਵੇ ! •

ਸੁਲਘਦੇ ਅਹਿਸਾਸ ਅਤੇ ਤਿੰਨ ਕੋਣ ਤੋਂ ਬਾਅਦ ਇਕਬਾਲ ਰਾਮੂਵਾਲੀਏ ਦਾ
ਨਵਾਂ ਕਾਵਿ-ਸੰਗ੍ਰਹਿ: **ਕੁੱਝ ਵੀ ਨਹੀਂ**

## ਮਹਿਲੀਂ ਵਸਦੇ ਚੋਰ

ਸੁਰਿੰਦਰ ਧੰਜਲ •

ਕਿਸਨੇ ਕੱਟੀ ਸਾਡੀ, ਮਿੱਤਰਤਾ ਦੀ ਡੋਰ ਓਏ,
ਸਾਡੀ ਮੋਹ-ਗਲਵੱਕੜੀ, ਦੇ ਕਿੱਥੇ ਵਸਦੇ ਚੋਰ ਓਏ,
ਓ ਵੀਰਨ ਮੇਰਿਆ !

ਤੇਰੇ ਘਰ ਦੇ ਸ਼ੀਸ਼ੇ ਅੰਦਰ,
ਮੈਂ ਆਪਣਾ ਮੂੰਹ ਸੀ ਤਕਦਾ।
ਮੇਰੇ ਘਰ ਦੇ ਸ਼ੀਸ਼ੇ ਅੰਦਰ,
ਤੇਰਾ ਸਾਵਾਂ ਮੂੰਹ ਸੀ ਵਸਦਾ।
ਅੱਜ ਅੱਖੀਆਂ ਅੰਨ੍ਹੀਆਂ ਕਰਦੀ,
ਕਿਉਂ ਸ਼ੀਸ਼ਿਆਂ ਦੀ ਲਿਸ਼ਕੋਰ ਓਏ? ਓ ਵੀਰਨ ਮੇਰਿਆ...

ਸਤਲੁਜ ਤੇ ਗੰਗਾ ਜਮਨਾ,
ਵਿੱਚ ਰੜ੍ਹੇ ਦੀ ਰੰਗ ਹਤਿਆਰੀ।
ਸਾਡੀ ਪੱਕੀਆਂ ਨੀਹਾਂ ਵਾਲੀ,
ਸਾਡੀ ਜਨਮ ਜਨਮ ਦੀ ਯਾਰੀ।
ਅੱਜ ਵਾਂਗ ਪਤਾਸੇ ਖੁਰ ਗਈ,
ਕਿਉਂ ਖੁਰ ਗਈ ਅੱਖ ਦੇ ਫੋਰ ਓਏ? ਓ ਵੀਰਨ ਮੇਰਿਆ...

ਕਿੱਥੇ ਮਾਖਿਓਂ-ਨਸ਼ਾ ਪੁਰਾਣਾ,
ਕਿੱਥੇ ਉਸਦੀ ਲੋਰ ਗੁਆਚੀ ?
ਡੰਗ ਕਿਹੜੇ ਨਾਗ ਚਲਾਇਆ,
ਮਸਤਾਨੀ ਤੋਰ ਗੁਆਚੀ ?

ਅੱਖੀਂ ਮਗਰਮੱਛ ਦੇ ਹੰਝੂ, ਦਿਲੋਂ ਪੈਲਾਂ ਪਾਉਂਦੇ ਮੋਰ ਓਏ,
ਜਿੰਨ੍ਹਾਂ ਕੱਟੀ ਸਾਡੀ, ਮਿੱਤਰਤਾ ਦੀ ਡੋਰ ਓਏ,
ਸਾਡੀ ਮੋਹ-ਗਲਵੱਕੜੀ, ਦੇ ਮਹਿਲੀਂ ਵਸਦੇ ਚੋਰ ਓਏ,
ਓ ਵੀਰਨ ਮੇਰਿਆ !

• (ਨਵੇਂ ਕਾਵਿ-ਸੰਗ੍ਰਹਿ 'ਜ਼ਖ਼ਮਾਂ ਦੀ ਫ਼ਸਲ' ਵਿੱਚੋਂ)

ਸੂਰਜਾਂ ਦੇ ਹਮਸਫ਼ਰ ਅਤੇ ਤਿੰਨ ਕੋਣ ਤੋਂ ਬਾਅਦ ਸੁਰਿੰਦਰ ਧੰਜਲ ਦਾ
ਨਵਾਂ ਕਾਵਿ-ਸੰਗ੍ਰਹਿ
**ਜ਼ਖ਼ਮਾਂ ਦੀ ਫ਼ਸਲ**


# Jay's Travel Ltd.

10421 - 80 Avenue, Edmonton, Alta. T6E 1V1
Ph. 403(432-7017)-4 lines

**COMPLETE TRAVEL SERVICE—WORLDWIDE**

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

**UNBEATABLE RATES TO**

*India, Pakistan, Sri Lanka, East Africa and Lebanon*

# ਇਕ ਰਿਪੋਰਟ

— ਲਾਟ ਭਿੰਡਰ

ਪਿਛਲੇ ਦੋ ਸਾਲਾਂ ਤੋਂ ਉੱਤਰੀ ਅਮਰੀਕਾ ਵਿਚ ਰਹਿੰਦੇ ਅਗਾਂਹ ਵਧੂ ਅਤੇ ਦੇਸ਼ ਭਗਤ ਲੋਕਾਂ ਦੀਆਂ ਜਥੇਬੰਦੀਆਂ ਭਾਰਤੀ ਸਰਕਾਰ ਦੀਆਂ ਫਾਸ਼ੀ ਰੁਚੀਆਂ ਤੇ ਆਮ ਲੋਕਾਂ ਉਪਰ ਫਿਰਕੂ ਤਸ਼ੱਦਦ ਦੇ ਵਿਰੁਧ ਇਕੱਠੇ ਹੋ ਕੇ ਆਪਣੀ ਆਵਾਜ਼ ਉਠਾ ਰਹੀਆਂ ਹਨ। ਪਿਛਲੇ ਸਾਲ ਇਨ੍ਹਾਂ ਜਥੇਬੰਦੀਆਂ ਵਲੋਂ ਇਕ ਲੀਫਲੈੱਟ ਵਡੀ ਗਿਣਤੀ ਵਿਚ ਵੰਡਿਆ ਗਿਆ। ਜਿਸ ਵਿਚ ਭਾਰਤੀ ਸਰਕਾਰ ਤੇ ਧਾਰਮਿਕ ਜਨੂੰਨੀਆਂ ਦੀ ਨਿਖੇਧੀ ਕੀਤੀ ਗਈ ਜੋ ਕਿ ਪੰਜਾਬ ਦੀ ਮੌਜੂਦਾ ਹਾਲਤ ਦੇ ਜ਼ਿੰਮੇਵਾਰ ਹਨ। ਇਸ ਦੇ ਹੀ ਖਿਲਾਫ਼ ਇਹਨਾਂ ਜਥੇਬੰਦੀਆਂ ਵਲੋਂ ਪਿਛਲੇ ਸਾਲ Edmonton ਇਕ ਮੀਟਿੰਗ ਕੀਤੀ ਗਈ ਸੀ। ਇਹਨਾਂ ਜਥੇਬੰਦੀਆਂ ਜਿਨ੍ਹਾਂ ਵਿੱਚ IPANA, Anti 47, ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ, ਵਤਨੋਂ ਦੂਰ ਵੀ ਸ਼ਾਮਲ ਹਨ, (ਜੂਨ ਦੇ ਪਹਿਲੇ ਹਫਤੇ) ਵੈਨਕੂਵਰ ਵਿੱਚ ਇਨ੍ਹਾਂ ਨੇ ਇਕ ਮੀਟਿੰਗ ਕੀਤੀ ਜਿਸ ਵਿਚ ਇਹ ਨਿਸ਼ਚਾ ਕੀਤਾ ਗਿਆ ਕਿ ਭਵਿੱਖ ਵਿਚ ਵੱਧ ਤੋਂ ਵੱਧ ਇਕੱਠੇ ਹੋ ਕੇ ਕੰਮ ਕੀਤਾ ਜਾਵੇ ਤਾਂ ਕੇ ਭਾਰਤੀ ਸਰਕਾਰ ਦੇ ਫਾਸ਼ੀ ਰੁਝਾਨ ਅਤੇ ਘਟ ਗਿਣਤੀਆਂ ਉਪਰ ਹੋ ਰਹੇ ਤਸ਼ੱਦਦ ਦੀ ਸੁਚੱਜੇ ਅਤੇ ਮਜ਼ਬੂਤ ਢੰਗ ਨਾਲ ਵਿਰੋਧਤਾ ਕਰਨ ਲਈ ਲੋਕ ਰਾਏ ਲਾਮਬੰਦ ਕੀਤੀ ਜਾ ਸਕੇ।

ਇਸ ਮੀਟਿੰਗ ਵਿਚ ਹੇਠ ਲਿਖੇ ਮਤੇ ਪਾਸ ਕੀਤੇ ਗਏ

1. ਜਿਥੇ ਅਸੀਂ ਧਾਰਮਿਕ ਜਨੂੰਨੀਆਂ ਤੇ ਫਿਰਕਾ ਪ੍ਰਸਤਾਂ ਵਲੋਂ ਹਿੰਦੁਸਤਾਨ ਦੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੀਆਂ ਸਰਗਰਮੀਆਂ ਦੀ ਜ਼ੋਰਦਾਰ ਵਿਰੋਧਤਾ ਕਰਦੇ ਹਾਂ ਉਥੇ ਅਸੀਂ ਇਨ੍ਹਾਂ ਦਾ ਬਹਾਨਾ ਬਣਾ ਕੇ ਸਰਕਾਰ ਵਲੋਂ ਪਾਸ ਕੀਤੇ ਗੈਰ ਜਮਹੂਰੀ ਕਨੂੰਨ ਤੇ ਫਾਸ਼ੀਵਾਦ ਵਲ ਵਧ ਰਹੇ ਇਕ ਹੋਰ ਕਦਮ ਨੂੰ ਸਮਝਦਿਆਂ ਹੋਇਆਂ ਇਸ ਦੀ ਸਖਤ ਨਖੇਧੀ ਕਰਦੇ ਹਾਂ।
2. ਅਸੀਂ ਭਾਰਤੀ ਸਰਕਾਰ ਦੇ ਕੌਮੀ ਸ਼ਾਵਨਵਾਦੀ ਪਾਲਸੀਆਂ ਹੇਠ ਇਲਾਕਾਵਾਦ ਅਤੇ ਘੱਟ-ਗਿਣਤੀ ਲੋਕਾਂ ਉੱਪਰ ਕੀਤੇ ਜਾ ਰਹੇ ਜਬਰ ਦੀ ਨਿਖੇਧੀ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਸਾਰੀਆਂ ਘਟ-ਗਿਣਤੀਆਂ ਦੇ ਜ਼ਮਹੂਰੀ ਹੱਕਾਂ ਨੂੰ ਬਹਾਲ ਕਰਕੇ ਉਨਾਂ ਦੀ ਜਾਨ ਮਾਲ ਅਤੇ ਸੱਭਿਆਚਾਰਕ ਵਿਰਸੇ ਦੀ ਰਾਖੀ ਕੀਤੀ ਜਾਵੇ। •

## ਡਾਇਰੈੱਕਟਰ ਕਤਲ ਕੇਸ 'ਚ ਫੜੇ ਵਿਦਿਆਰਥੀਆਂ ਦੇ ਕੇਸ ਦੀ ਪੈਰਵਾਈ ਲਈ
# ਆਰਥਕ ਸਹਾਇਤਾ ਲਈ ਅਪੀਲ

ਸਾਥੀਓ

ਜਿਵੇਂ ਤੁਸੀਂ ਜਾਣਦੇ ਹੀ ਹੋ ਕਿ ਖੇਤੀ ਬਾੜੀ ਯੂਨੀਵਰਸਿਟੀ ਦੇ ਬਦਨਾਮ ਡਾਇਰੈਕਟਰ ਪ੍ਰਿਥੀਪਾਲ ਦੇ ਕਤਲ ਕੇਸ 'ਚ 19 ਵਿਦਿਆਰਥੀਆਂ 'ਤੇ ਕੇਸ ਚੱਲ ਰਿਹਾ ਹੈ। ਪਹਿਲੇ ਪੜਾਅ 'ਚ ਕੇਸ ਦਾ ਫੈਸਲਾ ਸੈਸ਼ਨ ਕੋਰਟ 'ਚੋਂ ਹੋ ਚੁੱਕਾ ਹੈ, ਜਦ ਕਿ ਹਾਈ ਕੋਰਟ 'ਚ ਕੇਸ ਜਾ ਰਿਹਾ ਹੈ। ਤੇ ਨਾਲ ਹੀ ਸਰਕਾਰ ਵੱਲੋਂ ਭਗੌੜੇ ਕਰਾਰ ਦਿੱਤੇ ਸਾਥੀਆਂ 'ਤੇ ਵੀ ਕੇਸ ਸੈਸ਼ਨ ਕੋਰਟ 'ਚ ਖੁੱਲ੍ਹ ਗਿਆ ਹੈ (ਚਲ ਰਿਹਾ ਹੈ) ਕੇਸ ਨੂੰ DEAL ਕਰਨ ਲਈ ਇਕ ਡੀਫੈਂਸ ਕਮੇਟੀ ਬਣਾਈ ਹੈ। ਕੇਸ ਦੀ ਪੈਰਵਾਈ ਕਰਨ ਲਈ ਬਣਾਈ ਡੀਫੈਂਸ ਕਮੇਟੀ ਨੂੰ ਕਾਫੀ ਆਰਥਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਡੀਫੈਂਸ ਕਮੇਟੀ ਕਮਿਊਨਿਸਟ ਇਨਕਲਾਬੀ ਲਹਿਰ ਦੇ ਸਾਰੇ ਹਮਦਰਦਾਂ ਨੂੰ ਅਪੀਲ ਕਰਦੀ ਹੈ ਕਿ ਉਹ ਕੇਸ ਦੀ ਪੈਰਵਾਈ ਦੌਰਾਨ ਆ ਰਹੀਆਂ ਆਰਥਕ ਮੁਸ਼ਕਲਾਂ ਵਿਚ ਸਾਡਾ ਹੱਥ ਵੰਡਾਉਣ।

ਅਸੀਂ ਵਿਸ਼ੇਸ਼ ਕਰ ਤੁਹਾਥੋਂ, ਜੋ ਪਰਦੇਸਾਂ 'ਚ ਬੈਠੇ ਲਹਿਰ ਪ੍ਰਤੀ ਹਮਦਰਦੀ ਰੱਖਦੇ ਹੋ, ਇਸ ਕੇਸ ਸਬੰਧੀ ਆਰਥਕ ਮੱਦਦ ਦੀ ਆਸ ਰੱਖਦੇ ਹਾਂ। ਤੁਸੀਂ ਆਪਣੇ ਨੇੜਲੇ ਘੇਰਿਆਂ ਤੋਂ ਜਿੰਨਾ ਵੀ ਹੋ ਸਕੇ, ਫੰਡ ਇਕੱਠਾ ਕਰਕੇ ਭੇਜੋ। ਅਸੀਂ ਇਨਕਲਾਬੀ ਸਾਥੀਆਂ ਵੱਲੋਂ ਤੁਹਾਡੇ ਅਤੀ ਧੰਨਵਾਦੀ ਹੋਵਾਂਗੇ।

ਨੋਟ:
1. ਇਕੱਠਾ ਕੀਤਾ ਫੰਡ ਇਸ ਹੇਠ ਲਿਖੇ ਪਤੇ 'ਤੇ ਭੇਜਿਆ ਜਾਵੇ।
2. ਸਾਰੇ ਚੈੱਕ, ਬੈਂਕ ਡਰਾਫ਼ਟ ਜਾਂ ਪੋਸਟਲ ਆਰਡਰ ਆਦਿ ਸਿਰਫ਼ ਨਰਿੰਦਰ ਸਿੰਘ ਦੇ ਨਾਂ 'ਤੇ ਹੀ ਭੇਜੇ ਜਾਣ।
3. ਫੰਡ ਭੇਜਣ ਲੱਗਿਆਂ ਉਸ ਨਾਲ ਚਿੱਠੀ ਅਤੇ "ਫੰਡ ਬਾਬਤ ਡਾਇਰੈਕਟਰ ਕਤਲ ਕੇਸ" ਜ਼ਰੂਰ ਲਿਖਿਆ ਜਾਵੇ।

ਇਨਕਲਾਬੀ ਭਾਵਨਾਵਾਂ ਸਹਿਤ
ਵੱਲੋਂ ਡੀਫੈਂਸ ਕਮੇਟੀ
ਡਾਇਰੈਕਟਰ ਕਤਲ ਕੇਸ
E.J. 273 ਚਹਾਰ ਬਾਗ
P. BOX 126
JULLUNDER CITY
PUNJAB, INDIA.

'ਸੋਨੇ ਰੰਗੀ ਸੜਕ' ਤੋਂ ਬਾਅਦ ਸਾਧੂ ਦਾ ਪਲੇਠਾ ਕਹਾਣੀ-ਸੰਗ੍ਰਹਿ:

ਕਿਸ ਦਾ ਕਸੂਰ?

## ਗੀਤ

– ਜਗਦੇਵ ਜਟਾਣਾ

ਵੰਡਵਾਦ ਦੇ ਗੰਜੇ ਬੱਦਲ ਬਹੁਤ ਮਚਾਇਆ ਸ਼ੋਰ
ਛਾਈ ਘਟਾ ਘਨਘੋਰ ਅੰਮੜੀਏ ਛਾਈ ਘਟਾ ਘਨਘੋਰ।

ਘਰ ਘਰ ਅੰਦਰ ਮੱਚੇ ਭਾਂਬੜ ਕਿਹੜਾ ਆਣ ਬੁਝਾਵੇ
ਪੈਰੀਂ ਪਏ ਹੋਏ ਧਰਮ ਦੇ ਸੰਗਲ ਪੇਸ਼ ਕੋਈ ਨਾ ਜਾਵੇ
ਵਿਚ ਫਿਰਕਿਆਂ ਗਿਆ ਵੰਡਿਆ ਬਾਹੋਂ ਮੁੱਕਿਆ ਜ਼ੋਰ
ਛਾਈ ਘਟਾ ਘਨਘੋਰ ਅੰਮੜੀਏ ਛਾਈ ਘਟਾ ਘਨਘੋਰ।

ਇੱਜ਼ਤਾਂ ਦੇ ਰਖਵਾਲੇ ਖ਼ੁਦ ਅੱਜ ਇੱਜ਼ਤ ਲੁੱਟੀ ਜਾਂਦੇ
ਅਮਨ ਦੇ ਪਹਿਰੇਦਾਰ ਨੇ ਫਿਰਦੇ ਫਿਰਕੂ ਜ਼ਹਿਰ ਫੈਲਾਂਦੇ
ਪੰਡਤ, ਭਾਈ, ਮੁੱਲਾਂ ਵੀ ਅੱਜ ਬਣ ਬੈਠੇ ਨੇ ਚੋਰ
ਛਾਈ ਘਟਾ ਘਨਘੋਰ ਅੰਮੜੀਏ ਛਾਈ ਘਟਾ ਘਨਘੋਰ।

ਮੂੰਹ ਵਿਚ ਰਾਮ ਬਗਲ ਵਿਚ ਵੇਖੋ ਛੁਰੀ ਛੁਪਾਈ ਫਿਰਦੇ
ਇਕ ਦੂਜੇ ਦੇ ਖ਼ੂਨ ਦੇ ਪਿਆਸੇ ਭਾਈ ਭਾਈ ਫਿਰਦੇ
ਭੁੱਲ ਮਨੁੱਖੀ ਰਿਸ਼ਤੇਨਾਤੇ ਰਾਹ ਅਪਣਾ ਲਏ ਹੋਰ
ਛਾਈ ਘਟਾ ਘਨਘੋਰ ਅੰਮੜੀਏ ਛਾਈ ਘਟਾ ਘਨਘੋਰ।

ਜਦ ਕਿਰਤੀ ਦੇ ਵਿਹੜੇ ਵਿਚੋਂ 'ਵਾਜ਼ ਹੱਕਾਂ ਦੀ ਆਈ
ਵਿਚ ਹਵੇਲੀ ਪੈ ਗਈ ਭਾਜੜ ਮੱਚੀ ਹਾਲ ਦੁਹਾਈ
ਫੇਰ ਨਵੇਂ ਨਾਅਰੇ ਸੰਗ ਉਨ੍ਹਾਂ ਚਾਲ ਚਲਾਈ ਹੋਰ
ਛਾਈ ਘਟਾ ਘਨਘੋਰ ਅੰਮੜੀਏ ਛਾਈ ਘਟਾ ਘਨਘੋਰ।

ਮਿਹਨਤਕਸ਼ ਮਜ਼ਦੂਰੋ ਜਾਗੋ ਦੇਸ਼ ਦਿਉ ਕਿਰਸਾਨੋ
ਬਾਹਰੀ ਖ਼ਤਰੇ ਦਾ ਡਰ ਦੇ ਕੇ ਲੁੱਟਣ ਘਰੀਂ ਜਵਾਨੋ
ਪਹਿਲਾਂ ਘਰ ਦੇ ਚੋਰ ਸਾਂਭੀਏ ਸਾਂਭਾਂਗੇ ਫਿਰ ਹੋਰ
ਛਾਈ ਘਟਾ ਘਨਘੋਰ ਅੰਮੜੀਏ ਛਾਈ ਘਟਾ ਘਨਘੋਰ।

'ਦੇਵ ਜਟਾਣਿਆਂ ਵਾਲੇ' ਵਾਂਗੂ ਸਾਰੇ ਬਣ ਕੇ ਸੋਚੀ
ਰਾਹ ਦੇ ਵਿਚ ਅੜਿੱਕਾ ਬਣਦੇ ਚੁਣ ਚੁਣ ਸੋਧੋ ਰੋੜੀ
ਵੈਰ ਭਾਵ ਤੋਂ ਰਹਿਤ ਸਿਰਜੀਏ ਦੁਨੀਆਂ ਨਵੀਂ ਨਕੋਰ
ਛਾਈ ਘਟਾ ਘਨਘੋਰ ਅੰਮੜੀਏ ਛਾਈ ਘਟਾ ਘਨਘੋਰ।

● (FORT NELSON, B.C.)

## ਗ਼ਜ਼ਲ

ਨਾਜਰ ਸਿੰਘ 'ਤਰਸ'

ਕਿੱਧਰ ਨੂੰ ਜਾ ਰਿਹਾ ਸੰਸਾਰ । ਹਰ ਪਾਸੇ ਹੀ ਭ੍ਰਿਸ਼ਟਾਚਾਰ ।
ਵੇਚ ਰਹੇ ਗਊਆਂ ਦੀ ਚਰਬੀ, ਗਊ ਰਖਸ਼ਾ ਦੇ ਦਾਹਵੇਦਾਰ ।
ਇਤਫ਼ਾਕ ਦੇ ਪਰਦੇ ਥੱਲੇ, ਨਫ਼ਰਤ ਦਾ ਹੁੰਦਾ ਪਰਚਾਰ ।
ਗੋਲਕ ਉੱਤੇ ਹੱਥ ਫੇਰਦਾ, ਦਾਅ ਲੱਗੇ ਤਾਂ ਸੇਵਾਦਾਰ ।
ਲੀਡਰ ਸਭ ਚੌਧਰ ਦੇ ਭੁੱਖੇ, ਜਾਂ ਫਿਰ ਹਨ ਪੈਸੇ ਦੇ ਯਾਰ ।
ਕੌਲ ਕਰੇ ਪੂਰਾ ਨਹੀਂ ਕਰਦੇ, ਵੋਟਾਂ ਵੇਲੇ ਕਰਨ ਕਰਾਰ ।
ਰੱਬ ਦੇ ਵੱਖ ਵੱਖ ਪਾਉਂਦੇ ਵੰਡੇ, ਦੀਨ ਮਜ਼ਹਬ ਦੇ ਠੇਕੇਦਾਰ ।
ਆਪ ਹੋ 'ਕੱਠੇ ਪੀਣ ਕਾੜ੍ਹੀਆਂ, ਝਗੜੇ ਪਾ ਜਨਤਾ ਵਿਚਕਾਰ ।
ਵੀਰ ਵੀਰ ਦਾ ਖ਼ੂਨ ਕਰਨ ਲਈ, ਵੀਰ ਵੀਰ ਤੇ ਕਰਦਾ ਵਾਰ ।
ਜਿੱਥੋਂ ਜਾ ਕੇ ਲੱਭਣੀ ਸ਼ਾਂਤੀ, ਧਰਮ ਸਥਾਨ ਬਣੇ ਅੰਗਿਆਰ ।
'ਤਰਸ' ਵੀਰਿਓ! ਚੰਗੇ ਬਣ ਜਾਓ, ਹੋਸ਼ ਕਰੋ ਹੋਵੋ ਹੁਸ਼ਿਆਰ ।

●(PANJAB, INDIA)

## ਲਾਗੀ

● ਨਾਜ਼ਰ ਸਿੰਘ 'ਦੀਪਕ' ●

ਮੈਂ ਪਿੰਡ ਦਾ ਲਾਗੀ ਚਮਿਆਰ

ਜ਼ਿੰਦਗੀ ਮੇਰੀ ਕੋਹੜੀ ਕੋਹੜੀ
ਜ਼ਿੰਦਗੀ ਮੇਰੀ ਹੱਡਾਂ ਰੋੜੀ
ਗਰਭ ਤੋਂ ਲੈ ਕੇ ਕਬਰਾਂ ਤੀਕਰ
ਖਿੱਚਾਂ ਢੋਆਂ ਨਿੱਤ ਮੁਰਦਾਰ
ਮੈਂ ਪਿੰਡ ਦਾ ਲਾਗੀ ਚਮਿਆਰ

ਰੋਟੀ ਮੇਰੀ ਰੁੱਖੀ ਰੁੱਖੀ
ਆਂਦਰ ਮੇਰੀ ਭੁੱਖੀ ਭੁੱਖੀ
ਆਤਮਾਂ ਮੇਰੀ ਦੁਖੀ ਦੁਖੀ
ਰੋਂਦੀ ਧੋਂਦੀ ਕਰੇ ਪੁਕਾਰ
ਮੈਂ ਪਿੰਡ ਦਾ ਲਾਗੀ ਚਮਿਆਰ

ਜੱਗ ਦੀ ਭਾਬੀ ਮੇਰੀ ਹੀਰ
ਮੇਰੀ ਇੱਜ਼ਤ ਲੀਰੋ ਲੀਰ
ਹੋਣੀ ਮੇਰੀ ਲੰਮੀ ਪੀੜ
ਕਿਤੇ ਨਹੀਂ ਮੇਰਾ ਸਤਿਕਾਰ
ਮੈਂ ਪਿੰਡ ਦਾ ਲਾਗੀ ਚਮਿਆਰ

ਮੇਰਾ ਧੰਦਾ ਮੁਰਦੇ ਢੋਣਾਂ
ਖੱਲਾਂ ਵੱਢ ਚੰਮ ਸਿਊਣਾਂ
ਜ਼ਿੰਦਗੀ ਨੂੰ ਇੰਜ ਧੱਕਾ ਲਾਉਣਾ
ਜਣੇ-ਖਣੇ ਤੋਂ ਹੱਡ ਤੁੜਾਉਣਾ
ਹੁੰਦੇ ਰਹਿਣਾ ਰੋਜ਼ ਖੁਆਰ
ਮੈਂ ਪਿੰਡ ਦਾ ਲਾਗੀ ਚਮਿਆਰ

ਮੈਂ ਚੰਗਾ ਚੰਗਾ ਮੁਰਦਾਰ
ਫੜ ਲੈਂਦੇ ਮੈਨੂੰ "ਸਰਦਾਰ"
ਦੱਬ ਕੇ ਵਾਹੁੰਦੇ ਵਿਚ ਵਗਾਰ
ਪਿੱਛੋਂ ਕਹਿ 'ਕੁੱਤਾ ਚਮਿਆਰ'
ਦੇਂਦੇ ਨੇ ਮੈਨੂੰ ਧਿਤਕਾਰ
ਮੈਂ ਪਿੰਡ ਦਾ ਲਾਗੀ ਚਮਿਆਰ

ਪੰਡਿਤ ਮੇਰੀ ਛਾਂ ਤੋਂ ਡਰਦਾ
ਘੁਰ ਘੁਰ ਕੁੱਤੇ ਵਾਂਗੂ ਕਰਦਾ
ਦੇਖ ਬ੍ਰਾਹਮਣੀ ਕਰਦੀ ਪਰਦਾ
ਕਹੇ, "ਕੰਜਰ ਬਿਨਾਂ ਨਹੀਂ ਸਰਦਾ"
ਲੱਗੇ ਨਾ ਮਤਾਂ ਨਜ਼ਰ ਚੁਮਾਰ
ਮੈਂ ਪਿੰਡ ਦਾ ਲਾਗੀ ਚਮਿਆਰ

ਬੌਲ ਵਾਂਗ ਮੈਂ ਧਰਤੀ ਚੁੱਕੀ
ਕਿਰਤ ਖਰੀ ਪਰ ਰੋਟੀ ਰੁੱਖੀ
ਤਨ ਪਿੰਜਰ ਜਿੰਦ ਟੁੱਟੀ ਟੁੱਟੀ
ਇਹ ਕਿਰਤ ਭੁੱਖੀ, ਓਹ ਲੋਟੂ ਸੁਖੀ
ਏਥੇ ਨੇ ਲੁੱਟਾਂ ਬੇਸ਼ੁਮਾਰ
ਮੈਂ ਪਿੰਡ ਦਾ ਲਾਗੀ ਚਮਿਆਰ

ਦੇਖੋ! ਰੱਬ ਕੰਜਰ ਕੀਤਾ ਏ ਕੋਹੜਾ
ਸ਼ਾਹਾਂ ਰੱਜਵਾਂ, ਕਿਰਤੀਆਂ ਥੋਹੜਾ
ਕਰਨ ਮੁਸ਼ੱਕਤ ਬਣ ਕੇ ਘੋੜਾ
ਅੱਜ ਤੋਂ ਮੈਂ ਹੋਣੀ ਨੂੰ ਤੋੜਾਂ
ਮੰਗਾਂ ਮਿਹਨਤ ਦਾ ਪੂਰਾ ਮੋੜਾ
ਨਹੀਂ ਤੇ ਹੈ ਮੇਰਾ ਇਨਕਾਰ
ਮੈਂ ਨਹੀਂ ਕਰਨੀ ਹੋਰ ਵਗਾਰ
ਕੋਈ ਨਾ ਕਹੇ ਮੈਨੂੰ ਚਮਿਆਰ
ਹੋਣੀ ਦਾ ਮੈਂ ਖ਼ੁਦ ਮੁਖ਼ਤਿਆਰ।
ਮੈਂ ਪਿੰਡ ਦਾ ਦਾਨਾ ਸਰਦਾਰ।

●(HAMILTON, ONT.)

# ਕੈਨੇਡਾ ਦੇ ਪੰਜਾਬੀ ਲੇਖਕਾਂ ਦੇ ਧਿਆਨਯੋਗ

ਕੈਨੇਡਾ ਵਸਦੇ ਕਵੀਆਂ, ਲੇਖਕਾਂ ਅਤੇ ਸੰਪਦਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦਾਸ ਨੇ ਕੈਨੇਡਾ ਵਿਚ ਰਚੇ ਪੰਜਾਬੀ ਸਾਹਿਤ ਬਾਰੇ ਖੋਜ ਕਰਨ ਦਾ ਮਨ ਬਣਾਇਆ ਹੈ। ਇਹ ਖੋਜ ਮੇਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਮਿਲੇ ਪੀ. ਐਚ. ਡੀ. ਦੇ ਥੀਸਿਜ਼, "ਕੈਨੇਡਾ ਵਿਚਲੇ ਪੰਜਾਬੀ ਸਾਹਿਤ ਦੀ ਪੰਜਾਬੀ ਸਾਹਿਤ ਨੂੰ ਦੇਣ" ਨਾਲ ਸਬੰਧ ਰੱਖਦੀ ਹੈ। ਦਾਸ ਇਸ ਸਦੀ ਦੇ ਆਰੰਭ (ਗਦਰ ਪਾਰਟੀ) ਤੋਂ ਲੈ ਕੇ ਅੱਜ ਤੀਕ ਪੰਜਾਬੀ ਵਿਚ ਛਪੀ ਹਰ ਰਚਨਾ ਕਵਿਤਾ, ਕਹਾਣੀ, ਨਾਵਲ, ਨਾਟਕ, ਨਿਬੰਧ, ਧਾਰਮਿਕ ਜਾਂ ਸਿਆਸੀ ਲੇਖ, ਪੰਜਾਬੀ ਰੋਜ਼ਾਨਾ, ਸਪਤਾਹਿਕ, ਪੰਦਰਵਾੜੇ ਜਾਂ ਧਾਰਮਿਕ ਰਸਾਲੇ ਤੇ ਉਨ੍ਹਾਂ ਵਿਚ ਛਪੀ ਸਮੁੱਚੀ ਸਮੱਗਰੀ ਦਾ ਅਧਿਐਨ ਕਰਨਾ ਚਾਹੁੰਦਾ ਹੈ।

ਦਾਸ ਆਪ ਦਾ ਬੜਾ ਹੀ ਧੰਨਵਾਦੀ ਹੋਵੇਗਾ ਜੇਕਰ ਆਪ ਤੁਹਾਡੇ ਪਾਸ ਜੋ ਵੀ ਛਪੀ ਅਣਛਪੀ ਪੰਜਾਬੀ ਦੀ ਰਚਨਾ ਹੋਵੇ, ਉਹ ਮੇਰੇ ਤੀਕ ਅਪੜਦੀ ਕਰੋਗੇ। ਜੇਕਰ ਪੁਸਤਕ ਰਸਾਲੇ ਆਦਿ ਦੀ ਕੀਮਤ ਲੈਣੀ ਚਾਹੋਂ ਤਾਂ ਉਹ ਵੀ ਅਦਾ ਕਰ ਦਿਤੀ ਜਾਵੇਗੀ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਰਚਨਾਵਾਂ ਭੇਜਣ ਦੀ ਖੇਚਲ ਕਰਨੀ।

ਆਪ ਦਾ ਹਿਤੂ
ਰਛਪਾਲ ਸਿੰਘ ਰਾਮੂੰਵਾਲੀਆ
**65-Classis Drive**
**Rexdale - Toronto**
**Ph. 416-741-7538**
**Ontario M9V 4Z4**

# ਸਾਡਾ ਰਾਹ

— ਸੁਖਪਾਲ

ਗੁੱਸੇ ਦਾ ਆਉਣਾ ਤਾਂ ਬਹੁਤ ਜ਼ਰੂਰੀ ਹੈ
ਗ਼ੁਲਾਮੀਆਂ ਦੇ ਦੌਰ ਵਿਚ
ਕੌਮ ਬਾਂਝ ਹੋ ਜਾਂਦੀ ਹੈ
ਗੁੱਸੇ ਦੀ ਜ਼ਮੀਂ ਬਿਨਾਂ
ਆਜ਼ਾਦੀ ਦਾ ਖ਼ਿਆਲ ਕਿੱਥੇ ਉੱਗੂ!
ਸ਼ੁਭ ਸ਼ਗਨ ਹੈ ਗੁੱਸੇ ਦਾ ਆਉਣਾ
ਗ਼ੁਲਾਮੀਆਂ ਦੇ ਦੌਰ ਵਿਚ,
ਪਰ ਠਹਿਰੋ! ਸੋਚੋ!
ਦਿਉ ਲਗਾਮਾਂ, ਅੱਡੀ ਨਾ ਲਾਇਉ!
ਇਹ ਰਾਹ ਆਪਣਾ ਨਹੀਂ
ਇਸ ਰਾਹ 'ਤੇ ਗੁੱਸਿਆਂ ਦੇ ਘੋੜੇ ਨਾ ਦੁੜਾਇਉ!

ਦਿੱਲੀ ਦਾ ਅਸਲਾ ਜਾਣ ਲਿਆ, ਬਹੁਤ ਅੱਛਾ!
ਇਕ ਦੁਸ਼ਮਣ ਪਹਿਚਾਣ ਲਿਆ, ਬਹੁਤ ਅੱਛਾ!
ਪਰ ਇਹ ਕੌਣ ਨੇ ਜੋ ਧਰਤੀ ਦੇ ਦੂਜੇ ਪਾਸਿਉਂ ਆਏ ਨੇ
ਸਾਡੇ ਬਲਦੇ ਸਿਵਿਆਂ 'ਤੇ ਆਪਣੇ ਮੁਫ਼ਾਦਾਂ ਦੀ ਖੀਰ ਰਿੰਨ੍ਹਣ!
ਕੀ ਰੌਂਅ ਹੈ ਇਨ੍ਹਾਂ ਦਾ ਸਾਨੂੰ ਉਸ ਰਸਤੇ ਪਾਉਣ ਦਾ –
ਰਸਤਾ ਜੋ ਦਿਸਦਾ ਹੀ ਆਪਣਿਆਂ ਦੇ ਸਿਵਿਆਂ ਦੀ ਲੋਏ ਹੈ!
ਬਹੁਤਾ ਮਾਣ ਨਾ ਕਰਿਉ ਰੀਗਨ ਦੀਆਂ ਪੈੜਾਂ 'ਤੇ
ਖ਼ੁਰਚ ਕੇ ਦੇਖ ਲਵੋ
ਥੱਲਿਉਂ ਮਿਲਣਗੇ ਨਾਦਰ, ਅਬਦਾਲੀ ਦੇ ਪਦ-ਚਿੰਨ੍ਹ ਹੀ!
ਤੇ ਜੇ ਅੱਖ ਪੱਟ ਕੇ ਵੇਖ ਸਕੋ ਇਸ ਜਨੂੰਨੀ ਰਾਤ ਵਿਚ ਹੀ
ਵੇਖ ਸਕਦੇ ਹੋ ਦਿੱਲੀ ਦੇ ਹਾਕਮਾਂ ਦੀ ਸਵਾਰੀ ਲੰਘਦੀ
ਏਸੇ ਹੀ ਰਸਤੇ ਤੋਂ।
ਮੰਦਰ ਹੋਵੇ ਜਾਂ ਗੁਰਦੁਆਰਾ –
ਲੁਟੇਰੇ ਦਾ ਧਰਮ ਹੈ ਲੁੱਟਣਾ
ਦਿੱਲੀ ਹੋਵੇ ਜਾਂ ਵਾਸ਼ਿੰਗਟਨ –
ਲੁਟੇਰੇ ਦਾ ਕਰਮ ਹੈ ਲੁੱਟਣਾ!
ਨਕਦ ਲਉ ਜਾਂ ਲਉ ਉਧਾਰਾ
ਲੂਣ ਚਿੱਟਾ ਹੋਵੇ ਜਾਂ ਕਾਲਾ
ਕਦੀ ਜ਼ਖ਼ਮਾਂ ਲਈ ਮਰਹਮ ਨਹੀਂ ਬਣ ਸਕਦਾ!
ਰੇਗਿਸਤਾਨ ਵਿਚ ਹੋਏਗਾ ਹੀ ਮਿਰਗਤ੍ਰਿਸ਼ਨਾਂ ਦਾ ਪਸਾਰਾ
ਪਰ ਬਹੁਤ ਹੀ ਆਤਮਘਾਤੀ ਹੁੰਦਾ ਹੈ
ਕੋਹਰੇ ਦੀਆਂ ਅੱਖਾਂ ਨਾਲ ਵੇਖ ਕੇ
ਸੂਰਜ ਨੂੰ ਬਰਫ਼ ਦਾ ਤੋਦਾ ਮੰਨ ਲੈਣਾ।
ਮੁਸਾਫ਼ਰ-ਖਾਣਾ, ਬਿਨ ਮੰਜ਼ਲਾ ਰਾਹ ਹੈ ਇਹ
ਤੇ ਭੇਤ ਕਦੋਂ ਇਹ ਅਜਗਰ ਦਾ ਪੇਟ ਬਣ ਜਾਏ
ਤੇ ਮੁਸਾਫ਼ਰ ਬੇਖ਼ਬਰੀ ਖਾਧੀ ਜਾ ਚੁੱਕੀ ਖ਼ੁਰਾਕ!
ਇਸ ਰਾਤ 'ਤੇ ਖੜ੍ਹ ਕੇ ਕੋਈ ਅਚੰਭਾ ਨਹੀਂ
ਕਿ ਤੁਸੀਂ ਆਪਣਾ ਹੀ ਲਹੂ ਪੀਣ ਲਈ ਕਾਹਲੇ ਹੋ
ਆਪਣਿਆਂ ਨੂੰ ਵੱਢਣ ਪੈਂਦੇ ਹੋ।
ਇਹ ਰਾਹ ਵੀਹਵੀਂ ਸਦੀ ਦੇ ਹਲਕਾਏ ਹੋਏ ਸਾਮਰਾਜੀ ਦੈਂਤ ਦੀ
ਰੇਂਗ ਰਹੀ ਜੀਭ ਹੈ

ਸੰਨ ਸੰਤਾਲੀ ਦੇ ਡੰਸਿਆਂ ਤੋਂ ਪੁੱਛ ਵੇਖੋ
ਇਹ ਰਾਹ ਸਾਡਾ ਨਹੀਂ।

ਇਸ ਰਾਹ 'ਤੇ ਚੱਲਦਿਆਂ ਗੁਰੂ ਦੇ ਸਿੰਘ ਹੀ ਮਾਰ ਸਕਦੇ ਹਨ
ਗ਼ਨੀ ਖਾਂ ਤੇ ਨਬੀ ਖਾਂ ਦੇ ਮੋਢਿਆਂ 'ਤੇ ਚੁੱਕੇ "ਉੱਚ ਦੇ ਪੀਰ" ਨੂੰ!
ਅਬਦਾਲੀ ਨਾਲ ਲੜਦਾ ਦੀਵਾਨ ਕੌੜਾ ਮੱਲ ਮਾਰਿਆ ਜਾਏਗਾ
ਖ਼ਾਲਸਾ ਫ਼ੌਜ ਹੱਥੋਂ ਹੀ।
ਇਸ ਰਾਹ 'ਤੇ ਚੱਲਦਿਆਂ
ਦੁਸ਼ਮਣ ਦੇ ਗੋਲੀ ਦਾਗੋਗੇ
ਆਪਣਾ ਹੀ ਸੀਨਾ ਛਲਣੀ ਪਾਉਗੇ
ਖ਼ੁਦਕਸ਼ੀਆਂ ਦਾ ਰਾਹ ਹੈ ਇਹ!
ਇਸ ਰਾਹ 'ਤੇ ਚੱਲਦਿਆਂ ਕੋਈ ਸ਼ਨਾਖ਼ਤ ਨਹੀਂ ਹੋ ਸਕਦੀ
ਗੋਬਿੰਦ ਤੇ ਔਰੰਗੇ ਵਿਚ!
ਕਾਨੂੰਨ ਦਾ ਗੁੰਡਾ ਹੱਥ ਮਾਸੂਮਾਂ ਨੂੰ ਬਲੀ ਚੜ੍ਹਾ ਕੇ
ਹਰਦੁਆਰ ਦੇ ਪਾਂਡਿਆਂ ਵਰਗੇ ਕਿਸੇ ਵੀ ਸੰਤ ਮਹੰਤ ਨੂੰ
ਖ਼ੂਨ ਦਾ ਟਿੱਕਾ ਲਗਾ ਕੇ
ਗੁਰੂਆਂ ਪੀਰਾਂ ਬਰਾਬਰ ਉੱਚਾ ਚੁੱਕ ਸਕਦਾ ਹੈ।
ਇਸ ਰਾਹ ਤੇ!
ਇਹ ਰਾਹ ਹਕੂਮਤ ਤੋਂ ਲਾਇਸੈਂਸ ਸ਼ੁਦਾ
ਭਿੰਡਰਾਂ ਵਾਲੇ ਦੀ ਬੰਦੂਕ ਹੈ
ਜਿਸ ਨਾਲ ਰਾਮ-ਮੁਹੰਮਦ ਸਿੰਘ ਆਜ਼ਾਦ ਨੂੰ ਕਤਲ ਕੀਤਾ ਜਾ ਸਕਦਾ ਹੈ–
ਓਡਵਾਇਰ ਤਕ ਪਹੁੰਚਣ ਤੋਂ ਪਹਿਲਾਂ ਹੀ!

ਇਹ ਰਾਹ ਇਕ ਲੰਬੀ ਨਲਕੀ ਹੈ
ਜਿਸ ਨਾਲ ਨਿਊਯਾਰਕ ਪਏ ਬੈਠਾ ਹੀ
ਭਾਰਤ ਨੂੰ ਕੋਕੇ-ਕੋਲੇ ਵਾਂਗ ਪੀ ਸਕਦਾ ਹੈ!
ਇਸ ਰਾਹ ਤੇ ਚੱਲ ਕੇ ਮੁਲਖ਼ਿਆ
ਮਿਟ ਜਾਏਂਗਾ ਧਰਤੀ ਦੇ ਨਕਸ਼ੇ ਤੋਂ
ਤੀਜੇ ਸੰਸਾਰ ਯੁੱਧ ਤੋਂ ਬਿਨਾਂ ਹੀ!
ਜ਼ਰੂਰਤ ਹੀ ਨਹੀਂ ਪੈਣੀ ਅਮਰੀਕਾ ਨੂੰ
ਐਟਮ-ਬੰਬ ਸੁੱਟ ਕੇ ਬਦਨਾਮ ਹੋਣ ਦੀ,
ਇਸ ਰਾਹ 'ਤੇ ਚੱਲਦੇ ਦੇਸ਼ ਦਾ "ਹੀਰੋਸ਼ੀਮਾ" ਕਰਨ ਲਈ
ਗਾਂ ਦਾ ਕੰਨ ਅਤੇ ਬੀੜੀਆਂ ਦਾ ਬੰਡਲ ਹੀ ਕਾਫ਼ੀ ਹੈ।
ਬਦਨਾਮੀ ਵੀ ਆਪਣੀ, ਹਾਨੀ ਵੀ ਆਪਣੀ
ਹਿੰਗ ਲੱਗੂ ਨਾ ਫਟਕੜੀ ਉਨ੍ਹਾਂ ਦੀ
ਜੋ ਬੜੇ ਸੱਭਯ ਢੰਗ ਨਾਲ ਖਾ ਜਾਣਗੇ ਸਾਨੂੰ
ਅਸੱਭਯ ਰਾਹ 'ਤੇ ਪਾ ਕੇ
ਰਾਹ ਜੋ ਸਾਡਾ ਨਹੀਂ!
ਲੜਨ ਦੀ ਜੇ ਸੁਰਤ ਆਈ ਹੈ
ਅਤੀਤ ਦੀ ਦੀਵਾਰ ਸੰਗ ਪਿੱਠ ਜੋੜ ਕੇ
ਵਰਤਮਾਨ ਸੰਗ ਲੜੋ
ਉੱਜਲੇ ਭਵਿੱਖ ਲਈ
ਪਰ ਯਾਦ ਰੱਖੋ

ਭਵਿੱਖ ਨੂੰ ਪਿੱਠ ਵਿਖਾ ਕੇ
ਅਤੀਤ ਵੱਲ ਨੂੰ ਦੌੜਨ ਵਾਲੀ ਕੌਮ
ਨਿਗਲ ਲਈ ਜਾਂਦੀ ਹੈ
ਵਰਤਮਾਨ ਦੇ ਅੱਡੇ ਹੋਏ ਮੂੰਹ ਦੁਆਰਾ!

ਗ਼ੁੱਸਾ ਆਇਆ ਹੈ ਤਾਂ ਆਉ ਇਸ ਗ਼ੁੱਸੇ ਦਾ ਸੁਆਗਤ ਕਰੀਏ
ਸੀਨਿਆਂ 'ਚ ਬੰਨ੍ਹ ਕੇ ਰੱਖੇ ਤੂਫ਼ਾਨਾਂ ਦੇ ਰੱਸੇ ਖੋਲ੍ਹ ਦੇਈਏ!
ਹਮਲਾ ਤਾਂ ਹੋਵੇਗਾ ਹੀ ਦਿੱਲੀ ਦੇ ਤਖ਼ਤ ਉੱਪਰ
ਅਸੀਂ ਲੜਾਂਗੇ ਜ਼ਰੂਰ ਮਰਾਂਗੇ ਵੀ
ਪਰ ਚੌਹਾਨ ਦੇ ਸੁਪਨਿਆਂ ਦੀ "ਕੁਰਸੀ" ਲਈ ਨਹੀਂ
ਸਾਡਾ ਲਹੂ ਵੀ ਡੁੱਲ੍ਹੇਗਾ, ਪਰ
ਦੀਦਾਰ ਸਿੰਘ ਤੇ ਰੀਗਾ ਸਿੰਘ ਦੀਆਂ ਪੂਰੀਆਂ 'ਚੋਂ ਸਿੰਮਦੇ ਲਹੂ ਨੂੰ
ਵੰਧ ਕਰਨ ਲਈ ਨਹੀਂ
"ਪਾਪ ਦੀ ਫ਼ੌਜ" ਵਿਰੁੱਧ ਲੜਨ ਲਈ
ਫ਼ੌਜੀ ਵੀ ਬਣਾਂਗੇ ਪਰ
ਹਿੰਦ ਸਰਕਾਰ ਦੇ ਰੀਟਾਇਰਡ ਜਰਨੈਲ ਭੁੱਲਰ ਨੂੰ
ਮੁੜ ਜਰਨੈਲ ਬਣਾਉਣ ਲਈ ਨਹੀਂ!
ਮੋਰਚਾ ਇਨ੍ਹਾਂ ਮਲਕ ਭਾਗੋਆਂ ਦੇ ਮਹਿਲਾਂ 'ਚੋਂ ਨਹੀਂ
ਕੱਚੀਆਂ ਗੜ੍ਹੀਆਂ 'ਚੋਂ ਲੱਗੇਗਾ
ਤੇ ਕੱਚੀਆਂ ਗੜ੍ਹੀਆਂ ਦਾ ਰਾਹ ਹੈ
ਜਿਸ ਰਾਹ 'ਤੇ ਚੱਲਦਿਆਂ ਊਧਮ ਸਿੰਘ
ਰਾਮ ਮੁਹੰਮਦ ਸਿੰਘ ਆਜ਼ਾਦ ਬਣ ਜਾਂਦਾ ਹੈ।
ਜਿਸ ਰਾਹ 'ਤੇ ਚੱਲਦੇ ਹੋਏ ਗੋਬਿੰਦ ਸਿੰਘ ਨੂੰ
ਮੋਢਿਆਂ 'ਤੇ ਚੁੱਕ ਲੈਣ     ਗਨੀ ਖ਼ਾਂ ਤੇ ਨਬੀ ਖ਼ਾਂ
ਉਹ ਰਾਹ ਸਾਡਾ ਹੈ।
ਜਿਸ ਰਾਹ 'ਤੇ ਚੱਲਦਿਆਂ
ਮਜ਼੍ਹਬ ਭਗਤ ਸਿੰਘ ਨੂੰ ਕਹੇ
ਚੰਦਰ ਸ਼ੇਖ਼ਰ ਆਜ਼ਾਦ ਨਾਲ ਕੱਚੀ ਕਰ ਲੈਣ ਲਈ
ਉਹ ਰਾਹ ਸਾਡਾ ਨਹੀਂ!
ਜਿਸ ਰਾਹ 'ਤੇ ਚੱਲਦਿਆਂ
ਧਰਮ ਵਿਕ ਜਾਏ ਹਾਦਰ ਬਣ ਕੇ
ਲਾਲਾ ਹਰਦਿਆਲ ਤੇ ਕਰਤਾਰ ਸਿੰਘ ਸਰਾਭਾ ਦੀ
ਇਨਕਲਾਬੀ ਮਿਲਣੀ ਲਈ
ਉਹ ਰਾਹ ਸਾਡਾ ਹੈ!
ਜਿਸ ਰਾਹ 'ਤੇ ਬਾਬਾ ਬੂਝਾ ਸਿੰਘ ਦੀ ਸ਼ਹੀਦੀ ਦਾ
ਦੀਵਾ ਜਗਦਾ ਹੈ
ਜਿਸ ਰਾਹ 'ਤੇ ਭਗਤ ਸਿੰਘ ਅੱਜ ਵੀ ਫਾਂਸੀ 'ਤੇ ਚੜ੍ਹਦਾ ਹੈ
ਜਿਸ ਰਾਹ ਵਿਚ ਤਰਸੇਮ ਬਾਵੇ ਦਾ ਘਰ ਪੈਂਦਾ ਹੈ
ਉਹ ਰਾਹ ਸਾਡਾ ਹੈ!
ਜਿਸ ਰਾਹ 'ਤੇ ਰਾਜ ਘਰਾਂ ਦੇ ਦੋ ਪਗਲਾਏ ਸ਼ਾਹੀ ਹਾਥੀ
ਆਪਸ ਵਿਚ ਲੜਦੇ ਹੋਏ
ਹਜ਼ਾਰਾਂ ਲੋਕਾਂ ਨੂੰ ਮੱਛਰ ਮੱਖੀਆਂ ਸਮਝ ਕੇ ਦਰੜ ਦੇਣ
ਤੇ ਉਨ੍ਹਾਂ 'ਚੋਂ ਇਕ ਹਾਥੀ ਮਰ ਜਾਵੇ
ਤਾਂ ਕੌਮ ਦਾ ਸ਼ਹੀਦ ਕਹਾਵੇ
ਉਹ ਰਾਹ ਸਾਡਾ ਨਹੀਂ!

ਜਿਸ ਰਾਹ 'ਤੇ ਚੱਲਦਿਆਂ
ਪੰਥ ਦੀ ਰਾਖੀ ਦਾ ਅਰਥ ਹੈ
ਜਿਨ੍ਹਾਂ ਮਸੰਦਾਂ ਨੂੰ ਗੁਰੂ ਨੇ
ਮਿੱਟੀ ਦਾ ਤੇਲ ਛਿੜਕ ਕੇ ਸਾੜਿਆ
ਉਨ੍ਹਾਂ ਮਸੰਦਾਂ ਲਈ ਪੱਛਮ ਦੇ ਸੁੰਦਰ ਚਮਕੀਲੇ ਸ਼ਹਿਰਾਂ ਵਿਚ
"ਗੁਰੂ ਦੀ ਗੋਲਕ" 'ਚੋਂ ਸ਼ਾਨਦਾਰ ਕੋਠੀਆਂ ਦਾ ਉਸਰਨਾ
ਪੰਥ ਦੀ ਸੇਵਾ ਦਾ ਅਰਥ ਹੈ
ਹਿੰਦ ਸਰਕਾਰ ਦੇ ਰੀਟਾਇਰਡ ਮੇਜਰ ਜਨਰਲ ਨੂੰ
ਹੈਲੀਕਾਪਟਰ ਮਿਲਣਾ
ਜਿਸ ਰਾਹ 'ਤੇ
ਇੰਦਰਾ ਗਾਂਧੀ ਦਾ ਕਤਲ
ਤੇ ਸਿੱਖਾਂ ਦਾ ਕਤਲੇਆਮ
ਇੱਕੋ ਸਕੀਮ ਦੇ ਦੋ ਸਫ਼ੇ ਹਨ
ਜਿਸ ਰਾਹ 'ਤੇ ਚੱਲਦਿਆਂ
ਇਕ ਦੂਜੇ ਦੇ ਖ਼ੂਨ ਦੇ ਪਿਆਸੇ
ਸਿੱਖ ਜਨੂੰਨੀਆਂ ਤੇ ਹਿੰਦੂ ਜਨੂੰਨੀਆਂ ਦੀ ਅਗਵਾਈ
ਇਕ ਹੀ ਕਮਾਂਡਰ ਕਰਦਾ ਹੈ (ਸੀ.ਆਈ.ਏ.)
ਉਸ ਰਾਹ 'ਤੇ ਚੱਲਕੇ
ਕੀ ਲੜਾਂਗੇ ਤੇ ਕੀ ਜਿੱਤਾਂਗੇ
ਰਾਹ ਜੋ ਸਾਡਾ ਨਹੀਂ!

ਜਿਸ ਰਾਹ 'ਤੇ ਚੱਲਦਿਆਂ
"ਸੁਰਖ਼ ਰੇਖਾ" ਰੋਜ਼ ਜ਼ਫ਼ਰਨਾਮੇ ਲਿਖਦਾ ਹੈ
ਜਿਸ ਰਾਹ 'ਤੇ ਚੱਲਦਿਆਂ ਅਮੋਲਕ
ਮਾਛੀਵਾੜਾ ਛੱਡ ਕੇ ਵੀ
ਘਿਰੀ ਹੋਈ ਕੱਚੀ ਗੜ੍ਹੀ ਵਿਚ ਆਣ ਖੜੋਂਦਾ ਹੈ
ਅੰਮ੍ਰਿਤ ਦਾ ਸੱਚ ਬਚਾਉਣ ਲਈ
ਜਿਸ ਰਾਹ 'ਤੇ
ਦਰਸ਼ਨ ਦੁਸਾਂਝ ਪੰਦਰਾਂ ਸਾਲਾਂ ਤੋਂ ਛੱਤ ਦੇ ਜਲ ਰਹੇ ਜੰਗਲ 'ਚ ਘਿਰਿਆ
ਲਲਕਾਰ ਰਿਹਾ ਹੈ ਦਿੱਲੀ ਦੀ ਹਕੂਮਤ ਨੂੰ
ਜਿਸ ਰਾਹ 'ਤੇ ਚੱਲਦਾ ਸੁਰਜੀਤ ਭੱਟੀ
ਰੋਜ਼ ਸੂਲਾਂ ਦੀ ਸੇਜ ਸੌਂਦਾ ਹੈ
ਜਿਸ ਰਾਹ 'ਤੇ ਚੱਲਦਿਆਂ ਮੌਤ ਸੰਗ ਮੇਢਾ ਖਹਿੰਦਾ ਹੈ
ਜਿਸ ਰਾਹ 'ਤੇ ਗੁਰੂ ਖ਼ਾਲਸਾ ਨਿਵਾਸ ਵਿਚ
ਗੁਰਸ਼ਰਨ ਸਿੰਘ ਰਹਿੰਦਾ ਹੈ
ਲਾਲੋ ਭਾਗੋ ਨੂੰ ਲਲਕਾਰ ਕੇ ਕਹਿੰਦਾ ਹੈ
ਇਹ ਰਾਹ ਸਾਡਾ ਹੈ!
ਰਾਹ ਜੋ ਸਾਡਾ ਹੈ
ਆਓ ਉਸ ਰਾਹ 'ਤੇ ਚੱਲਦਿਆਂ
ਇਸ ਗੁੱਸੇ ਦਾ ਸੁਆਗਤ ਕਰੀਏ
ਸੀਨਿਆਂ 'ਚ ਬੰਨ੍ਹ ਕੇ ਰੱਖੇ ਤੂਫ਼ਾਨਾਂ ਦੇ ਰੱਸੇ ਖੋਲ੍ਹ ਦੇਈਏ
ਗ਼ੁੱਸਾ ਆਪੇ ਹੀ ਨਿੱਕਲੇਗਾ
ਗੁਰੀਲਾ ਟੁਕੜੀਆਂ ਬਣ ਬਣ!

•

(S.F.U., BURNABY, B.C.)

• ਦਰਸ਼ਨ ਗਿੱਲ •

## ਸ਼ੀਸ਼ਾ

ਹੇ ਚਾਨਣੀ ਦੇ ਆਸ਼ਕੋ
ਸਭਿਅਤਾ ਦੇ ਪੂਜਕੋ
ਜੰਗਲਾਂ ਦੇ ਕਾਤਲੋ
ਨਗਰਾਂ ਦੇ ਪਾਲਕੋ

ਗੋਰੀ ਨਸਲ ਦੇ ਹਾਮੀਓ
ਕਾਲੀ ਨਸਲ ਦੇ ਦੁਸ਼ਮਣੋ
ਭੂਰੀ ਨਸਲ ਦੇ ਦੋਖੀਓ
ਕੇਹੀ ਹੈ ਤੁਹਾਡੀ ਤਹਿਜ਼ੀਬ ?
ਦੂਜਿਆਂ ਦੀ ਤਹਿਜ਼ੀਬ ਕਿਉਂ
ਲੱਗਦੀ ਤੁਹਾਨੂੰ ਅਜੀਬ ?

ਰੰਗ, ਨਸਲ, ਤਹਿਜ਼ੀਬ ਦਾ
ਚੰਦਰਾ ਹੈ ਵਿਤਕਰਾ
ਸਭ ਰੰਗ ਮਿਲਕੇ ਹੀ
ਤੋਰਦੇ ਨੇ ਕਾਫ਼ਲਾ ।

ਹਿੰਸਾ ਦੇ ਹਾਮੀਓ
ਸ਼ਸ਼ਤਰਾਂ ਦੇ ਤਾਜਰੋ
ਮਾਣ ਹੈ ਕੇਹਾ ਇਹ
ਗੋਰੀ ਨਸਲ ਵਾਲਿਓ ?

ਸੂਰਜ ਦੀ ਲਾਲੀ ਉਗਮਦੀ
ਪੂਰਬ 'ਚੋਂ ਰਹੀ ਹਮੇਸ਼
ਆਤਮਾ ਦੀ ਰੌਸ਼ਨੀ
ਤੇ ਧਰਮ ਦੀ ਆਸਥਾ !

ਹੇ ਅਨਾਸਥਾ ਦੇ ਪੂਜਕੋ
ਅਨਿਸਚਤਾ ਦੇ ਪੂਰਕੋ
ਹੇ ਪੱਛਮ ਤੇ ਫ਼ਿਦਾ ਹੋਏ
ਢਲ ਰਹੇ ਸੂਰਜੋ
ਇਕੱਲਤਾ ਦੇ ਵਿਚ ਖੁੱਭੇ
ਆਪਣੇ ਤੋਂ ਟੁੱਟ ਚੁਕੇ
ਹੇ ਪੱਛਮ ਵਾਸੀਓ !

ਗੁਰਬਤ ਨੂੰ ਤਾਹਨੇ ਦੇਂਦਿਓ
ਮਾਣ-ਮੱਤੇ ਹਿੰਸਕੋ
ਲੁੱਟ ਉਤੇ ਪਲ ਰਹੇ
ਖ਼ੂਨ ਚੂਸੀ ਅਜਗਰੋ
ਮੰਡੀਆਂ ਵਿਚ ਵੇਚਦੇ
ਮਨੁੱਖਤਾ ਦੇ ਕਾਤਲੋ !

ਰੰਗ, ਨਸਲ, ਧਰਮ ਦੀਆਂ
ਲੀਕਾਂ ਦੇ ਉਤੇ ਤੁਰਦਿਓ
ਬਰਫ਼ ਦੀ ਸਿੱਲ ਉਤੇ
ਜ਼ਖ਼ਮੀ ਹੋਏ ਪੰਛੀਓ !

ਹੇ ਤਰਸ ਦੇ ਪਾਤਰੋ
ਮੁਥਾਜ ਹੋਏ ਚਿਹਰਿਓ
ਹੈ ਸ਼ੀਸ਼ਾ ਤੁਹਾਡੇ ਸਾਹਮਣੇ
ਅਕਸ ਤੱਕੋ ਆਪਣਾ
ਕਿੰਨਾ, ਭਿਅਨਾਕ, ਭੈਭੀਤ
ਹਸ਼ਰ ਤੱਕੋ ਆਪਣਾ

## ਸੰਜਮ

ਐ ਮਨਾ ਖ਼ੁਸ਼ ਹੋ ਤੂੰ
ਕੁਝ ਤਾਂ ਸੰਗਲ ਟੁੱਟੇ
ਤੇਰੇ ਆਪਣੇ ਅੰਦਰੋਂ
ਲੱਖਾਂ ਚਸ਼ਮੇ ਫੁੱਟੇ

ਤੂੰ ਪਰਬਤ ਸੀ
ਬਹਿਕ ਗਿਆ ਸੀ
ਉਚਿਆਈਆਂ ਦੇ ਮਾਣ-
ਹਿੱਕ ਦੇ ਵਿਚੋਂ ਝਰਨੇ ਫੁੱਟਣ
ਮੁਹੱਬਤਾਂ ਦੇ ਤਾਣ !

ਬਾਉਲੀ ਦੇ ਵਿਚ
ਉਤਰ ਗਿਆ ਸੈਂ
ਤੂੰ ਸੀ ਸਾਗਰ ਤਰਨੇ
ਬਣਕੇ ਸੂਰਜ ਮਘਣਾ ਸੀ ਤੂੰ
ਰਾਹ ਉਜਿਆਰੇ ਕਰਨੇ

ਬਣ ਲਹਿਰਾਂ ਸੀ
ਝੂੰਮਰ ਪਾਉਣਾ
ਵਿਚ ਭੰਵਰਾਂ ਨਾ ਫਸਣਾ
ਗਾਉਣਾ ਗੀਤ ਅਨਾਦੀ ਕੋਈ
ਕਰਕੇ ਮਿੱਠੀ ਰਸਨਾ !

ਕੰਡਿਆਂ ਉਤੇ ਤੁਰਨਾ ਸੀ ਤੂੰ
ਫੁੱਲਾਂ ਵਾਂਗੂੰ ਹੱਸਣਾ
ਆਪਣੀ ਪੀੜਾ ਆਪੇ ਜਰਨੀ
ਦੁੱਖ ਨਾ ਆਪਣਾ ਦੱਸਣਾ !

● (VAN COUVER, B.C.)

ਹਰਮਿੰਦਰ

## ਪੱਛਮ ਤੇ ਭਾਰਤ

ਪੱਛਮ 'ਚ ਮੇਰਾ ਭਾਰਤ
ਇੱਕ ਬੁੱਢਾ ਕਿਸਾਨ ਹੈ
ਜਿਸਦੇ ਤਨ ਤੇ ਦੋ ਕੁ ਗਜ਼ ਕੱਪੜ
ਪੈਰਾਂ 'ਚ ਟੁੱਟੀ ਜੁੱਤੀ ਹੈ।

ਪੱਛਮ 'ਚ ਮੇਰਾ ਭਾਰਤ
ਇੱਕ 'ਗੁਰੂ' ਹੈ
ਗੇਰੂਏ ਰੰਗੇ ਕੱਪੜੇ ਦਾ ਪਹਿਰਾਵਾ
ਤੇ ਮੱਥੇ 'ਤੇ ਤਿਲਕ ਹੈ।

ਪੱਛਮ 'ਚ ਭਾਰਤ ਮਾਂ
ਇੱਕ ਅੱਧਨੰਗੀ ਔਰਤ ਹੈ
ਜਿਸਦੀ ਸੁੱਕੀ ਛਾਤੀ
ਉਸਦੇ ਫਟੇ ਪੱਲੂ 'ਚ ਨਹੀਂ ਲੁਕਦੀ
ਜਿਸਦੀ ਗੋਦ 'ਚ ਇੱਕ ਭੁੱਖਾ ਬੱਚਾ ਹੈ

ਪੱਛਮ 'ਚ ਭਾਰਤ ਮਾਂ
ਪੰਜ ਛੇ ਗਜ਼ ਕੱਪੜੇ 'ਚ ਲਿਪਟੀ
ਇੱਕ ਔਰਤ ਹੈ
ਜਿਸਦੇ ਮੱਥੇ 'ਤੇ ਟਿੱਕਾ ਹੈ

ਪਰ
ਮੇਰਾ ਭਾਰਤ
ਤਾਂ ਅਸਲ 'ਚ
ਇੱਕ ਕਾਮਾ ਹੈ
ਜੋ ਸਵੇਰੇ ਕਿਰਤ ਲਈ ਜਾਂਦਾ ਹੈ
ਸ਼ਾਮ ਨੂੰ ਘਰ ਵਾਪਸ ਮੁੜਦਾ ਹੈ।

● (U.S.A.)

ਸੰਤੋਖ ਸਿੰਘ ਸੰਤੋਖ

## ਜਿੱਤ ਦਾ ਦੀਦ

ਕਾਲੀ ਬਿੱਲੀ ਤੋਂ ਕਾਲੇ ਇਲਮ ਤੱਕ ਨੇ
ਮੇਰੇ ਰਸਤੇ ਕੱਟੇ
ਪਰ ਮੇਰੇ ਵਧਦੇ ਭਰਵੇਂ ਕਦਮਾਂ ਨੂੰ
ਰੋਕ ਨਹੀਂ ਸਕੇ
ਸ਼ਾਇਦ ਮੇਰੇ ਸ਼ੌਕ ਦਾ ਸਿਦਕ
ਸਦਾ ਜਿੱਤ ਦਾ ਦੀਦ ਤੱਕੇ
ਵਿਰੋਧੀ ਦਾ ਵਾ-ਵੇਲਾ
ਹੱਠ ਇਮਾਨ ਨੂੰ ਕਾਇਮ ਰੱਖੇ
ਵਹਿਮ ਇੱਕ ਜ਼ਲੀਲ ਪੰਛੀ
ਜੋ ਨਾ ਉੱਡ ਸਕੇ
ਡੁੱਬ ਮਰਦਾ ਏ ਖੂਹ ਢੱਠੇ।

● (U.K.)

# ਖੇਤ ਮਜ਼ਦੂਰਾਂ ਦੇ ਘੋਲ ਦੀ ਭਾਰਤੀ ਕਮਿਊਨਿਟੀ ਲਈ ਮਹੱਤਤਾ

– ਵੈਨਕੂਵਰ ਸੱਥ (ਸਾਧੂ, ਸੁਖਵੰਤ ਹੁੰਦਲ, ਮੱਖਣ ਟੁੱਟ)

ਬਰਿਟਿਸ਼ ਕੋਲੰਬੀਆ ਵਿਚ ਖੇਤ-ਮਜ਼ਦੂਰਾਂ ਵੱਲੋਂ ਪਿਛਲੇ ਪੰਜਾਂ ਵਰ੍ਹਿਆਂ ਤੋਂ ਆਪਣੇ ਹੱਕਾਂ ਲਈ ਇਕ ਸਰਗਰਮ ਜੱਦੋਜਹਿਦ ਚਲਾਈ ਜਾ ਰਹੀ ਹੈ। ਖੇਤ-ਮਜ਼ਦੂਰਾਂ ਦੇ ਇਸ ਘੋਲ ਦੀ ਦੋ ਪੱਖੀ ਮਹੱਤਤਾ ਹੈ। ਸਮੁੱਚੀ ਕੈਨੇਡੀਅਨ ਮਜ਼ਦੂਰ ਜਮਾਤ ਲਈ ਇਸ ਦੀ ਮਹੱਤਤਾ ਇਸ ਲਈ ਹੈ ਕਿ ਹੁਣ ਤੱਕ ਇਸ ਖੇਤਰ ਵਿਚ ਬਿਨਾਂ ਕਿਸੇ ਵਿਰੋਧ ਦੇ ਲੁੱਟ-ਖਸੁੱਟ ਜਾਰੀ ਸੀ ਤੇ ਕੈਨੇਡਾ ਵਰਗੇ ਮੁਲਕ ਵਿਚ ਜਿੱਥੇ ਮਜ਼ਦੂਰ ਜਮਾਤ ਨੇ ਹਮੇਸ਼ਾ ਆਪਣੇ ਹੱਕਾਂ ਲਈ ਡਟ ਕੇ ਆਵਾਜ਼ ਉਠਾਈ ਹੈ, ਇਹ ਇਕ ਸ਼ਿਰਮਿੰਦਗੀ ਵਾਲੀ ਗੱਲ ਸੀ। ਪਰ ਖੇਤ-ਮਜ਼ਦੂਰਾਂ ਦੇ ਇਸ ਘੋਲ ਦੀ ਸਾਡੀ ਭਾਰਤੀ ਕਮਿਊਨਿਟੀ ਲਈ ਮਹੱਤਤਾ ਹੋਰ ਵੀ ਜ਼ਿਆਦਾ ਹੈ ਕਿਉਂਕਿ ਬੀ.ਸੀ. ਵਿਚ ਖੇਤਾਂ ਵਿਚ ਮਜ਼ਦੂਰੀ ਕਰਨ ਵਾਲੇ ਬਹੁਤੇ ਪੰਜਾਬੀ ਹਨ ਅਤੇ ਇਸ ਘੋਲ ਦੀ ਅਗਵਾਈ ਕਰਨ ਵਾਲੇ ਵੀ ਬਹੁਤੇ ਪੰਜਾਬੀ। ਕੈਨੇਡਾ ਵਿਚ ਵਸਦੇ ਭਾਰਤੀ ਮਜ਼ਦੂਰਾਂ ਨੇ ਇਸ ਜੱਦੋਜਹਿਦ ਰਾਹੀਂ ਸਿੱਧੇ ਤੌਰ 'ਤੇ ਕੈਨੇਡੀਅਨ ਮਜ਼ਦੂਰ-ਜਮਾਤ ਦੇ ਘੋਲਾਂ ਵਿਚ ਮਹੱਤਵ-ਪੂਰਣ ਹਿੱਸਾ ਪਾਇਆ ਹੈ। ਸਮੁੱਚੀ ਭਾਰਤੀ ਕਮਿਊਨਿਟੀ ਲਈ ਇਹ ਇਕ ਮਾਣ ਵਾਲੀ ਗੱਲ ਹੈ। ਇਸ ਲੇਖ ਵਿਚ ਅਸੀਂ ਖੇਤ-ਮਜ਼ਦੂਰਾਂ ਦੇ ਘੋਲ ਦੀ ਕੈਨੇਡਾ ਵਿਚ ਰਹਿ ਰਹੇ ਭਾਰਤੀ ਲੋਕਾਂ ਲਈ ਮਹੱਤਤਾ ਬਾਰੇ ਗੱਲ ਕਰਾਂਗੇ।

**ਪਿਛੋਕੜ :** ਭਾਰਤੀ ਲੋਕ ਵੀ ਹੋਰ ਆਵਾਸੀਆਂ ਵਾਂਗ ਸੋਹਣੇ ਭਵਿੱਖ ਦੀ ਆਸ ਵਿਚ ਕੈਨੇਡਾ ਆਏ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਉਹਨਾਂ ਜਿਸ ਤਰ੍ਹਾਂ ਦਾ ਵੀ ਕੰਮ ਮਿਲਿਆ, ਕੀਤਾ। ਜਿੰਨੀ ਵੀ ਸਖ਼ਤ ਮਿਹਨਤ ਕਰਨੀ ਪਈ ਕੀਤੀ। ਸ਼ੁਰੂ ਸ਼ੁਰੂ ਵਿਚ ਪੰਜਾਬੀ ਆਵਾਸੀਆਂ ਨੂੰ ਲੱਕੜੀ ਦੀਆਂ ਮਿੱਲਾਂ, ਰੇਲ-ਰੋਡ ਤੇ ਫਾਰਮਾਂ ਆਦਿ ਵਿਚ ਹੀ ਕੰਮ ਮਿਲੇ, ਜਿਹੜੇ ਕਿ ਜਿਸਮਾਨੀ ਤੌਰ 'ਤੇ ਔਖੇ, ਘੱਟ ਤਨਖਾਹ ਵਾਲੇ ਅਤੇ ਅਣਸੁਖਾਵੀਆਂ ਹਾਲਤਾਂ ਵਿਚ ਕਰਨ ਵਾਲੇ ਸਨ। ਪੰਜਾਬੀਆਂ ਨੇ ਬਿਨਾਂ ਸ਼ਿਕਾਇਤ ਕੀਤਿਆਂ ਇਹ ਕੰਮ ਕੀਤੇ ਹੀ ਨਹੀਂ ਸਗੋਂ ਇਹਨਾਂ ਵਿਚ ਆਪਣੀ ਧਾਂਕ ਜਮਾ ਦਿੱਤੀ, ਖਾਸ ਕਰ ਲੱਕੜੀ ਦੀਆਂ ਮਿੱਲਾਂ ਵਿਚ। ਇਹਨਾਂ ਕੰਮਾਂ ਉਪਰ ਵੀ ਪੰਜਾਬੀਆਂ ਨਾਲ ਹਰ ਤਰ੍ਹਾਂ ਦਾ ਵਿਤਕਰਾ ਹੁੰਦਾ ਰਿਹਾ। ਗੋਰਿਆਂ ਨਾਲੋਂ ਘੱਟ ਤਨਖਾਹ ਦਿੱਤੀ ਗਈ। ਜਿੱਥੇ ਦੋ ਗੋਰੇ ਕੰਮ ਕਰਦੇ ਸਨ, ਇਹਨਾਂ ਨੂੰ ਇਕੱਲੇ ਇਕੱਲੇ ਨੂੰ ਕਰਨ ਲਈ ਕਿਹਾ ਗਿਆ। ਨਵੀਂ ਜਗ੍ਹਾ 'ਤੇ ਆਪਣੇ ਆਪ ਨੂੰ ਸਥਾਪਤ ਕਰਨ ਦੀਆਂ ਮਜ਼ਬੂਰੀਆਂ ਦੇ ਭਾਰ ਥੱਲੇ ਦੱਬੇ ਪੰਜਾਬੀ ਕਾਮੇ ਸਭ ਕੁੱਝ ਸਹਿੰਦੇ ਰਹੇ। ਮਾਲਕ ਇਹਨਾਂ ਦੀਆਂ ਮਜ਼ਬੂਰੀਆਂ ਦਾ ਦੋਹਰਾ ਫਾਇਦਾ ਉਠਾਉਂਦੇ। ਇਕ ਤਾਂ ਉਹ ਸਿੱਧੇ ਇਹਨਾਂ ਦੀ ਮਨ-ਮਰਜ਼ੀ ਨਾਲ ਲੁੱਟ-ਖਸੁੱਟ ਕਰਦੇ ਅਤੇ ਦੂਜੇ ਬਾਕੀ ਮਜ਼ਦੂਰਾਂ ਵਿਚ ਇਹਨਾਂ ਵਿਰੁੱਧ ਨਫ਼ਰਤ ਵੀ ਫੈਲਾਉਂਦੇ। ਦੂਜੇ ਮਜ਼ਦੂਰਾਂ ਦੀਆਂ ਨਜ਼ਰਾਂ ਵਿਚ ਪੰਜਾਬੀ ਕਾਮਿਆਂ ਨੂੰ ਕਮਜ਼ੋਰ, ਬੇ-ਗੈਰਤ ਕਹਿ ਕੇ ਇਹਨਾਂ ਵਿਰੁੱਧ ਨਫਰਤ ਫੈਲਾਈ ਜਾਂਦੀ। ਇਸ ਤਰ੍ਹਾਂ ਮਜ਼ਦੂਰਾਂ ਵਿਚ ਪਾੜ੍ਹਾ ਕਾਇਮ ਰੱਖਿਆ ਜਾਂਦਾ। ਮਜ਼ਦੂਰਾਂ ਦੀ ਮਜ਼ਬੂਰੀ ਦਾ ਫਾਇਦਾ ਉਠਾ ਕੇ ਉਹਨਾਂ ਨੂੰ ਹੜਤਾਲਾਂ ਤੋੜਨ ਲਈ ਵਰਤਿਆ ਜਾਂਦਾ। ਭਾਰਤੀ ਮਜ਼ਦੂਰਾਂ ਦੀ ਹੋਂਦ ਨੂੰ ਦੂਜੇ ਮਜ਼ਦੂਰਾਂ ਦੀਆਂ ਮੰਗਾਂ ਠੁਕਰਾਉਣ ਲਈ ਵਰਤਿਆ ਜਾਂਦਾ। ਮਿਸਾਲ ਵਜੋਂ ਜਦੋਂ ਕੋਈ ਗੋਰਾ ਮਜ਼ਦੂਰ ਵੱਧ ਤਨਖ਼ਾਹ ਲਈ ਜਾਂ ਹੋਰ ਸਹੂਲਤਾਂ ਲਈ ਆਵਾਜ਼ ਉਠਾਉਂਦਾ ਤਾਂ ਉਹਨੂੰ ਕੰਮ ਤੋਂ ਹਟਾਉਣ ਵਿਚ ਮਾਲਕ ਨੂੰ ਕੋਈ ਦਿੱਕਤ ਨਾ ਹੁੰਦੀ ਕਿਉਂਕਿ ਕੋਈ ਨਾ ਕੋਈ ਭਾਰਤੀ ਜਾਂ ਹੋਰ ਘੱਟ-ਗਿਣਤੀ ਦੇ ਕਾਮੇ ਮੌਜੂਦ ਹੁੰਦੇ। ਭਾਵੇਂ ਇਸ ਦੇ ਪਿੱਛੇ ਸਿੱਧਾ ਕਾਰਨ ਇਹੋ ਸੀ ਕਿ ਨਸਲੀ ਵਿਤਕਰੇ ਕਰਕੇ ਭਾਰਤੀਆਂ ਨੂੰ ਕੰਮ ਬੜੇ ਔਖੇ ਮਿਲਦੇ ਸਨ। ਪਰ ਦੂਜੇ ਮਜ਼ਦੂਰਾਂ ਨੂੰ ਇਹਨਾਂ ਦੀਆਂ ਮਜ਼ਬੂਰੀਆਂ ਦੀ ਸਮਝ ਨਹੀਂ ਸੀ ਤੇ ਨਾ ਹੀ ਮਾਲਕ ਹੋਣ ਦਿੰਦੇ ਸਨ। ਇਸ ਤਰ੍ਹਾਂ ਦੂਜੇ ਮਜ਼ਦੂਰਾਂ ਦੇ ਮਨਾਂ ਅੰਦਰ ਭਾਰਤੀ ਕਾਮਿਆਂ ਪ੍ਰਤੀ ਨਫ਼ਰਤ ਭਰੀ ਰਹਿੰਦੀ।

ਬਾਅਦ ਵਿਚ ਜਦੋਂ ਲੱਕੜੀ ਦੀਆਂ ਮਿੱਲਾਂ ਵਿਚ I.W.A. ਨਾਂ ਦੀ ਯੂਨੀਅਨ ਸਥਾਪਤ ਹੋਈ ਤਾਂ ਭਾਰਤੀ ਕਾਮਿਆਂ ਨੂੰ ਵੀ ਬਰਾਬਰ ਦੇ ਹੱਕ ਮਿਲੇ। ਪਰ ਲੱਗਦਾ ਹੈ ਇਹਨਾਂ ਹੱਕਾਂ ਨੂੰ ਪ੍ਰਾਪਤ ਕਰਨ ਲਈ ਜੱਦੋ-ਜਹਿਦ ਵਿਚ ਭਾਰਤੀ ਕਾਮਿਆਂ ਨੇ ਕੋਈ ਖਾਸ ਹਿੱਸਾ ਨਹੀਂ ਪਾਇਆ। ਇਸ ਦਾ ਵੱਡਾ ਕਾਰਨ ਤਾਂ ਸ਼ਾਇਦ ਇਹੋ ਹੀ ਹੈ ਕਿ ਤੀਹਵੇਂ ਤੇ ਚਾਲ੍ਹੀਵੇਂ ਦਹਾਕਿਆਂ ਵਿਚ ਜਦੋਂ ਮਿੱਲਾਂ ਵਿਚ ਯੂਨੀਅਨਾਂ ਸਥਾਪਤ ਹੋਈਆਂ ਤਾਂ ਭਾਰਤੀ ਮਜ਼ਦੂਰਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ। ਇਸ ਸਮੇਂ ਵਿਚ ਦਰਸ਼ਨ ਸਿੰਘ ਸੰਘਾ, ਜੋ ਬਾਅਦ ਵਿਚ ਪੰਜਾਬ ਜਾ ਕੇ "ਕੈਨੇਡੀਅਨ" ਦੇ ਨਾਂ ਨਾਲ ਜਾਣਿਆਂ ਜਾਣ ਲੱਗਾ, ਹੀ ਇਕੋ ਇਕ ਨਾਂ ਹੈ ਜੋ ਉੱਭਰ ਕੇ ਸਾਹਮਣੇ ਆਉਂਦਾ ਹੈ। ਦਰਸ਼ਨ ਸਿੰਘ ਨੇ ਵੈਨਕੂਵਰ ਆਈਲੈਂਡ 'ਤੇ I.W.A. ਲਈ ਬਹੁਤ ਕੰਮ ਕੀਤਾ। ਭਾਵੇਂ ਉਹਨਾਂ ਦੀ ਜ਼ਾਤੀ ਦੇਣ ਕਾਫੀ ਮਹੱਤਤਾ ਵਾਲੀ ਹੈ, ਫੇਰ ਵੀ ਇਸਨੂੰ ਸਮੁੱਚੀ ਕਮਿਊਨਿਟੀ ਦੀ ਦੇਣ ਨਹੀਂ ਕਿਹਾ ਜਾ ਸਕਦਾ।

ਇਸ ਤਰ੍ਹਾਂ ਸੱਤਰਵੇਂ ਦਹਾਕੇ ਤੱਕ ਭਾਰਤ ਤੋਂ ਆਏ ਹੋਏ ਮਜ਼ਦੂਰਾਂ ਨੇ ਕੈਨੇਡਾ ਦੇ ਮਜ਼ਦੂਰਾਂ ਦੇ ਘੋਲਾਂ ਵਿਚ ਕੋਈ ਖਾਸ ਹਿੱਸਾ ਨਹੀਂ ਪਾਇਆ। (ਇਥੇ ਇਕ ਗੱਲ ਸਾਫ਼ ਕਰ ਦੇਣੀ ਚਾਹੁੰਦੇ ਹਾਂ ਕਿ ਸੰਭਵ ਹੈ ਆਪਣੇ ਕਈ ਮਜ਼ਦੂਰ ਆਪੋ ਆਪਣੀਆਂ ਯੂਨੀਅਨਾਂ ਵਿਚ ਸਮੇਂ ਸਮੇਂ ਸਰਗਰਮ ਰਹੇ ਹੋਣਗੇ, ਪਰ ਉਹਨਾਂ ਬਾਰੇ ਕੋਈ ਲਿਖਤੀ ਰੂਪ ਵਿਚ ਜਾਣਕਾਰੀ ਨਹੀਂ ਮਿਲਦੀ) ਸਿੱਟੇ ਵਜੋਂ ਏਥੋਂ ਦੀ ਮਜ਼ਦੂਰ ਜਮਾਤ ਦੀ ਬਹੁ-ਗਿਣਤੀ ਭਾਰਤੀ ਕਾਮਿਆਂ ਬਾਰੇ ਇਹ ਸੋਚਦੀ ਰਹੀ ਕਿ ਇਹ ਜਿੱਤੇ ਹੋਏ ਹੱਕਾਂ ਦਾ ਆਨੰਦ ਮਾਣ ਸਕਦੇ ਹਨ, ਪਰ ਆਪ ਆਪਣੇ ਹੱਕਾਂ ਲਈ ਨਹੀਂ ਲੜ ਸਕਦੇ। ਖੇਤ-ਮਜ਼ਦੂਰਾਂ ਦੇ ਘੋਲ ਨੇ ਕਮਿਊਨਿਟੀ ਦੇ ਨਾਂ ਨਾਲੋਂ ਇਹ ਨਾਂਹ-ਪੱਖੀ ਹਕੀਕਤ ਵੱਖ ਕਰ ਦਿੱਤੀ ਹੈ।

**ਮੌਜੂਦਾ ਸਥਿਤੀ :** ਸੱਠਵਿਆਂ ਦੇ ਅਖ਼ੀਰ ਤੇ ਸੱਤਰਵਿਆਂ ਦੇ ਸ਼ੁਰੂ ਵਿਚ ਵੱਡੀ ਗਿਣਤੀ ਵਿਚ ਭਾਰਤੀ ਲੋਕ ਕੈਨੇਡਾ ਆਏ। ਉਨ੍ਹਾਂ ਸਮਿਆਂ ਵਿਚ ਹੁਣ ਵਾਂਗ ਹੀ ਕੰਮਾਂ ਦੀ ਘਾਟ ਕਾਰਨ ਕਾਫੀ ਲੋਕ ਬੀ.ਸੀ. ਦੇ ਫਰੇਜ਼ਰ ਵੈਲੀ ਇਲਾਕੇ ਵਿਚ ਖੇਤਾਂ ਵਿਚ ਕੰਮ ਕਰਨ ਲੱਗੇ। ਪੰਜਾਬੀ ਠੇਕੇਦਾਰ ਵੈਨਕੂਵਰ ਤੇ ਆਸਪਾਸ ਦੀ ਆਬਾਦੀ ਵਾਲੇ ਇਲਾਕਿਆਂ ਵਿਚ ਵੈਨਾਂ ਰਾਹੀਂ ਪੰਜਾਬੀ ਮਜ਼ਦੂਰਾਂ ਨੂੰ ਫਰੇਜ਼ਰ ਵੈਲੀ ਦੇ ਖੇਤਾਂ ਵੱਲ ਲਿਜਾਣ ਲੱਗੇ। ਖੇਤਾਂ ਨੂੰ ਲਿਜਾਣ ਤੇ ਵਾਪਸ ਲਿਆਉਣ ਦੇ ਇਵਜ਼ਾਨੇ ਵਜੋਂ ਮਜ਼ਦੂਰਾਂ ਦੀ ਕਮਾਈ ਦਾ ਚੋਖਾ ਹਿੱਸਾ ਰੱਖਣ ਲੱਗੇ। ਇਸ ਤਰ੍ਹਾਂ ਜਿੱਥੇ ਮਜ਼ਦੂਰ ਇਸ ਕਮਾਈ ਨਾਲ ਮਸਾਂ ਗੁਜ਼ਾਰਾ ਹੀ ਕਰਦੇ, ਠੇਕੇਦਾਰ ਦੋਂਹ ਦੋਂਹ ਸਾਲਾਂ ਵਿਚ ਫਾਰਮਾਂ ਦੇ ਮਾਲਕ ਬਣਨ ਲੱਗੇ। ਸੱਤਰਵਿਆਂ ਵਿਚ ਬੀ.ਸੀ. ਦੀ ਆਰਥਿਕ ਸਥਿਤੀ ਨਿਘਾਰ ਵੱਲ ਹੀ ਗਈ ਹੈ। ਪੰਜਾਬੀਆਂ ਦੀ ਤੇਜ਼ੀ ਨਾਲ ਵਧੀ ਸੰਖਿਆ ਨੂੰ ਕੰਮਾਂ ਦਾ ਮਿਲਣਾ ਔਖੇ ਤੋਂ ਔਖਾ ਹੁੰਦਾ ਗਿਆ। ਦੂਜੇ ਲੋਕਾਂ ਵੱਲੋਂ ਅਣਚਾਹੇ ਕੰਮ ਜਿਵੇਂ ਫਾਰਮਾਂ ਦਾ ਕੰਮ, ਕਲੀਨ-ਅੱਪ, ਅਮੀਰ ਘਰਾਂ ਵਿਚ ਨੌਕਰੀਆਂ ਜਾਂ ਫਿਰ ਹੋਟਲਾਂ ਆਦਿ ਵਿਚ ਭਾਂਡੇ ਧੋਣ ਦਾ ਕੰਮ ਹੀ ਮਿਲਿਆ। ਇਹਨਾਂ ਕੰਮਾਂ ਵਿਚ ਆਪਣੇ ਲੋਕਾਂ ਦੀ ਸ਼ਰ੍ਹੇਆਮ ਲੁਟ-ਖਸੁੱਟ ਹੋਣ ਲੱਗੀ। ਫਾਰਮਾਂ ਵਿਚ ਖ਼ਾਸ ਕਰਕੇ ਇਹ ਲੁੱਟ ਸਿੱਧੇ ਤੌਰ 'ਤੇ ਆਪਣੇ

ਬੰਦੇ ਹੀ ਕਰਦੇ ਸਨ, ਪਰ ਅਸਿੱਧੇ ਤੌਰ 'ਤੇ ਇਸ ਦਾ ਫਾਇਦਾ ਇਥੋਂ ਦੇ ਸਮੁੱਚੇ ਸਿਸਟਮ ਨੂੰ ਹੀ ਪਹੁੰਚਦਾ ਸੀ। ਇਸ ਅੰਨ੍ਹੀ ਲੁੱਟ ਲਈ ਇਕੱਲੇ ਠੇਕੇਦਾਰ ਜਾਂ ਫਾਰਮਰ ਹੀ ਜ਼ਿੰਮੇਵਾਰ ਨਹੀਂ ਸੀ, ਇਥੋਂ ਦੀ ਸਰਕਾਰ ਜਿਸਨੇ ਖੇਤ-ਮਜ਼ਦੂਰਾਂ ਨੂੰ ਕਾਨੂੰਨੀ ਰੱਖਿਆ ਤੋਂ ਵਾਂਝੇ ਰੱਖਿਆ ਹੋਇਆ ਸੀ, ਵੀ ਪੂਰੀ ਜ਼ਿੰਮੇਵਾਰ ਸੀ।

ਬੀ.ਸੀ. ਦੇ ਨਾਲ ਲੱਗਦੀਆਂ ਅਮਰੀਕਣ ਸਟੇਟਾਂ ਵਾਸ਼ਿੰਗਟਨ, ਔਰੇਗਨ, ਤੇ ਖਾਸ ਕਰ ਕੈਲੇਫੋਰਨੀਆਂ ਦੇ ਫਾਰਮਰਾਂ ਦੇ ਮੁਕਾਬਲੇ ਜਿੰਦਾ ਰਹਿਣ ਲਈ ਹਮੇਸ਼ਾ ਸਸਤੀ ਮਜ਼ਦੂਰੀ ਦੀ ਭਾਲ ਵਿਚ ਰਹੇ ਹਨ। ਬੀ. ਸੀ. ਸਰਕਾਰ ਨੇ ਇਹਨਾਂ ਫਾਰਮਰਾਂ ਨੂੰ ਖੁਸ਼ ਰੱਖਣ ਲਈ ਹਮੇਸ਼ਾ ਕੋਸ਼ਿਸ਼ ਕੀਤੀ ਹੈ ਕਿ ਫਾਰਮਰਾਂ ਨੂੰ ਸਸਤੀ ਮਜ਼ਦੂਰੀ ਮਿਲਦੀ ਰਹੇ ਅਤੇ ਉਨ੍ਹਾਂ ਦੀ ਪੈਦਾਵਾਰ 'ਤੇ ਆਉਂਦੀ ਲਾਗਤ ਘੱਟੋ ਘੱਟ ਰਹੇ। ਇਸ ਮਕਸਦ ਲਈ ਸਰਕਾਰ ਨੇ ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਉਹਨਾਂ ਸਾਰੇ ਕਾਨੂੰਨਾਂ ਤੋਂ ਬਾਹਰ ਰੱਖਿਆ ਜੋ ਬਾਕੀ ਦੀ ਮਜ਼ਦੂਰ ਜਮਾਤ ਨੇ ਆਪਣੀ ਲੰਬੀ ਜੱਦੋ-ਜਹਿਦ ਨਾਲ ਹਾਸਿਲ ਕੀਤੇ ਹੋਏ ਸਨ। ਇਹ ਕਾਨੂੰਨ ਸਨ: ਛੁੱਟੀਆਂ ਦਾ ਐਕਟ, ਘੱਟੋ ਘੱਟ ਤਨਖ਼ਾਹ ਦਾ ਐਕਟ, ਤਨਖ਼ਾਹਾਂ ਦੇਣ ਦਾ ਐਕਟ ਅਤੇ ਕਿੰਨੇ ਹੀ ਹੋਰ ਅਜਿਹੇ ਕਾਨੂੰਨ ਜਿਹੜੇ ਖੇਤ-ਮਜ਼ਦੂਰਾਂ 'ਤੇ ਲਾਗੂ ਨਹੀਂ ਸੀ ਹੁੰਦੇ। ਇਸ ਦੇ ਨਾਲ ਹੀ ਖੇਤ-ਮਜ਼ਦੂਰਾਂ ਨੂੰ ਕੰਪਨਸੇਸ਼ਨ ਐਕਟ ਤੋਂ ਵੀ ਬਾਹਰ ਰੱਖਿਆ ਗਿਆ ਜਦ ਕਿ ਫਾਰਮਾਂ ਵਿਚਲਾ ਕੰਮ ਸਾਰੇ ਕੰਮਾਂ 'ਚੋਂ ਦੂਜੇ ਦਰਜੇ ਦਾ ਖ਼ਤਰਨਾਕ ਹੁੰਦਾ ਹੈ।

ਬੀ.ਸੀ. ਦੇ ਖੇਤਾਂ ਵਿਚ ਕੰਮ ਕਰਨ ਵਾਲੇ ਹਮੇਸ਼ਾ ਕਿਸੇ ਨਾ ਕਿਸੇ ਘੱਟ-ਗਿਣਤੀ ਦੇ ਕਾਮੇ ਹੀ ਰਹੇ ਹਨ। ਪਹਿਲਾਂ ਨੇਟਿਵ ਇੰਡੀਅਨਜ਼, ਫੇਰ ਪੂਰਬੀ ਯੂਰਪ ਦੇ ਮੁਲਕਾਂ 'ਚੋਂ ਆਏ ਹੋਏ ਲੋਕ, ਫੇਰ ਜਾਪਾਨੀ ਤੇ ਚੀਨੇ ਤੇ ਹੁਣ ਦੇ ਸਮੇਂ ਵਿਚ ਇਹਨਾਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਖੇਤ-ਮਜ਼ਦੂਰਾਂ ਨੂੰ ਕਾਨੂੰਨੀ ਰੱਖਿਆ ਤੋਂ ਬਾਹਰ ਰੱਖਣ ਨਾਲ ਇਹ ਗੱਲ ਵੀ ਸਾਫ਼ ਹੋ ਜਾਂਦੀ ਹੈ ਕਿ ਕਿਵੇਂ ਸਰਕਾਰ ਦੀ ਪਾਲਿਸੀ ਹਮੇਸ਼ਾ ਨਸਲੀ ਰਹੀ ਹੈ। ਖੇਤ-ਮਜ਼ਦੂਰਾਂ ਪ੍ਰਤੀ ਵਿਤਕਰੇ ਦੀ ਤਾਂ ਇਹ ਗੱਲ ਸੀ ਕਿ 1975 ਤੱਕ ਇਹਨਾਂ ਨੂੰ ਆਪਣੀ ਹਾਲਤ ਸੁਧਾਰਨ ਲਈ ਯੂਨੀਅਨ ਬਣਾਉਣ ਦਾ ਵੀ ਹੱਕ ਨਹੀਂ ਸੀ। ਤੇ ਇਹਨਾਂ ਨੂੰ ਠੇਕੇਦਾਰ ਤੇ ਫਾਰਮਰ ਵੱਧ ਤੋਂ ਵੱਧ ਫਾਇਦਾ ਉਠਾਉਣ ਲਈ ਵਰਤ ਰਹੇ ਸਨ।

## ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੀ ਸਥਾਪਨਾ:

ਫਾਰਮਰਾਂ ਅਤੇ ਠੇਕੇਦਾਰਾਂ ਵੱਲੋਂ ਹੁੰਦੀ ਇਸ ਲੁੱਟ-ਖਸੁੱਟ ਰੋਕਣ ਅਤੇ ਕਾਨੂੰਨਾਂ ਵਿਚ ਤਬਦੀਲੀ ਲਿਆਉਣ ਲਈ 1979 ਦੇ ਸ਼ੁਰੂ ਵਿਚ ਕਮਿਊਨਿਟੀ ਦੇ ਕੁਝ ਅਗਾਂਹਵਧੂ ਸੋਚ ਵਾਲੇ ਕਾਰਕੁੰਨਾਂ ਨੇ ਖੇਤ-ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ ਫਾਰਮ ਵਰਕਰਜ਼ ਜਥੇਬੰਦਕ ਕਮੇਟੀ (F.W.O.C.) ਦੀ ਸਥਾਪਨਾ ਕੀਤੀ। ਇਕ ਸਾਲ ਦੇ ਸਮੇਂ ਵਿਚ ਇਸ ਜਥੇਬੰਦੀ ਨੇ ਇਕ ਤਾਂ ਖੇਤ-ਮਜ਼ਦੂਰਾਂ ਨਾਲ ਹੁੰਦੇ ਧੱਕੇ ਨੂੰ ਮੀਡੀਏ ਰਾਹੀਂ ਸਾਰੀ ਦੀ ਸਾਰੀ ਕੈਨੇਡੀਅਨ ਕਮਿਊਨਿਟੀ ਅੱਗੇ ਨੰਗਿਆਂ ਕੀਤਾ ਅਤੇ ਦੂਜਾ ਬਾਰਾਂ ਸੌ ਤੋਂ ਉਪਰ ਖੇਤ-ਮਜ਼ਦੂਰਾਂ ਨੂੰ ਇਸ ਦੇ ਮੈਂਬਰ ਭਰਤੀ ਕੀਤਾ। ਖੇਤ-ਮਜ਼ਦੂਰਾਂ ਦੀਆਂ ਗੁਲਾਮਾਂ ਵਾਲੀਆਂ ਹਾਲਤਾਂ ਨੂੰ ਟੈਲੀਵੀਜਨ 'ਤੇ ਦੇਖ ਅਤੇ ਉਹਨਾਂ ਬਾਰੇ ਵਿਸਥਾਰ ਵਿਚ ਅਖ਼ਬਾਰਾਂ ਵਿਚ ਪੜ੍ਹ ਕੇ ਕੈਨੇਡੀਅਨ ਕਮਿਊਨਿਟੀ ਦੇ ਆਮ ਲੋਕਾਂ ਨੇ ਹਾਲਾਤ ਵਿਰੁੱਧ ਗੁੱਸੇ ਦਾ ਅਤੇ ਮਜ਼ਦੂਰਾਂ ਪ੍ਰਤੀ ਹਮਦਰਦੀ ਦਾ ਸ਼ਰ੍ਹੇਆਮ ਵਿਖਾਵਾ ਕੀਤਾ। ਅਨੇਕਾਂ ਲੋਕਾਂ ਨੇ ਪਟੀਸ਼ਨਾਂ 'ਤੇ ਦਸਤਖ਼ਤ ਕੀਤੇ, ਮੁਜ਼ਾਹਰਿਆਂ ਵਿਚ ਵੱਡੀ ਗਿਣਤੀ ਵਿਚ ਹਿੱਸਾ ਲਿਆ। ਦੂਜੀਆਂ ਯੂਨੀਅਨਾਂ ਵੱਲੋਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ, ਕਮਿਊਨਿਟੀ ਵਿਚਲੀਆਂ ਵੱਖਰੀਆਂ ਵੱਖਰੀਆਂ ਜਥੇਬੰਦੀਆਂ ਵੱਲੋਂ ਜਿਹਨਾਂ ਵਿਚ ਕਈ ਚਰਚਾਂ ਨਾਲ ਸਬੰਧਿਤ ਧਾਰਮਿਕ ਜਥੇਬੰਦੀਆਂ ਸਨ ਤੇ ਕਈ ਕਮਿਊਨਿਸਟ ਪਾਰਟੀਆਂ ਨਾਲ ਸਬੰਧਿਤ। ਗੱਲ ਕੀ ਕਿ ਖੇਤ-ਮਜ਼ਦੂਰਾਂ ਦੇ ਘੋਲ ਦੀ ਹਮਾਇਤ ਕਮਿਊਨਿਟੀ 'ਚੋਂ ਵੱਖ ਵੱਖ ਖੇਤਰਾਂ ਵਿਚੋਂ ਵੱਡੀ ਗਿਣਤੀ ਵਿਚ ਸਪੋਟ ਲਈ ਅੱਗੇ ਆਏ। ਇਸ ਖੇਤ-ਮਜ਼ਦੂਰਾਂ ਦੀ ਜੱਦੋ ਜਹਿਦ ਇਕ ਸੀਮਤ ਘੋਲ ਨਾ ਰਹਿ ਕੇ ਇਕ ਵੱਡੀ ਸਮਾਜਿਕ ਲਹਿਰ ਬਣ ਗਈ। ਨਤੀਜੇ ਵਜੋਂ ਅਪਰੈਲ 1980 ਨੂੰ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ (C.F.U.) ਦੀ ਸਥਾਪਨਾ ਕੀਤੀ ਗਈ।

ਸੀ.ਐਫ.ਯੂ. ਦੀ ਸਥਾਪਨਾ ਕੈਨੇਡਾ ਦੀ ਮਜ਼ਦੂਰ ਜਮਾਤ ਲਈ ਇਕ ਇਤਿਹਾਸਕ ਜਿੱਤ ਸੀ। ਕੈਨੇਡੀਅਨ ਮਜ਼ਦੂਰ ਜਮਾਤ ਦੇ ਸੰਘਰਸ਼ਾਂ ਭਰੇ ਲੰਮੇ ਇਤਿਹਾਸ ਵਿਚ ਖੇਤ-ਮਜ਼ਦੂਰਾਂ ਦੇ ਹੱਕਾਂ ਲਈ ਲੜਨ ਵਾਲੀ ਇਹ ਪਹਿਲੀ ਜਥੇਬੰਦੀ ਸੀ। ਉਂਝ C.F.U. ਦੀ ਕਾਮਯਾਬੀ ਦੇਖ ਕੇ ਇਸ ਤੋਂ ਫਾਇਦਾ ਉਠਾਉਣ ਲਈ ਇਥੋਂ ਦੇ ਇਕ ਆਪਣੇ ਆਪ ਨੂੰ 'ਇਨਕਲਾਬੀ' ਕਹਾਉਣ ਵਾਲੇ ਬਦਨਾਮ ਗਰੁੱਪ ਨੇ ਵੀ ਆਪਣੀ ਇਕ ਯੂਨੀਅਨ ਖੜ੍ਹੀ ਕਰ ਲਈ। ਪਰ ਇਹਨਾਂ ਦਾ ਮੰਤਵ ਆਪਣੇ ਫੰਡਾਂ ਵਿਚ ਵਾਧਾ ਕਰਨ ਅਤੇ C.F.U. ਨੂੰ ਬਦਨਾਮ ਕਰਨ ਤੋਂ ਸਿਵਾ ਕੋਈ ਨਹੀਂ ਸੀ। ਉਂਝ ਵੀ ਉਹ ਯੂਨੀਅਨ ਵਿਚ ਸਰਗਰਮੀ ਨੂੰ ਕੁਝ ਚਿਰ ਪਹਿਲਾਂ ਪਿਛਾਂਹ-ਖਿੱਚੂ ਕੰਮ ਕਹਿੰਦੇ ਸਨ। C.F.U. ਨੂੰ ਬਦਨਾਮ ਕਰਨ ਲਈ ਇਹਨਾਂ ਨੇ ਅੱਡੀ ਚੋਟੀ ਦਾ ਜ਼ੋਰ ਲਾਇਆ, ਪਰ ਕਾਮਯਾਬ ਨਹੀਂ ਹੋਏ।

ਕਿਸੇ ਵੀ ਖੇਤਰ ਵਿਚ ਯੂਨੀਅਨ ਬਣਾਉਣੀ ਸੁਖਾਲੀ ਨਹੀਂ ਹੁੰਦੀ ਪਰ ਇਹ ਕੰਮ ਐਗਰੀਕਲਚਰਲ ਇੰਡਸਟਰੀ ਵਿਚ ਮੁਕਾਬਲਤਨ ਬਹੁਤ ਹੀ ਔਖਾ ਹੈ। ਇਸੇ ਕਰਕੇ ਇਸ ਖੇਤਰ ਵਿਚ ਜਥੇਬੰਦੀ ਬਣਾਉਣ ਦੀ ਕਿਸੇ ਵੀ ਯੂਨੀਅਨ ਦੀ ਜ਼ੁਰਅਤ ਨਹੀਂ ਪਈ। ਇਸ ਖੇਤਰ ਵਿਚ ਜਥੇਬੰਦੀ ਸਥਾਪਿਤ ਕਰਕੇ ਭਾਰਤੀ ਲੋਕਾਂ ਨੇ ਆਪਣੇ ਹੌਂਸਲੇ ਅਤੇ ਆਪਣੇ ਹੱਕਾਂ ਲਈ ਲੜ ਸਕਣ ਦੀ ਯੋਗਤਾ ਦੀ ਬਹੁਤ ਹੀ ਵਧੀਆ ਮਿਸਾਲ ਕਾਇਮ ਕੀਤੀ ਹੈ। ਇਸ ਨਾਲ ਇਥੋਂ ਦੀ ਮਜ਼ਦੂਰ ਜਮਾਤ ਦੀਆਂ ਨਜ਼ਰਾਂ ਵਿਚ ਭਾਰਤੀ ਕਾਮਿਆਂ ਦੀ ਇੱਜ਼ਤ ਤੇ ਮਾਣ ਵਧਿਆ ਹੈ। ਦੂਜਿਆਂ ਮਜ਼ਦੂਰਾਂ ਨਾਲ ਨੇੜਤਾ ਵਧੀ ਹੈ। ਇਸ ਨਾਲ ਸਮੁੱਚੀ ਕੈਨੇਡੀਅਨ ਕਮਿਊਨਿਟੀ ਦੀਆਂ ਨਜ਼ਰਾਂ ਵਿਚ ਭਾਰਤੀ ਲੋਕਾਂ ਲਈ ਇੱਜ਼ਤ ਵਧੀ ਹੈ।

C.F.U. ਤੇ ਉਸ ਤੋਂ ਪਹਿਲਾਂ ਫਾਰਮ ਵਰਕਰਜ਼ ਆਰਗੇਨਾਈਜ਼ਿੰਗ ਕਮੇਟੀ ਨੇ ਇਸ ਖੇਤਰ ਵਿਚ ਹਾਲਤਾਂ ਸੁਧਾਰਨ ਲਈ ਸੰਘਰਸ਼ ਦੇ ਤਿੰਨ ਮੁੱਖ ਨਿਸ਼ਾਨੇ ਮਿਥੇ ਸਨ। ਪਹਿਲਾ ਸੀ ਸਰਕਾਰ ਵਿਰੁੱਧ ਮੁਹਿੰਮ ਚਲਾਉਣੀ ਤਾਂ ਕਿ ਖੇਤ-ਮਜ਼ਦੂਰਾਂ ਨੂੰ ਵੀ ਉਹ ਸਾਰੀਆਂ ਕਾਨੂੰਨੀ ਸਹੂਲਤਾਂ ਪ੍ਰਾਪਤ ਹੋਣ ਜਿਹੜੀਆਂ ਦੂਜੇ ਮਜ਼ਦੂਰਾਂ ਨੂੰ ਪ੍ਰਾਪਤ ਹਨ। ਦੂਜਾ ਨਿਸ਼ਾਨਾ ਠੇਕੇਦਾਰੀ ਸਿਸਟਮ ਦੇ ਖਿਲਾਫ਼ ਲੜਨਾ ਸੀ ਤੇ ਤੀਜਾ ਫਾਰਮਰਾਂ ਦੇ ਖਿਲਾਫ਼ ਤਾਂ ਕਿ ਕੰਮ ਕਰਨ ਤੇ ਰਹਿਣ ਦੀਆਂ ਹਾਲਤਾਂ ਵਿਚ ਸੁਧਾਰ ਕੀਤਾ ਜਾ ਸਕੇ। ਯੂਨੀਅਨ ਵੱਲੋਂ ਲੜੇ ਘੋਲਾਂ ਰਾਹੀਂ ਮਿਲੀਆਂ ਜਿੱਤਾਂ ਇਹੋ ਜਿਹੀਆਂ ਹਨ, ਜਿਹਨਾਂ ਦਾ ਫਾਇਦਾ ਇਕੱਲੇ ਭਾਰਤੀ ਖੇਤ-ਮਜ਼ਦੂਰਾਂ ਨੂੰ ਹੀ ਨਹੀਂ ਹੋਇਆ ਸਗੋਂ ਬੀ.ਸੀ. ਦੇ ਸਾਰੇ ਖੇਤ-ਮਜ਼ਦੂਰਾਂ ਨੂੰ ਹੈ। ਕਈ ਕਾਨੂੰਨੀ ਜਿੱਤਾਂ ਇਹੋ ਜਿਹੀਆਂ ਵੀ ਹਨ ਜਿੰਨ੍ਹਾਂ ਦਾ ਫਾਇਦਾ ਕੈਨੇਡਾ ਭਰ ਦੇ ਖੇਤ-ਮਜ਼ਦੂਰਾਂ ਨੂੰ ਹੋਇਆ ਹੈ। ਯੂਨੀਅਨ ਬਣਨ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੋ ਫਾਇਦੇ ਹੋਏ ਹਨ ਉਨ੍ਹਾਂ ਵਿਚੋਂ ਕੁਝ ਕੁ ਦਾ ਜ਼ਿਕਰ ਅੱਗੇ ਕੀਤਾ ਜਾਂਦਾ ਹੈ।

**ਕਾਨੂੰਨ ਵਿਚ ਤਬਦੀਲੀਆਂ:** ਯੂਨੀਅਨ ਵੱਲੋਂ ਜ਼ਬਰਦਸਤ ਘੋਲ ਕਰਨ 'ਤੇ ਬੀ.ਸੀ. ਸਰਕਾਰ ਨੂੰ ਆਪਣੀਆਂ ਨਸਲੀ ਪਾਲਸੀਆਂ ਵਿਚ ਤਬਦੀਲੀ ਕਰਨੀ ਪਈ ਹੈ। ਖੇਤ-ਮਜ਼ਦੂਰ ਵੀ ਹੁਣ ਮਜ਼ਦੂਰਾਂ ਨਾਲ ਸਬੰਧਿਤ ਕਾਨੂੰਨਾਂ ਥੱਲੇ ਆ ਗਏ ਹਨ। ਇਸ ਖੇਤਰ ਵਿਚ ਸਭ ਤੋਂ ਵੱਧ ਜੱਦੋ ਜਹਿਦ ਕੰਪਨਸੇਸ਼ਨ ਦੇ ਕਾਨੂੰਨ ਬਾਰੇ ਕਰਨੀ ਪਈ। ਭਾਵੇਂ ਸਰਕਾਰ ਨੇ ਯੂਨੀਅਨ ਵੱਲੋਂ ਪਾਏ ਗਏ ਦਬਾਅ ਹੇਠ ਇਹ ਕਾਨੂੰਨ ਫਾਰਮਾਂ 'ਤੇ ਲਾਗੂ ਕਰਨਾ

ਮੰਨ ਲਿਆ, ਪਰ ਇਹਦੇ ਅਮਲੀ ਰੂਪ ਵਿਚ ਲਾਗੂ ਕਰਨ ਲਈ ਜੋ ਨਿਯਮਾਂ ਚੈਕਿੰਗ ਦੀ ਅਤੇ ਨਿਗਰਾਨੀ ਦੀ ਲੋੜ ਹੁੰਦੀ ਹੈ ਉਸ ਤੋਂ ਸਰਕਾਰ ਅਜੇ ਵੀ ਭੱਜ ਰਹੀ ਹੈ। ਇਸ ਵਿਰੁੱਧ ਸੰਘਰਸ਼ ਲਗਾਤਾਰ ਜਾਰੀ ਹੈ।

ਕੰਪਨਸੇਸ਼ਨ ਵਾਲੇ ਕਾਨੂੰਨ ਦੀ ਤਰ੍ਹਾਂ ਹੀ ਯੂਨੀਅਨ ਨੂੰ ਫੈਡਰਲ ਸਰਕਾਰ ਦੇ ਖਿਲਾਫ਼ ਅਨਇੰਪਲਾਇਮੈਂਟ (U.I.C.) ਦੇ ਕਾਨੂੰਨ ਵਿਚ ਤਬਦੀਲੀ ਕਰਾਉਣ ਲਈ ਕਈ ਪੱਧਰਾਂ 'ਤੇ ਜੱਦੋਜਹਿਦ ਕਰਨੀ ਪਈ। ਫੈਡਰਲ ਸਰਕਾਰ ਦਾ ਇਹ ਕਾਨੂੰਨ ਖੇਤ-ਮਜ਼ਦੂਰਾਂ ਪ੍ਰਤੀ ਬਹੁਤ ਹੀ ਵਿਤਕਰੇ ਭਰਿਆ ਸੀ। ਇਸ ਦੇ ਮੁਤਾਬਕ U.I.C. ਦੀਆਂ ਸਟੈਂਪਾਂ ਲੈਣ ਲਈ ਖੇਤਾਂ 'ਚ ਕੰਮ ਕਰਨ ਵਾਲੇ ਨੂੰ 25 ਦਿਨ ਇੱਕੋ ਮਾਲਕ ਨਾਲ ਕੰਮ ਕਰਨਾ ਪੈਂਦਾ ਸੀ ਜਦ ਕਿ ਦੂਜੇ ਕਾਮੇ ਜੇ ਇਕ ਮਾਲਕ ਨਾਲ ਇਕ ਹਫ਼ਤੇ ਵਿਚ 15 ਘੰਟੇ ਕੰਮ ਕਰਦੇ ਜਾਂ 77 ਡਾਲਰਾਂ ਤੋਂ ਉਪਰ ਕਮਾਉਂਦੇ ਤਾਂ ਉਹ ਇਕ ਸਟੈਂਪ ਦੇ ਹੱਕਦਾਰ ਬਣ ਜਾਂਦੇ। ਇਸੇ ਵਜ੍ਹਾ ਕਰਕੇ ਕਾਮੇ ਸਿੱਧੇ ਫਾਰਮਰਾਂ ਕੋਲ ਕੰਮ ਕਰਨ ਦੀ ਬਜਾਇ ਠੇਕੇਦਾਰਾਂ ਕੋਲ ਮਜ਼ਦੂਰੀ ਕਰਦੇ ਹਨ ਉਹ ਭਾਵੇਂ ਕਿਸੇ ਫਾਰਮ 'ਚ ਕੰਮ ਕਰਦੇ ਹੋਣ, ਮਾਲਕ ਉਹਨਾਂ ਦਾ ਠੇਕੇਦਾਰ ਹੀ ਰਹਿੰਦਾ ਹੈ। ਠੇਕੇਦਾਰੀ ਸਿਸਟਮ ਨੂੰ ਜ਼ਿੰਦਾ ਰੱਖਣ ਲਈ ਇਹ ਕਾਨੂੰਨ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਯੂਨੀਅਨ ਨੇ ਇਸ ਵਿਰੁੱਧ ਬਹੁਤ ਸਰਗਰਮ ਜੱਦੋਜਹਿਦ ਕੀਤੀ ਅਤੇ ਜਿਸਦੇ ਦਬਾਅ ਥੱਲੇ ਇੰਪਲਾਇਮੈਂਟ ਅਤੇ ਇਮੀਗਰੇਸ਼ਨ ਦੇ ਮਨਿਸਟਰ ਨੇ ਵਾਅਦਾ ਕੀਤਾ ਕਿ ਉਹ ਖੇਤ-ਮਜ਼ਦੂਰਾਂ ਉਪਰ ਵੀ ਦੂਜੇ ਕਾਮਿਆਂ ਵਾਲਾ ਕਾਨੂੰਨ ਲਾਗੂ ਕਰੇਗਾ। ਇਸ ਨਾਲ ਕਿਉਂਕਿ ਸਾਰੇ ਕੈਨੇਡਾ ਵਿਚ ਤਬਦੀਲੀ ਆਉਣੀ ਸੀ ਅਤੇ ਫਾਰਮਰਾਂ ਦੇ ਮੁਨਾਫ਼ਿਆਂ ਵਿਚ ਕਾਫ਼ੀ ਫ਼ਰਕ ਪੈਣਾ ਸੀ, ਇਸ ਕਰਕੇ ਉਹਨੇ ਵੀ ਮਨਿਸਟਰ ਉਪਰ ਕਾਫ਼ੀ ਦਬਾਅ ਪਾਇਆ ਜਿਸ ਦੇ ਸਿੱਟੇ ਵਜੋਂ ਮਨਿਸਟਰ ਨੇ ਖੇਤ-ਮਜ਼ਦੂਰਾਂ ਲਈ ਖ਼ਾਸ ਕਾਨੂੰਨ ਬਣਾ ਦਿੱਤਾ ਜਿਸ ਮੁਤਾਬਕ ਖੇਤ-ਮਜ਼ਦੂਰ ਨੂੰ ਇਕ ਮਾਲਕ ਨਾਲ ਘੱਟੋ ਘੱਟ 7 ਦਿਨ ਲਗਾਤਾਰ ਕੰਮ ਕਰਨਾ ਪਵੇਗਾ। ਭਾਵੇਂ ਅਜੇ ਵੀ ਦੂਜੇ ਮਜ਼ਦੂਰਾਂ ਦੇ ਮੁਕਾਬਲੇ ਖੇਤ-ਮਜ਼ਦੂਰਾਂ ਨਾਲ ਵਿਤਕਰਾ ਹੋ ਰਿਹਾ ਹੈ, ਪਰ ਫੇਰ ਵੀ 25 ਦਿਨ ਤੋਂ 7 ਦਿਨ ਤੱਕ ਆ ਜਾਣਾ ਇਕ ਵੱਡੀ ਜਿੱਤ ਹੈ। ਇਸ ਜਿੱਤ ਦਾ ਸਿੱਧਾ ਸੇਹਰਾ C.F.U. ਦੇ ਸਿਰ ਹੈ। ਇਹ ਜਿੱਤ ਕੈਨੇਡਾ ਦੇ ਸਾਰੇ ਖੇਤ-ਮਜ਼ਦੂਰਾਂ ਦੀ ਜਿੱਤ ਹੈ। ਇਸ ਤਰ੍ਹਾਂ ਭਾਰਤੀ ਮਜ਼ਦੂਰਾਂ ਦੀ ਜੱਥੇਬੰਦਕ ਅਗਵਾਈ ਹੇਠ ਕੈਨੇਡਾ ਦੀ ਮਜ਼ਦੂਰ ਜਮਾਤ ਲਈ ਇਹ ਇਕ ਵੱਡੀ ਦੇਣ ਹੈ।

ਕਾਫ਼ੀ ਖੇਤ-ਮਜ਼ਦੂਰ ਸੀਜ਼ਨ ਦੌਰਾਨ ਬਾਹਰਲੇ ਸ਼ਹਿਰਾਂ ਤੋਂ ਆ ਕੇ ਫਾਰਮਾਂ ਵਿਚ ਹੀ ਕੈਬਿਨਾਂ ਵਿਚ ਹੀ ਰਹਿੰਦੇ ਹਨ। ਇਨ੍ਹਾਂ ਕੈਬਿਨਾਂ ਦੀ ਹਾਲਤ ਇਥੋਂ ਦੇ ਰਹਿਣ-ਸਹਿਣ ਦੇ ਪੱਧਰ ਤੋਂ ਬਹੁਤ ਥੱਲੇ ਹੈ। ਕਈ ਵਾਰੀਂ ਸਫ਼ਾਈ ਨਾ ਹੋਣ ਕਰਕੇ ਬੀਮਾਰੀਆਂ ਫੈਲਣ ਦਾ ਡਰ ਰਹਿੰਦਾ ਹੈ। ਇਕ ਫਾਰਮ ਵਿਚ ਪਾਣੀ ਦਾ ਠੀਕ ਪ੍ਰਬੰਧ ਨਾ ਹੋਣ ਕਰਕੇ ਇਕ ਛੋਟੀ ਬੱਚੀ ਕੈਬਿਨ ਅੰਦਰ ਵਰਤਣ ਲਈ ਰੱਖੇ ਪਾਣੀ ਦੇ ਟੱਬ ਵਿਚ ਡਿੱਗ ਕੇ ਮਰ ਗਈ ਸੀ। ਹੋਰ ਵੀ ਇਹੋ ਜਿਹੀਆਂ ਕਈ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਯੂਨੀਅਨ ਨੇ ਸ਼ੁਰੂ ਤੋਂ ਹੀ ਇਹਨਾਂ ਹਾਲਤਾਂ ਵਿਚ ਸੁਧਾਰ ਲਿਆਉਣ ਲਈ ਸਰਗਰਮੀ ਦਿਖਾਈ ਹੈ। ਨਤੀਜੇ ਵਜੋਂ ਨਵੰਬਰ 1983 ਵਿਚ ਕੈਬਿਨਾਂ ਸਬੰਧੀ ਕਾਨੂੰਨ ਪਾਸ ਕਰ ਦਿੱਤਾ ਗਿਆ ਪਰ ਸਰਕਾਰ ਅਜੇ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਵਿਚ ਢਿੱਲ ਮੱਸ ਕਰ ਰਹੀ ਹੈ।

ਖੇਤ-ਮਜ਼ਦੂਰਾਂ ਦੀ ਸਭ ਤੋਂ ਵੱਧ ਲੁੱਟ ਠੇਕੇਦਾਰਾਂ ਨੇ ਮਚਾਈ। ਸ਼ੁਰੂ ਸ਼ੁਰੂ ਵਿਚ ਖਿਜ਼ਰ ਕਾਮਿਆਂ ਦੇ ਪੈਸੇ ਮਾਰ ਲੈਣੇ ਆਮ ਗੱਲ ਸੀ। ਇਹਦੇ ਨਾਲ ਹੀ ਇਹ ਠੇਕੇਦਾਰ ਹੋਰ ਤਰੀਕੇ ਵੀ ਵਰਤਦੇ ਹਨ। ਮਜ਼ਦੂਰਾਂ ਨੂੰ ਤਨਖਾਹ ਦੋ ਹਫ਼ਤੀਂ ਜਾਂ ਮਹੀਨੇ ਬਾਅਦ ਨਹੀਂ ਦਿੰਦੇ। ਕਈ ਠੇਕੇਦਾਰ ਸੀਜ਼ਨ ਖ਼ਤਮ ਹੋਣ 'ਤੇ ਆਪਣਾ ਦਿਵਾਲਾ ਕੱਢ ਦਿੰਦੇ ਹਨ। ਅਤੇ ਕਾਮਿਆਂ ਦੀ ਸਾਰੇ ਸੀਜ਼ਨ ਦੀ ਕਮਾਈ ਮਾਰੀ ਜਾਂਦੀ ਹੈ। ਯੂਨੀਅਨ ਨੇ ਇਥੇ ਵੀ ਸੰਘਰਸ਼ ਕਰਕੇ ਸਰਕਾਰ ਕੋਲੋਂ ਠੇਕੇਦਾਰਾਂ ਲਈ ਲਾਇਸੈਂਸ ਲੈਣਾ ਜ਼ਰੂਰੀ ਕਰ ਦਿੱਤਾ ਹੈ। ਹੁਣ ਲਾਇਸੈਂਸ ਲੈਣ ਲਈ ਪਹਿਲਾਂ ਬਾਂਡ ਭਰਨਾ ਪੈਂਦਾ ਹੈ ਤਾਂ ਕਿ ਜੇ ਠੇਕੇਦਾਰ ਸੀਜ਼ਨ ਖ਼ਤਮ ਹੋਣ 'ਤੇ ਦਿਵਾਲਾ ਕੱਢਣ ਤਾਂ ਮਜ਼ਦੂਰਾਂ ਦੀ ਤਨਖ਼ਾਹ ਨਾ ਮਾਰੀ ਜਾਵੇ।

ਜਿਨ੍ਹਾਂ ਜਿਨ੍ਹਾਂ ਫਾਰਮਾਂ ਵਿਚ ਯੂਨੀਅਨ ਸਥਾਪਤ ਹੋ ਚੁਕੀ ਹੈ ਉਥੇ ਕਾਮਿਆਂ ਦੀ ਤਨਖਾਹ ਵਿਚ ਵਾਧਾ ਹੋਇਆ ਹੈ। ਉਦਾਹਰਣ ਵਜੋਂ ਰਿਚਮੰਡ ਦੇ ਇਕ ਫਾਰਮ ਵਿਚ ਜਿਥੇ ਪਹਿਲਾਂ ਤਨਖ਼ਾਹ ਚਾਰ ਪੰਜ ਡਾਲਰ ਪ੍ਰਤੀ ਘੰਟਾ ਹੁੰਦੀ ਸੀ, ਯੂਨੀਅਨ ਬਣਨ ਨਾਲ ਸੱਤ ਤੋਂ 9 ਡਾਲਰ ਪ੍ਰਤੀ ਘੰਟਾ ਹੋ ਗਈ ਹੈ। ਕਈ ਫਾਰਮਾਂ ਵਿਚ ਹੁਣ ਅੱਠ ਘੰਟੇ ਤੋਂ ਵੱਧ ਸਮਾਂ ਕੰਮ ਕਰਨ ਲਈ ਓਵਰਟਾਈਮ ਮਿਲਦਾ ਹੈ। ਹਰ ਸਾਲ ਛੁੱਟੀਆਂ ਮਿਲਦੀਆਂ ਹਨ, ਮੈਡੀਕਲ ਸਹੂਲਤਾਂ ਵੀ ਮਿਲਦੀਆਂ ਹਨ, ਆਦਿ।

**ਕਾਨੂੰਨੀ ਮੱਦਦ :** ਬਹੁਤ ਸਾਰੇ ਖੇਤ-ਮਜ਼ਦੂਰਾਂ ਨੂੰ ਆਉਂਦੀਆਂ ਕਾਨੂੰਨੀ ਅੜਿੱਚਣਾਂ, ਖ਼ਾਸ ਕਰ U.I.C. ਦੇ ਸਬੰਧ ਵਿਚ, ਯੂਨੀਅਨ ਵੱਲੋਂ ਮੱਦਦ ਕੀਤੀ ਗਈ ਹੈ। ਉਦਾਹਰਣ ਵਜੋਂ ਪਿਛਲੇ ਤਿੰਨ ਚਾਰ ਸਾਲਾਂ ਦੇ ਸਮੇਂ ਵਿਚ C.F.U. ਨੇ ਸੈਂਕੜੇ ਮਜ਼ਦੂਰਾਂ ਦੇ ਕੇਸ ਮੁਫ਼ਤ ਲੜੇ ਹਨ। ਜੇ ਇਹਨਾਂ ਮਜ਼ਦੂਰਾਂ ਨੂੰ ਇਹ ਕੇਸ ਸਿੱਧੇ ਵਕੀਲਾਂ ਕੋਲ ਲਿਜਾਣੇ ਪੈਂਦੇ ਤਾਂ ਉਹਨਾਂ ਦੇ ਹਜ਼ਾਰਾਂ ਡਾਲਰ ਖ਼ਰਚ ਆ ਜਾਣੇ ਸਨ।

**ਠੇਕੇਦਾਰਾਂ ਤੇ ਫਾਰਮਰਾਂ ਖਿਲਾਫ਼ ਜੱਦੋ ਜਹਿਦ :** ਯੂਨੀਅਨ ਨੇ ਕਿੰਨੇ ਹੀ ਮਜ਼ਦੂਰਾਂ ਦੀ ਸਿੱਧੇ ਤੌਰ 'ਤੇ ਠੇਕੇਦਾਰਾਂ ਅਤੇ ਫਾਰਮਰਾਂ ਕੋਲੋਂ ਮਜ਼ਦੂਰੀ ਦੇ ਪੈਸੇ ਵਸੂਲ ਕਰਨ ਵਿਚ ਮੱਦਦ ਕੀਤੀ ਹੈ। ਇਸ ਦੀ ਸਭ ਤੋਂ ਵਧੀਆ ਉਦਾਹਰਣ ਐਬਟਸਫੋਰਡ ਦੇ ਇਲਾਕੇ ਵਿਚ ਇਕ ਫਾਰਮਰ ਕੋਲੋਂ ਮਜ਼ਦੂਰਾਂ ਦੇ ਅੱਸੀ ਹਜ਼ਾਰ ਡਾਲਰ ਲੈਣ ਦੀ ਹੈ। ਇਹ ਫਾਰਮਰ ਮਜ਼ਦੂਰਾਂ ਦੇ ਪੈਸੇ ਨਹੀਂ ਸੀ ਦਿੰਦਾ ਅਤੇ ਨਾ ਹੀ ਉਹਨਾਂ ਨਾਲ ਸਤਿਕਾਰ ਤਰੀਕੇ ਨਾਲ ਪੇਸ਼ ਆਉਂਦਾ ਸੀ। ਯੂਨੀਅਨ ਨੇ ਇਸ ਦੇ ਫਾਰਮ ਅੱਗੇ ਇਕ ਵੱਡਾ ਮੁਜ਼ਾਹਰਾ ਕੀਤਾ ਜਿਸ ਦੇ ਦਬਾਅ ਨਾਲ ਫਾਰਮਰ ਨੇ ਔਨ ਮੌਕੇ 'ਤੇ ਅੱਸੀ ਹਜ਼ਾਰ ਦੀ ਚੈਕ ਯੂਨੀਅਨ ਰਾਹੀਂ ਮਜ਼ਦੂਰਾਂ ਨੂੰ ਦਿੱਤੀ ਅਤੇ ਅੱਗੇ ਤੋਂ ਸਤਿਕਾਰ ਤਰੀਕੇ ਨਾਲ ਪੇਸ਼ ਆਉਣ ਦਾ ਵੀ ਵਾਅਦਾ ਕੀਤਾ। ਇਹੋ ਜਿਹੇ ਹੋਰ ਵੀ ਕਿੰਨੇ ਹੀ ਕੇਸ ਹਨ ਜਿੱਥੇ ਯੂਨੀਅਨ ਨੇ ਮਜ਼ਦੂਰਾਂ ਦੀ ਇਸ ਪੱਖੋਂ ਮੱਦਦ ਕੀਤੀ ਹੈ।

ਯੂਨੀਅਨ ਬਣਨ ਨਾਲ ਜੋ ਖ਼ਾਸ ਫਾਇਦਾ ਪੰਜਾਬੀ ਮਜ਼ਦੂਰਾਂ ਨੂੰ ਹੋਇਆ ਹੈ ਉਹ ਹੈ ਠੇਕੇਦਾਰਾਂ ਤੇ ਫਾਰਮਰਾਂ ਦੇ ਵਤੀਰੇ ਵਿਚ ਤਬਦੀਲੀ। ਜਿਥੇ ਪਹਿਲਾਂ ਇਹ ਆਪਣੇ ਆਪ ਨੂੰ ਜਾਗੀਰਦਾਰ ਸਮਝਦੇ ਸਨ ਤੇ ਕਾਮਿਆਂ ਨਾਲ ਗਾਲ੍ਹ ਬਿਨਾਂ ਗੱਲ ਨਹੀਂ ਸੀ ਕਰਦੇ। ਯੂਨੀਅਨ ਦੇ ਡਰ ਨੇ ਇਹਨਾਂ ਨੂੰ ਠੀਕ ਤਰ੍ਹਾਂ ਬੋਲਣਾ ਸਿਖਾ ਦਿੱਤਾ। ਭਾਵੇਂ ਇਹ ਠੀਕ ਹੈ ਕਿ ਇਕ ਅਰਧ-ਜਗੀਰੂ ਸਮਾਜ ਵਿਚੋਂ ਆ ਕੇ ਇਕ ਪੂਰੀ ਤਰ੍ਹਾਂ ਵਿਕਸਤ ਹੋ ਚੁੱਕੇ ਸਰਮਾਏਦਾਰੀ ਸਮਾਜ ਵਿਚ ਆ ਕੇ ਪੈਦਾਵਾਰੀ ਦੇ ਨਵੇਂ ਰਿਸ਼ਤਿਆਂ ਮੁਤਾਬਿਕ ਨਵੀਆਂ ਕਦਰਾਂ ਕੀਮਤਾਂ ਨੂੰ ਅਪਨਾਉਣ ਵਿਚ ਵਕਤ ਲੱਗਦਾ ਹੈ ਅਤੇ ਇਸ ਪਾਸੇ ਅਜੇ ਹੋਰ ਧਿਆਨ ਦੇਣ ਦੀ ਲੋੜ ਹੈ। ਲੋੜ ਹੈ ਇਹ ਸਮਝਾਉਣ ਦੀ ਕਿ ਇਥੇ ਰਿਸ਼ਤਾ ਇਕ ਮਾਲਕ ਤੇ ਗੁਲਾਮ ਦਾ ਨਹੀਂ, ਇਕ ਪੂੰਜੀਪਤੀ ਅਤੇ ਕਾਮੇ ਦਾ ਹੈ। ਇਥੇ ਮਾਲਕ ਕਾਮੇ ਦੀ ਸਿਰਫ਼ ਮਜ਼ਦੂਰੀ ਖਰੀਦ ਸਕਦਾ ਹੈ, ਮਜ਼ਦੂਰ ਨੂੰ ਨਹੀਂ। ਯੂਨੀਅਨ ਬਣਨ ਨਾਲ ਇਹ ਰਿਸ਼ਤਾ ਸਹੀ ਸੇਧ ਵੱਲ ਵਧਿਆ ਹੈ। ਅਜੇ ਤੱਕ ਯੂਨੀਅਨ ਦੀ ਜੱਦੋ ਜਹਿਦ ਦੇ ਨਤੀਜੇ ਵਜੋਂ ਕਾਨੂੰਨਾਂ ਵਿਚ ਤਬਦੀਲੀ ਆਈ ਹੈ। 'ਕੱਲੇ 'ਕੱਲੇ ਫਾਰਮਾਂ ਦੀ ਪੱਧਰ 'ਤੇ ਜਾਂ ਠੇਕੇਦਾਰਾਂ ਦੀ ਪੱਧਰ 'ਤੇ ਅਜੇ ਇਹਨਾਂ ਕਾਨੂੰਨਾਂ ਨੂੰ ਪੂਰੀ ਤਰਾਂ ਲਾਗੂ ਕਰਨ ਦਾ ਕੰਮ ਕਰਨ ਵਾਲਾ ਪਿਆ ਹੈ।

ਯੂਨੀਅਨ ਨੇ ਆਪਣੇ ਥੋੜ੍ਹੇ ਸਮੇਂ ਵਿਚ ਚਾਰ ਪੰਜ ਬਹੁਤ ਹੀ ਔਖੀਆਂ ਹੜਤਾਲਾਂ ਲੜੀਆਂ ਹਨ। ਇਹਨਾਂ ਹੜਤਾਲਾਂ ਵਿਚੋਂ

ਯੂਨੀਅਨ ਦਾ ਸਾਬਤ ਸਬੂਤ ਬਚ ਜਾਣਾ ਆਪਣੇ ਆਪ ਵਿਚ ਇਕ ਪ੍ਰਾਪਤੀ ਹੈ। ਇਥੇ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਇਹ ਸਭ ਕੁੱਝ ਇਤਿਹਾਸ ਦੀ ਉਸ ਘੜੀ ਦੌਰਾਨ ਵਾਪਰ ਰਿਹਾ ਹੈ ਜਦੋਂ ਬੀ.ਸੀ. ਦੀ ਸੋਕਰਡ ਸਰਕਾਰ ਦਾ ਮੁੱਖ ਮੰਤਵ ਸੂਬੇ ਵਿਚੋਂ ਯੂਨੀਅਨਾਂ ਦੇ ਪੈਰ ਉਖੇੜਨਾ ਹੈ। ਇਸ ਮੌਕੇ ਵੱਡੀਆਂ ਵੱਡੀਆਂ ਯੂਨੀਅਨਾਂ ਨੂੰ, ਜਿਹੜੀਆਂ ਦਹਾਕੇ ਪਹਿਲਾਂ ਸਥਾਪਤ ਹੋ ਚੁਕੀਆਂ ਸਨ, ਆਪਣੀ ਹੋਂਦ ਕਾਇਮ ਰੱਖਣੀ ਮੁਸ਼ਕਲ ਹੋ ਰਹੀ ਹੈ। ਸਰਕਾਰ ਯੂਨੀਅਨਾਂ ਵਿਰੁਧ ਨਿੱਤ ਨਵੇਂ ਕਾਨੂੰਨ ਪਾਸ ਕਰ ਰਹੀ ਹੈ। ਅਜਿਹੇ ਮੌਕੇ C.F.U. ਵਰਗੀ ਯੂਨੀਅਨ ਦਾ ਕਾਇਮ ਰਹਿਣਾ ਹੀ ਬਹੁਤ ਵੱਡੀ ਜਿੱਤ ਹੈ।

**ਸੀ.ਐਫ.ਯੂ. ਵੱਲੋਂ ਅੰਗਰੇਜ਼ੀ ਜ਼ੁਬਾਨ ਦੀ ਸਿਖਲਾਈ :** ਯੂਨੀਅਨ ਵੱਲੋਂ ਅੰਗਰੇਜ਼ੀ ਜ਼ੁਬਾਨ ਦੀ ਸਿਖਲਾਈ ਦਾ ਕੰਮ ਦੋ ਪੱਖਾਂ 'ਤੇ ਚੱਲ ਰਿਹਾ ਹੈ। ਇਕ ਪੱਖ ਤਾਂ ਇਹ ਹੈ ਕਿ ਖੇਤ-ਮਜ਼ਦੂਰਾਂ ਦੀਆਂ ਹਾਲਤਾਂ ਬਾਰੇ ਦੂਜੇ ਲੋਕਾਂ ਨੂੰ ਦੱਸਣਾ। ਇਸ ਪਾਸੇ F.W.O.C. ਦੇ ਸਮੇਂ ਹੀ ਕਾਫੀ ਕੰਮ ਹੋਇਆ ਹੈ। ਖੇਤ-ਮਜ਼ਦੂਰਾਂ ਦੀ ਲਹਿਰ ਬਾਰੇ ਬਣੀ ਫਿਲਮ "ਉੱਠਣ ਦਾ ਵੇਲਾ" ਇਸ ਕੰਮ ਵਿਚ ਬਹੁਤ ਸਹਾਈ ਹੋਈ ਹੈ। ਇਹ ਫਿਲਮ ਸਕੂਲਾਂ, ਕਾਲਜਾਂ, ਚਰਚਾਂ ਤੇ ਕਮਿਊਨਿਟੀ ਗਰੁੱਪਾਂ ਵਿਚ ਸੈਂਕੜੇ ਵਾਰ ਦਿਖਾਈ ਗਈ ਹੈ। ਇਸ ਦੇ ਨਾਲ ਨਾਲ ਯੂਨੀਅਨ ਸਮੇਂ ਸਮੇਂ ਖੇਤ-ਮਜ਼ਦੂਰਾਂ ਦੀਆਂ ਮੁਸ਼ਕਲਾਂ ਤੇ ਸੰਘਰਸ਼ਾਂ ਬਾਰੇ ਸਾਹਿਤ ਛਾਪ ਕੇ ਵੰਡਦੀ ਹੈ। ਇਹ ਸਾਹਿਤ ਅਕਸਰ ਅੰਗਰੇਜ਼ੀ ਅਤੇ ਪੰਜਾਬੀ ਵਿਚ ਹੁੰਦਾ ਹੈ। ਇਸ ਦੇ ਸਿੱਟੇ ਵਜੋਂ ਲੋਕ ਸਿਰਫ਼ ਖੇਤ-ਮਜ਼ਦੂਰਾਂ ਦੀਆਂ ਮੁਸ਼ਕਲਾਂ ਤੋਂ ਹੀ ਚੇਤੰਨ ਨਹੀਂ ਹੁੰਦੇ, ਨਾਲ ਨਾਲ ਇਸ ਆਰਥਿਕ ਢਾਂਚੇ ਦੀ ਅਸਲੀਅਤ ਤੋਂ ਵੀ ਜਾਣੂ ਹੁੰਦੇ ਹਨ। ਇਸ ਨਾਲ ਸਮੁੱਚੀ ਮਜ਼ਦੂਰ ਜਮਾਤ ਪ੍ਰਤੀ ਰਵੱਈਆ ਬਦਲਦਾ ਹੈ ਅਤੇ ਇਸ ਮੁਲਕ ਵਿਚ ਜੋ ਲੋਕ ਯੂਨੀਅਨਾਂ ਨੂੰ ਬਦਨਾਮ ਕਰਨਾ ਆਪਣਾ ਧਰਮ ਸਮਝਦੇ ਹਨ, ਉਹਨਾਂ ਨੂੰ ਵੀ ਯੂਨੀਅਨਾਂ ਦੀ ਲੋੜ ਬਾਰੇ ਅਸਲੀਅਤ ਦਾ ਗਿਆਨ ਹੁੰਦਾ ਹੈ।

ਯੂਨੀਅਨ ਵੱਲੋਂ ਪੜ੍ਹਾਈ ਦੇ ਕੰਮ ਦਾ ਦੂਜਾ ਪੱਖ ਹੈ: ਖੇਤ-ਮਜ਼ਦੂਰਾਂ ਨੂੰ ਅੰਗਰੇਜ਼ੀ ਦੀ ਸਿਖਲਾਈ ਦੇਣਾ। ਇਹ ਕੰਮ "ਸਿੱਖਣ ਦਾ ਵੇਲਾ" ਨਾਂ ਦੇ ਪ੍ਰਾਜੈਕਟ ਹੇਠ ਪਿਛਲੇ ਦੋ ਤਿੰਨ ਸਾਲ ਤੋਂ ਚੱਲ ਰਿਹਾ ਹੈ। ਇਸ ਅਧੀਨ ਯੂਨੀਅਨ ਦੇ ਵਲੰਟੀਅਰ ਮਜ਼ਦੂਰਾਂ ਦੇ ਘਰੀਂ ਜਾਕੇ ਉਨ੍ਹਾਂ ਨੂੰ ਅੰਗਰੇਜ਼ੀ ਸਿਖਾਉਂਦੇ ਹਨ। ਮਜ਼ਦੂਰਾਂ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਕਿ ਉਨ੍ਹਾਂ ਨੂੰ ਕਿੱਥੇ ਕਿੱਥੇ ਕਿਸ ਕਿਸਮ ਦੀ 'ਬਾਤ' ਦੀ ਲੋੜ ਹੈ, ਇਹ ਸਿੱਖਿਆ ਦਿੱਤੀ ਜਾਂਦੀ ਹੈ। ਇਹ ਠੀਕ ਹੈ ਕਿ ਇਸ ਪ੍ਰਾਜੈਕਟ ਰਾਹੀਂ ਯੂਨੀਅਨ ਨੇ ਪੰਜਾਬੀਆਂ ਵਿਚੋਂ ਕੋਈ ਬਹੁਤੇ ਲੋਕਾਂ ਨੂੰ ਅੰਗਰੇਜ਼ੀ ਨਹੀਂ ਸਿਖਾ ਦੇਣੀ ਪਰ ਇਸ ਕੰਮ ਦੇ ਅਸਿੱਧੇ ਤੌਰ 'ਤੇ ਬਹੁਤ ਫਾਇਦੇ ਹਨ। ਜਿਵੇਂ ਆਪਣੇ ਲੋਕਾਂ ਦਾ ਆਮ ਵਿਚਾਰ ਹੈ ਕਿ ਪੜ੍ਹਨ ਲਿਖਣ ਦਾ ਕੰਮ ਤਾਂ ਬਚਪਨ ਵਿਚ ਜਾਂ ਜੁਆਨੀ ਵੇਲੇ ਹੀ ਕਰਨ ਵਾਲੀ ਗੱਲ ਹੈ। ਆਪਣੇ ਲੋਕਾਂ ਦੇ ਕਈ ਹੋਰ ਵੀ ਪੁਰਾਣੇ ਵਿਚਾਰਾਂ ਨੂੰ ਉਨ੍ਹਾਂ ਦੇ ਮਨਾਂ ਵਿਚੋਂ ਕੱਢਿਆ ਹੈ। ਵਾਲੰਟੀਅਰ ਕਿਉਂਕਿ ਗੋਰੇ ਹੁੰਦੇ ਹਨ, ਇਸ ਤਰ੍ਹਾਂ ਖੇਤ-ਮਜ਼ਦੂਰਾਂ ਦਾ ਸਿੱਧਾ ਵਾਹ ਇਹਨਾਂ ਨਾਲ ਪੈਂਦਾ ਹੈ ਅਤੇ ਉਹਨਾਂ ਦੇ ਮਨਾਂ ਵਿਚੋਂ ਦੂਜੇ ਲੋਕਾਂ ਬਾਰੇ ਅਗਿਆਨਤਾ ਅਤੇ ਝੱਕ ਜਾਂਦੀ ਰਹਿੰਦੀ ਹੈ। ਫੇਰ ਜਦੋਂ ਉਹ ਬਾਹਰ ਸਟੋਰਾਂ ਆਦਿ 'ਤੇ ਜਾਂਦੇ ਹਨ ਤਾਂ ਫੇਰ ਕਾਫੀ ਸੌਖੇ-ਭਰੋਸੇ ਨਾਲ ਗੱਲਬਾਤ ਕਰਦੇ ਹਨ। ਨਾਲ ਹੀ ਕਈ ਸਿਆਣੀਆਂ ਔਰਤਾਂ ਜਿਨ੍ਹਾਂ ਦਾ ਸ਼ਾਇਦ ਉਂਝ ਗੋਰਿਆਂ ਨਾਲ ਵਾਹ ਪੈਣ ਦੇ ਇਨੇ ਮੌਕੇ ਨਾ ਹੋਣ ਉਹਨਾਂ ਵਿਚੋਂ ਕਈਆਂ ਦਾ ਵਲੰਟੀਅਰ ਔਰਤਾਂ ਨਾਲ ਬਹੁਤ ਗੂੜ੍ਹਾ ਸੁਹੇਲਪੁਣਾ ਪਿਆ ਹੈ।

**ਮਜ਼ਦੂਰ ਜਮਾਤ ਨਾਲ ਸਾਂਝ :** ਸੀ.ਐਫ.ਯੂ. ਨੇ ਇਥੋਂ ਦੀ ਮਜ਼ਦੂਰ ਜਮਾਤ ਨਾਲ ਭਾਰਤੀ ਮਜ਼ਦੂਰ ਜਮਾਤ ਦੀ ਸਾਂਝ ਵਧਾਉਣ ਵਿਚ ਇਕ ਬਹੁਤ ਹੀ ਨਿੱਗਰ ਕੰਮ ਕੀਤਾ ਹੈ। ਯੂਨੀਅਨ ਵੱਲੋਂ ਖੇਤ-ਮਜ਼ਦੂਰਾਂ ਦੀਆਂ ਮੁਸ਼ਕਲਾਂ ਦਾ ਮੀਡੀਏ ਰਾਹੀਂ ਪਰਚਾਰ ਕਰਨ ਦੇ ਸਿੱਟੇ ਵਜੋਂ ਜਿਥੇ ਵੱਡੀ ਕਮਿਊਨਿਟੀ ਵਿਚੋਂ ਬਹੁਤ ਵਿਅਕਤੀਆਂ ਅਤੇ ਜੱਥੇਬੰਦੀਆਂ ਨੇ ਮੱਦਦ ਦਾ ਹੁੰਗਾਰਾ ਭਰਿਆ ਉਥੇ ਦੂਜੀਆਂ ਯੂਨੀਅਨਾਂ ਵੱਲੋਂ ਇਹਨਾਂ ਦੀ ਹਮਾਇਤ ਵੱਡੇ ਪੱਧਰ 'ਤੇ ਹੋਈ। ਇਸ ਤਰ੍ਹਾਂ ਪਹਿਲੀ ਵਾਰੀ ਕੈਨੇਡਾ ਦੀ ਮਜ਼ਦੂਰ-ਜਮਾਤ ਨੇ ਭਾਰਤੀ ਮਜ਼ਦੂਰਾਂ ਦੇ ਸੰਘਰਸ਼ ਦੀ ਮੱਦਦ ਕਰਕੇ ਆਪਣੇ ਆਪ ਨੂੰ ਇਹਨਾਂ ਮਜ਼ਦੂਰਾਂ ਦੇ ਨੇੜੇ ਮਹਿਸੂਸ ਕੀਤਾ। ਤੇ ਇਹ ਮੱਦਦ ਦੀ ਕਿਰਿਆ ਇਕ-ਪਾਸੜ ਨਹੀਂ ਰਹੀ। C.F.U. ਨੇ ਵੀ ਜਦ ਕਦੇ ਵੀ ਮੌਕਾ ਮਿਲਿਆ, ਦੂਜੇ ਮਜ਼ਦੂਰਾਂ ਦੀ ਮੱਦਦ ਕੀਤੀ ਹੈ। ਮਜ਼ਦੂਰ ਜਮਾਤ ਵੱਲੋਂ ਕੀਤੇ ਜਾਂਦੇ ਰੋਸ-ਮਾਰਚਾਂ ਅਤੇ ਮੁਜ਼ਾਹਰਿਆਂ 'ਤੇ C.F.U. ਦੇ ਮੈਂਬਰ ਹਮੇਸ਼ਾ ਸਰਗਰਮ ਹਿੱਸਾ ਲੈਂਦੇ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ 1982 ਵਿਚ ਬੀ.ਸੀ. ਦੀ ਸਰਕਾਰ ਵਿਰੁੱਧ ਚਲੀ ਸੌਲੀਡੈਰਿਟੀ ਲਹਿਰ ਦੀ ਹੈ। ਬੀ.ਸੀ. ਦੀ ਸਰਕਾਰ ਵੱਲੋਂ ਪਾਸ ਕੀਤੇ ਲੋਕ-ਵਿਰੋਧੀ ਬੱਜਟ ਨੇ ਲੋਕਾਂ ਵਿਚ ਸਰਕਾਰ ਵਿਰੁੱਧ ਬੇਹੱਦ ਗੁੱਸਾ ਪੈਦਾ ਕੀਤਾ। ਇਸ ਵਿਰੁਧ ਇਕ ਜ਼ੋਰਦਾਰ ਮੁਹਿੰਮ ਚਲਾਈ ਗਈ। ਐਂਮਪਾਇਰ ਸਟੇਡੀਅਮ ਵਿਚ ਸਾਰੀ ਮਜ਼ਦੂਰ-ਜਮਾਤ ਵੱਲੋਂ ਇਕ ਜ਼ਬਰਦਸਤ ਰੋਸ-ਮੁਜ਼ਾਹਰਾ ਕੀਤਾ ਗਿਆ। ਇਸ ਮੁਜ਼ਾਹਰੇ ਵਿਚ C.F.U. ਦੀ ਹੋਂਦ ਮਜ਼ਦੂਰ ਜਮਾਤ ਵਿਚ ਨੇੜਤਾ ਦਾ ਚਿੰਨ ਸੀ। ਮੁਜ਼ਾਹਰੇ ਵਿਚ ਜਦੋਂ C.F.U. ਦੇ ਝੰਡੇ ਪਿੱਛੇ ਖੇਤ-ਮਜ਼ਦੂਰਾਂ ਨੇ ਹੋਰ ਯੂਨੀਅਨਾਂ ਵਾਂਗ ਸਟੇਡੀਅਮ ਦਾ ਚੱਕਰ ਕੱਢਿਆ ਤਾਂ ਦੂਜੇ ਮਜ਼ਦੂਰਾਂ ਨੇ ਲਗਾਤਾਰ ਤਾੜੀਆਂ ਮਾਰ ਕੇ ਇਹਨਾਂ ਦਾ ਨਿੱਘਾ ਸਵਾਗਤ ਕੀਤਾ। C.F.U. ਦੇ ਝੰਡੇ ਪਿੱਛੇ ਤੁਰੇ ਜਾਂਦੇ ਪੰਜਾਬੀ ਮਜ਼ਦੂਰਾਂ ਨੇ ਸ਼ਾਇਦ ਪਹਿਲੀ ਵਾਰੀ ਕੈਨੇਡਾ ਦੀ ਧਰਤੀ 'ਤੇ ਆ ਕੇ ਆਪਣੇ ਆਪ ਨੂੰ ਪੂਰੀ ਮਜ਼ਦੂਰ ਜਮਾਤ ਦਾ ਹਿੱਸਾ ਮਹਿਸੂਸ ਕੀਤਾ। ਇਹ ਆਪਣੇ ਆਪ ਵਿਚ ਇਕ ਇਤਿਹਾਸਕ ਘਟਨਾ ਸੀ।

ਜਦ ਕਿਤੇ ਵੀ ਕੋਈ ਸੰਘਰਸ਼ ਚੱਲਦਾ ਹੈ, ਚਾਹੇ ਉਹ ਨਸਲਵਾਦ ਵਿਰੁੱਧ ਹੋਵੇ, ਚਾਹੇ ਔਰਤਾਂ ਦੇ ਹੱਕਾਂ ਬਾਰੇ, ਨੇਟਿਵ ਲੋਕਾਂ ਦੀਆਂ ਮੁਸ਼ਕਲਾਂ ਬਾਰੇ ਜਾਂ ਹੁਣ ਹਰ ਵਰ੍ਹੇ ਨਿਕਲਦੇ ਸ਼ਾਂਤੀ ਮਾਰਚ ਬਾਰੇ; C.F.U. ਹਮੇਸ਼ਾ ਹਾਜ਼ਰ ਹੁੰਦੀ ਹੈ। ਭਾਰਤੀ ਮਜ਼ਦੂਰ ਇਕ ਯੂਨੀਅਨ ਰਾਹੀਂ ਇਥੋਂ ਦੀ ਮਜ਼ਦੂਰ-ਜਮਾਤ ਵਿਚ ਆਪਣਾ ਯੋਗ ਸਥਾਨ ਬਣਾਉਣ ਵਿਚ ਕਾਮਯਾਬ ਹੋ ਰਹੇ ਹਨ। ਇਸ ਵਧਦੀ ਨੇੜਤਾ ਕਰਕੇ ਅਸੀਂ ਵੀ ਇਥੋਂ ਦੀ ਮਜ਼ਦੂਰ-ਜਮਾਤ ਵੱਲੋਂ ਆਪਣੇ ਸੰਘਰਸ਼ਾਂ ਲਈ ਮੱਦਦ ਦੀ ਆਸ ਰੱਖ ਸਕਦੇ ਹਾਂ। ਇਥੋਂ ਦੀ ਮਜ਼ਦੂਰ-ਜਮਾਤ ਨਾਲ ਨੇੜਤਾ ਕਰਕੇ ਅਸੀਂ ਭਾਰਤ ਵਿਚ ਮਜ਼ਦੂਰਾਂ ਅਤੇ ਕਿਸਾਨਾਂ ਦੇ ਘੋਲਾਂ ਲਈ ਵੀ ਹਾਂ-ਪੱਖੀ ਰਾਇ ਪੈਦਾ ਕਰ ਸਕਦੇ ਹਾਂ।

ਸੀ.ਐਫ.ਯੂ. ਵੱਲੋਂ ਸਮੇਂ ਸਮੇਂ ਫੰਡ 'ਕੱਠਾ ਕਰਨ ਲਈ ਜਾਂ ਕਿਸੇ ਨਾ ਕਿਸੇ ਹੋਰ ਮਸਲੇ ਲਈ ਅਕਸਰ ਫੰਕਸ਼ਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਹਨਾਂ ਸਮਾਗਮਾਂ ਵਿਚ ਦੂਜੀਆਂ ਯੂਨੀਅਨਾਂ ਦੇ ਮੈਂਬਰ ਤੇ ਵੱਡੀ ਕਮਿਊਨਿਟੀ ਵਿਚੋਂ ਲੋਕ-ਪੱਖੀ ਸੋਚ ਰੱਖਣ ਵਾਲੇ ਵਿਅਕਤੀ ਅਤੇ ਸੰਸਥਾਵਾਂ ਵੱਡੀ ਗਿਣਤੀ ਵਿਚ ਹਿੱਸਾ ਲੈਂਦੀਆਂ ਹਨ। ਇਹਨਾਂ ਪ੍ਰੋਗਰਾਮਾਂ ਵਿਚ ਅੰਗਰੇਜ਼ੀ ਅਤੇ ਪੰਜਾਬੀ ਵਿਚ ਗੀਤ-ਸੰਗੀਤ ਪੇਸ਼ ਕੀਤਾ ਜਾਂਦਾ ਹੈ। ਪੰਜਾਬੀ ਮਰਦ, ਔਰਤਾਂ ਦੂਜੇ ਲੋਕਾਂ ਨਾਲ ਮਿਲ ਕੇ ਢੋਲ ਦੀ ਤਾਲ 'ਤੇ ਗਿੱਧਾ ਪਾਉਂਦੇ ਹਨ, ਭੰਗੜਾ ਪਾਉਂਦੇ ਹਨ। ਇਹਨਾਂ ਪ੍ਰੋਗਰਾਮਾਂ 'ਤੇ ਸੱਭਿਆਚਾਰਾਂ ਦਾ ਜੋ ਸਿਹਤਮੰਦ ਤਰੀਕੇ ਨਾਲ ਤਬਾਦਲਾ ਹੁੰਦਾ ਹੈ, ਉਹ ਸ਼ਾਇਦ ਹੀ ਸਰਕਾਰਾਂ ਤੋਂ ਗਰਾਂਟਾਂ ਲੈਣ ਵਾਲੇ ਗਰੁੱਪ ਪੈਦਾ ਕਰ ਸਕਣ।

**ਲੋਕ-ਪੱਖੀ ਪੰਜਾਬੀ ਸਾਹਿਤ ਤੇ ਸੱਭਿਆਚਾਰ ਉੱਪਰ ਸੀ.ਐਫ.ਯੂ ਦਾ ਅਸਰ :**

ਸਾਲ 1979 ਵੇਲੇ ਜਦੋਂ ਆਪਣੇ ਖੇਤ-ਮਜ਼ਦੂਰਾਂ ਦੀ ਜੱਦੋ ਜਹਿਦ ਅਜੇ ਸ਼ੁਰੂ ਹੀ ਹੋਈ ਸੀ ਤਾਂ ਐਬਟਸਫੋਰਡ ਖੇਤਾਂ ਦੇ ਵਿਚਲੇ ਮਜ਼ਦੂਰਾਂ ਦੇ ਇਕ ਵੱਡੇ ਮਾਰਚ ਵਿਚ ਸੰਤ ਰਾਮ ਉਦਾਸੀ ਦੀ ਉੱਚੀ ਤੇ ਸੁਰੀਲੀ ਆਵਾਜ਼ ਆਸਪਾਸ ਬੇਰੀ ਤੋੜਦੇ ਕਾਮਿਆਂ ਦੇ ਸਰੀਰਾਂ ਵਿਚ ਤਰੰਗਾਂ ਛੇੜ ਗਈ ਸੀ। ਇਸੇ ਤਰਾਂ ਸੀ.ਐਫ.ਯੂ. ਸਮੇਂ ਸਮੇਂ ਸਥਾਨਕ ਕਵੀਆਂ, ਕਲਾਕਾਰਾਂ, ਭੰਗੜਾ ਗਰੁਪਾਂ ਤੇ ਨਾਟਕ ਕਰਨ ਵਾਲਿਆਂ ਨੂੰ

ਆਪਣੀਆਂ ਮੀਟਿੰਗਾਂ 'ਤੇ ਸੱਦਕੇ ਉਨ੍ਹਾਂ ਦਾ ਹੌਂਸਲਾ ਵਧਾਉਂਦੀ ਅਤੇ ਲੋਕ-ਪੱਖੀ ਸਾਹਿਤ ਤੇ ਸੱਭਿਆਚਾਰ ਨੂੰ ਉਤਸ਼ਾਹ ਦਿੰਦੀ ਹੈ। ਇਹਨਾਂ ਮੀਟਿੰਗਾਂ ਤੇ ਫੰਕਸ਼ਨਾਂ ਰਾਹੀਂ ਅਸਿੱਧੇ ਤੌਰ 'ਤੇ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਕਾਫੀ ਉਤਸ਼ਾਹ ਮਿਲਦਾ ਹੈ।

ਕੈਨੇਡਾ ਦੀ ਮਜ਼ਦੂਰ-ਜਮਾਤ ਦੇ ਸੰਘਰਸ਼ਾਂ ਵਿਚ ਸੀ.ਐਫ.ਯੂ. ਨੇ ਇਕ ਵਡਮੁੱਲੇ ਅੱਖਰ ਦਾ ਵਾਧਾ ਕੀਤਾ ਹੈ। ਉਹ ਅੱਖਰ ਹੈ - ਜ਼ਿੰਦਾਬਾਦ। ਅਮਰੀਕਾ ਦੇ ਖੇਤ-ਮਜ਼ਦੂਰਾਂ ਦੇ ਮਸ਼ਹੂਰ ਆਗੂ ਸੀਜ਼ਰ ਸ਼ਾਵੇਜ਼ ਤੋਂ ਲੈ ਕੇ ਕੈਨੇਡਾ ਦੇ C.U.P.W. (CANADIAN UNION OF POSTAL WORKERS) ਦੇ ਪ੍ਰਧਾਨ ਕਲਾਡ ਪੈਰੋ ਤੱਕ ਸੈਂਕੜੇ ਮਜ਼ਦੂਰ ਆਗੂਆਂ ਤੇ ਮੈਂਬਰਾਂ ਨੇ ਪੰਜਾਬੀ ਖੇਤ-ਮਜ਼ਦੂਰਾਂ ਨਾਲ ਰਲ ਕੇ 'ਸੀ-ਐਫ.ਯੂ.- ਜ਼ਿੰਦਾਬਾਦ', 'ਮਜ਼ਦੂਰ-ਏਕਤਾ - ਜ਼ਿੰਦਾਬਾਦ' ਦੇ ਨਾਅਰੇ ਲਾਏ ਹਨ। 'ਜ਼ਿੰਦਾਬਾਦ' ਹੌਲੀ ਹੌਲੀ ਇਥੋਂ ਦੀ ਮਜ਼ਦੂਰ-ਜਮਾਤ ਦਾ ਅੱਖਰ ਬਣ ਰਿਹਾ ਹੈ।

**ਆਪਣੇ ਵਿਰਸੇ ਦੀ ਸਾਂਭ :** ਕੈਨੇਡਾ ਵਿਚ ਵਸਦੀ ਭਾਰਤੀ ਕਮਿਊਨਿਟੀ, ਜਿਸ ਵਿਚ ਬਹੁ-ਗਿਣਤੀ ਪੰਜਾਬੀਆਂ ਦੀ ਹੈ, ਦਾ ਜ਼ੁਲਮ ਵਿਰੁੱਧ ਲੜਨ ਦਾ ਸੁਨਹਿਰੀ ਇਤਿਹਾਸ ਹੈ। ਇਸ ਸਦੀ ਦੇ ਪਹਿਲੇ ਅਤੇ ਦੂਜੇ ਦਹਾਕੇ ਵਿਚ ਸਾਡੇ ਬਜ਼ੁਰਗਾਂ ਨੇ ਇਥੋਂ ਦੀ ਨਸਲੀ ਸਰਕਾਰ ਵਿਰੁੱਧ ਮਹੱਤਵਪੂਰਨ ਘੋਲ ਲੜੇ ਹਨ। ਸੀ.ਐਫ.ਯੂ. ਦੇ ਆਗੂਆਂ ਨੇ ਇਸ ਵਿਰਸੇ ਨੂੰ ਸਾਂਭਿਆ ਹੀ ਨਹੀਂ, ਸਗੋਂ ਇਸ ਵਿਚ ਨਵੀਆਂ ਪਿਰਤਾਂ ਪਾਈਆਂ ਹਨ। ਇਹ ਸਾਰੀ ਦੀ ਸਾਰੀ ਕਮਿਊਨਿਟੀ ਲਈ ਮਾਣ ਵਾਲੀ ਗੱਲ ਹੈ।

ਉੱਪਰ ਵਿਚਾਰੀਆਂ ਗਈਆਂ ਗੱਲਾਂ ਤੋਂ ਸਾਡਾ ਭਾਵ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਕਾਰਕੁੰਨਾਂ ਦੀ ਵਾਧੂ ਦੀ ਵਡਿਆਈ ਕਰਨਾ ਨਹੀਂ। ਇਹ ਸੰਘਰਸ਼ ਤਾਂ ਅਜੇ ਸ਼ੁਰੂ ਹੋਇਆ ਹੈ। ਸਿਦਕ ਤੇ ਸਿਰੜ ਦਾ ਅਸਲੀ ਫੈਸਲਾ ਤਾਂ ਅਜੇ ਆਉਣ ਵਾਲੇ ਸਮਿਆਂ ਵਿਚ ਹੋਣਾ ਹੈ। ਇਹ ਸਾਰੀਆਂ ਗੱਲਾਂ ਕਰਨ ਤੋਂ ਸਾਡਾ ਭਾਵ ਇਹ ਦਰਸਾਉਣਾ ਸੀ ਕਿ ਖੇਤ ਮਜ਼ਦੂਰਾਂ ਦੀ ਜੱਦੋ-ਜਹਿਦ ਸਾਡੀ ਸਮੁੱਚੀ ਕਮਿਊਨਿਟੀ ਲਈ ਕਿਵੇਂ ਤੇ ਕਿਉਂ ਮਹੱਤਵ ਵਾਲੀ ਗੱਲ ਹੈ। ਇਸ ਸੰਘਰਸ਼ ਰਾਹੀਂ ਅਸੀਂ ਇਥੋਂ ਦੀ ਮਜ਼ਦੂਰ ਜਮਾਤ ਦੇ ਇਤਿਹਾਸ ਵਿਚ ਸ਼ਾਮਲ ਹੋ ਰਹੇ ਹਾਂ। ਸਾਨੂੰ ਹੁਣ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਮਜ਼ਦੂਰ ਜਮਾਤ ਦਾ ਹਿੱਸਾ ਹਾਂ ਤੇ ਮਜ਼ਦੂਰ ਜਮਾਤ ਨੂੰ ਆਪਣੇ ਹੱਕ ਹਮੇਸ਼ਾ ਜੱਦੋ ਜਹਿਦ ਕਰਕੇ ਹੀ ਜਿੱਤਣੇ ਪੈਂਦੇ ਹਨ। ਇਹ ਸੰਘਰਸ਼ ਸਾਡੇ ਲਈ ਹੀ ਨਹੀਂ, ਸਾਡੀਆਂ ਆਉਣ ਵਾਲੀਆਂ ਪੁਸ਼ਤਾਂ ਲਈ ਵੀ ਬਹੁਤ ਜ਼ਰੂਰੀ ਹੈ। ਜੇ ਅਸੀਂ ਆਪਣੇ ਹੱਕਾਂ ਲਈ ਜੱਦੋ ਜਹਿਦ ਕਰਕੇ ਉਹਨਾਂ ਲਈ ਇਕ ਚੰਗੀ ਮਿਸਾਲ ਕਾਇਮ ਕਰਾਂਗੇ ਤਾਂ ਉਹ ਆਪਣੇ ਮਜ਼ਦੂਰ ਸਾਥੀਆਂ ਵਿਚਕਾਰ ਸਿਰ ਉੱਚਾ ਚੁੱਕ ਕੇ ਤੁਰ ਸਕਣਗੇ। ਹਾਲਾਤ ਨੇ ਸਾਨੂੰ ਇਸ ਸੰਘਰਸ਼ ਵਿਚ ਪਾਇਆ ਹੈ, ਸਾਡੇ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਸਮੇਂ ਦੇ ਇਮਤਿਹਾਨ 'ਚੋਂ ਪਾਸ ਹੋਈਏ।

ਅਖੀਰ ਵਿਚ ਅਸੀਂ ਹਰ ਪਾਠਕ ਨੂੰ ਅਪੀਲ ਕਰਦੇ ਹਾਂ ਕਿ ਉਹ ਭਾਵੇਂ ਕੈਨੇਡਾ ਜਾਂ ਅਮਰੀਕਾ ਦੇ ਕਿਸੇ ਹਿੱਸੇ ਵਿਚ ਰਹਿ ਰਿਹਾ ਹੋਵੇ, ਆਪਣੀ ਸਮੁੱਚੀ ਕਮਿਊਨਿਟੀ ਦੇ ਨਾਂ ਨੂੰ ਉੱਚਾ ਚੁੱਕਣ ਲਈ ਖੇਤ-ਮਜ਼ਦੂਰਾਂ ਦੇ ਸੰਘਰਸ਼ ਦੀ ਹਮਾਇਤ ਕਰਨੀ ਚਾਹੀਦੀ ਹੈ। ●

(VANCOUVER, B.C.)

---

(.... ਸਫ਼ਾ 39 ਦੀ ਬਾਕੀ)

ਇਕ ਇੰਜਨੀਅਰ ਦੇ ਘਰ ਦੇ ਬੰਦ ਕਮਰੇ ਵਿਚ ਸਾਂਈਂ ਬਾਬੇ ਦੀ ਤਸਵੀਰ ਸਾਹਮਣੇ ਇਕ ਅੰਬ ਅਤੇ ਇਕ ਚਾਕੂ ਰੱਖਣ ਨਾਲ ਅੰਬ ਆਪਣੇ ਆਪ ਕੱਟਿਆ ਜਾਂਦਾ ਹੈ। ਅਤੇ ਸੈਂਕੜੇ ਮੀਲ ਦੂਰ ਬੈਠਾ ਸਾਂਈਂ ਬਾਬਾ ਇਸ ਅੰਬ ਨੂੰ ਖਾ ਜਾਂਦਾ ਹੈ। ਸਾਡੇ ਬਹੁਤ ਸਾਰਾ ਸਮਝਾਉਣ 'ਤੇ ਵੀ ਇਹ ਅਧਿਆਪਕ ਇਸ ਗੱਲ 'ਤੇ ਅੜਿਆ ਰਿਹਾ ਕਿ ਇਹ ਗੱਲ ਬਿਲਕੁਲ ਸੱਚੀ ਹੈ ਤੇ ਮੈਂ ਤੁਹਾਨੂੰ ਇਹ ਵਿਖਾ ਸਕਦਾ ਹਾਂ। ਪਰੰਤੂ ਆਖਰਕਾਰ ਅਸੀਂ ਇਸ ਗੱਲ ਦੀ ਪੜਤਾਲ ਕਰਨ ਲਈ ਤਿਆਰ ਹੋ ਗਏ ਤਾਂ ਇਹ ਅਧਿਆਪਕ ਇਸ ਗੱਲ ਨੂੰ ਵਿਖਾਉਣ ਤੋਂ ਭੱਜ ਗਿਆ। ਇਸ ਤਰ੍ਹਾਂ ਅਧਿਆਪਕ ਨੂੰ ਬਹੁਤ ਸਾਰੇ ਅਧਿਆਪਕਾਂ ਦੇ ਸਾਹਮਣੇ ਨਿਮੋਸ਼ੀ ਵੇਖਣੀ ਪਈ।

ਬਠਿੰਡਾ ਜਿਲ੍ਹੇ ਦੇ ਇਕ ਪਿੰਡ ਵਿਚ ਬਹੁਤ ਸਾਰੇ ਅੰਧ ਵਿਸ਼ਵਾਸੀ ਲੋਕਾਂ ਨੂੰ ਇਹ ਡਰ ਸੀ ਕਿ ਪਿੰਡ ਵਿਚ ਇਕ ਮਟੀ 'ਤੇ ਜੇ ਕੋਈ ਵਿਅਕਤੀ ਚੜ੍ਹ ਜਾਵੇਗਾ ਤਾਂ ਇਹ ਮਟੀ ਉਸਨੂੰ ਪੁੱਠਾ ਲਟਕਾ ਦੇਵੇਗੀ ਪਰੰਤੂ ਸਾਡੀ ਸੁਸਾਇਟੀ ਦੇ ਮੈਂਬਰਾਂ ਨੇ ਉਸ ਮਟੀ 'ਤੇ ਚੜ੍ਹਕੇ ਲੋਕਾਂ ਵਿਚ ਪਏ ਇਸ ਭੁਲੇਖੇ ਨੂੰ ਦੂਰ ਕੀਤਾ ਅਤੇ ਇਸ ਤਰ੍ਹਾਂ ਲੋਕਾਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਪੰਜਾਬ ਵਿਚ ਮੜੀਆਂ, ਮਟੀਆਂ ਲਈ ਛੱਡੀ ਹੋਈ ਹਜ਼ਾਰਾਂ ਏਕੜ ਭੂਮੀ ਨੂੰ ਵਾਹੀ ਹੇਠ ਲੈ ਆਉਣ।

ਫਰੀਦਕੋਟ ਦੇ ਪਿੰਡ ਦਾ ਉਧਰ ਦੇ ਇਕ "ਸਿਆਣੇ" ਸ਼ਿਵਚੰਦ ਦਾ ਦਾਅਵਾ ਸੀ ਕਿ ਉਸ ਵਿਚ ਭੂਤਾਂ -ਪ੍ਰੇਤਾਂ ਨੂੰ ਵੱਸ ਕਰਕੇ ਉਨ੍ਹਾਂ ਤੋਂ ਆਪਣੀ ਮਰਜ਼ੀ ਦੇ ਕੰਮ ਕਰਵਾਉਣ ਦੀ ਸ਼ਕਤੀ ਹੈ ਅਤੇ ਦੂਰ ਤੋਂ ਬੈਠਾ ਹੀ ਕਿਸੇ ਘਰ ਵਿਚ ਪਈਆਂ ਚੀਜ਼ਾਂ ਦੱਸ ਸਕਦਾ ਹੈ। ਪਰੰਤੂ ਜਦੋਂ ਅਸੀਂ ਉਸਨੂੰ ਉਸਦੇ ਵੱਸ ਵਿਚਲੀਆਂ ਭੂਤਾਂ ਤੋਂ ਇਕ ਪਿੰਨ ਨੂੰ ਚੁਕਵਾ ਕੇ ਇਕ ਇੰਚ ਦੂਰ ਰਖਵਾਉਣ ਲਈ ਆਖਿਆ ਤਾਂ ਉਹ ਪਾਣੀ-ਪਾਣੀ ਹੋ ਗਿਆ, ਜਦੋਂ ਅਸੀਂ ਉਸਨੂੰ ਆਪਣੀ ਜੇਬ ਦੇ ਪੈਸਿਆਂ ਬਾਰੇ ਪੁੱਛਿਆ ਤਾਂ ਉਹ ਕੋਈ ਗੱਲ ਨਾ ਦੱਸ ਸਕਿਆ, ਇਸ ਤਰ੍ਹਾਂ ਬਹੁਤ ਸਾਰੇ ਲੋਕਾਂ ਸਾਹਮਣੇ ਉਸਦਾ ਫਰੇਬ ਨੰਗਾ ਹੋਇਆ।

ਜ਼ਿਲਾ ਸੰਗਰੂਰ ਦੇ ਪਿੰਡ ਉਗੋਕੇ ਦੇ ਇਕ ਪੁੱਛਾਂ ਦੇਣ ਵਾਲੇ ਦੇਵ ਪੁਰਸ਼ ਦਰਸ਼ਨ ਸਿੰਘ ਨੇ ਕਿਤਾਬ ...ਤੇ ਦੇਵ ਪੁਰਸ਼ ਹਾਰ ਗਏ ਪੜ੍ਹਨ ਤੋਂ ਬਾਅਦ ਸਾਡੀ ਸੁਸਾਇਟੀ ਦੇ ਮੈਂਬਰ ਨੂੰ ਚੈਲੰਜ ਕੀਤਾ ਕਿ ਉਹ ਦਸ ਹਜ਼ਾਰ ਰੁਪਏ ਦੀ ਸ਼ਰਤ ਬਰਾਬਰਤਾ ਦੇ ਅਧਾਰ 'ਤੇ ਲਾਉਣ ਨੂੰ ਤਿਆਰ ਹੈ ਅਤੇ ਉਹ ਕਿਸੇ ਵੀ ਆਦਮੀ ਨੂੰ ਭੂਤ ਦੇ ਅਸਰ ਹੇਠ ਲਿਆ ਕੇ ਖੇਲਣ ਲਾ ਸਕਦਾ ਹੈ। ਪਰ ਜਦੋਂ ਸਾਡੀ ਸੁਸਾਇਟੀ ਦੇ ਮੈਂਬਰ ਨੇ ਇਸ ਗੱਲ ਲਈ ਵੀ ਸਹਿਮਤੀ ਪ੍ਰਗਟ ਕੀਤੀ ਤਾਂ ਉਹ ਇਸ ਤੋਂ ਵੀ ਭੱਜ ਗਿਆ ਅਤੇ ਕਹਿਣ ਲੱਗਾ ਕਿ ਤੁਸੀਂ ਕਿਸੇ ਔਰਤ ਨੂੰ ਲਿਆਓ, ਮੈਂ ਉਸਨੂੰ ਬੋਲਣ ਲਾ ਦੇਵਾਂਗਾ, ਪਰ ਜਦੋਂ ਸਾਡੀ ਸੁਸਾਇਟੀ ਦੇ ਮੈਂਬਰ ਨੇ ਉਸਦੀ ਇਹ ਸ਼ਰਤ ਵੀ ਮੰਨ ਲਈ ਤਾਂ ਉਹ ਭਰਾ ਇਹ ਕਹਿਕੇ ਇਸ ਗੱਲ ਤੋਂ ਵੀ ਭੱਜ ਗਿਆ ਕਿ ਮੇਰੇ ਗੁਰੂ ਨੇ ਮੈਨੂੰ ਸ਼ਰਤ ਲਾਉਣ ਤੋਂ ਰੋਕ ਦਿੱਤਾ ਹੈ।

ਰੈਸ਼ਨਲਿਸਟ ਸੁਸਾਇਟੀ ਪੰਜਾਬ ਵਾਲੇ ਸਾਰੇ ਸੂਝਵਾਨ ਲੋਕਾਂ ਦਾ ਇਸ ਕੰਮ ਵਿਚ ਸਹਿਯੋਗ ਚਾਹੁੰਦੇ ਹਨ। ਉਹ ਸਮਝਦੇ ਹਨ ਕਿ ਉਹ ਕੰਮ ਉਨ੍ਹਾਂ ਦੇ ਇਕੱਲਿਆਂ ਕਰਨ ਦਾ ਨਹੀਂ। ਉਹ ਸਾਰੇ ਪਾਠਕਾਂ ਨੂੰ ਅਪੀਲ ਕਰਦੇ ਹਨ ਹਰ ਸੂਝਵਾਨ ਬੰਦਾ ਜਿਥੇ ਕਿਤੇ ਵੀ ਰਹਿ ਰਿਹਾ ਹੋਵੇ ਇਸ ਕੰਮ ਵਿਚ ਹਿੱਸਾ ਪਾਵੇ। ਕਿਤਾਬ ਮੰਗਵਾਉਣ ਲਈ ਜਾਂ ਸੁਸਾਇਟੀ ਨਾਲ ਸੰਪਰਕ ਕਰਨ ਲਈ ਹੇਠ ਲਿਖੇ ਪਤੇ 'ਤੇ ਲਿਖਿਆ ਜਾ ਸਕਦਾ ਹੈ:—

**ਪਤਾ:**

**ਮੇਘਰਾਜ ਮਿੱਤਰ (ਸਾਇੰਸ ਮਾਸਟਰ) ਪ੍ਰਧਾਨ**
**ਰੈਸ਼ਨਲਿਸਟ ਸੁਸਾਇਟੀ, ਪੰਜਾਬ**
**ਗੁਰੂ ਨਾਨਕ ਸਟਰੀਟ,**
**ਕੱਚਾ ਕਾਲਜ ਰੋਡ, ਬਰਨਾਲਾ**
**ਜਿਲਾ ਸੰਗਰੂਰ**

# BOMBAY SWEETS MFG. INCORPORATED

**FOR LARGEST VARIETY IN INDIAN SWEETS**

• ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
• ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ
ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ਰੀਦਣ ਲਈ

ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼

6556 - 60 Main Street
(at 49th Ave.)
Vancouver, B.C. V5X 3H1
Tel: (604) 321-1414
874-5722

**OPEN EVERY DAY 9 A.M. TO 9:30 P.M.**

# VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ੍ਹ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

**TEL: 324-3177**

**KENNY K. H. NG** B.Sc. (PHARM.), R.P.E.B.C.

**PAUL C. Y. FU** B.Sc. (PHARM.) R.P.E.B.C.

**6407 MAIN ST. VANCOUVER, B.C.**

# PAUL'S

***PLUMBING & ELECTRICAL SUPPLY***



**'OPEN ON SUNDAYS TOO'**

**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

***Contact Paul At:***

***4774 Main St. (at 32nd) Vancouver, B.C.***

***PH: 872-3118*** Supply
***872-7227*** Service

# KESri

**SWEETS & RESTAURANT LTD.**

*Retailer & Wholesaler*

*We Cater for Weddings & Parties*

1424 GERRARD ST. EAST
TORONTO, ONT. M4L 1Z6
Tel. 466-0173

# ਯਾਤਰਾ ਦਾ ਅੰਤ

ਮਿੱਤਰ ਰਾਸ਼ਾ

•

ਪੁਸ਼ਪਕ 'ਚ ਪਰਦੇਸ਼ 'ਤੇ ਖੜ੍ਹੀ ਤ੍ਰੀਮਤ ਦੇ
ਜਾਂਤ੍ਰਤ ਵੱਤ ਜੁੜੇ ਹੱਥਾਂ ਨੇ
ਉਹਦੇ ਮੁੱਖੋਂ ਉੱਚਰੇ ਨਮਸਕਾਰ ਦੇ ਸ਼ਬਦਾਂ ਨੇ
ਦਿਲ ਮੋਹ ਲਿਆ

ਪੁਸ਼ਪਕ ਚਾਲਕ ਦੀ, ਯਾਤਰਾ ਸਫਲ ਹੋਣ ਦੀ
ਸ਼ੁਭ ਕਾਮਨਾ ਦੀ ਆਵਾਜ਼ ਨੇ
ਕੰਨਾਂ 'ਚ ਮਿੱਠਾ ਗੀਤ ਛੋਹ ਲਿਆ

ਸਿਮਰਨ ਵੱਤ ਨੈਣ ਮੀਟੇ ਗਏ
ਵਤਨ ਦੀ ਸਿੱਕ ਦਿਲ 'ਚ ਕਰਵਟ ਲਏ
ਪੁਸ਼ਪਕ ਨੇ ਪਰ ਛੰਡੇ
ਖ਼ੁਸ਼ੀ ਤੇ ਡਰ ਆਪਸ 'ਚ ਰਲ ਮਿਲ ਗਏ

ਪੁਸ਼ਪਕ ਆਕਾਸ਼ 'ਚ
ਮਨ ਮੇਰਾ
ਵਤਨ ਦੀਆਂ ਗਲੀਆਂ 'ਚ ਵਿਚਰਨ ਲੱਗਾ

ਖਾਣੇ ਦੀਆਂ ਪਲੇਟਾਂ ਖੜਕੀਆਂ
ਨਸ਼ੇ ਦਾ ਦੌਰ, ਗੱਲਾਂ ਦਾ ਦੌਰ ਚੱਲਣ ਲੱਗਾ

ਕਈ ਦੇਸ਼ ਆਏ, ਕਈ ਦੇਸ਼ ਗਏ

ਵਤਨ ਆਇਆ
ਦਿਲ ਨੇ ਅੰਮ੍ਰਿਤ ਦਾ ਘੁੱਟ ਭਰਿਆ
ਨੈਣਾਂ ਦੀਆਂ ਪਲਕਾਂ
ਵਤਨ ਨੂੰ ਸਿਜਦਾ ਕਰਿਆ
ਸਾਰਾ ਪਰਦੇਸ ਸਿਮਟ
ਵਤਨ ਦੀਆਂ ਜੂਹਾਂ 'ਚ ਆ ਵੜਿਆ

ਮੁਰਝਾਏ ਮੁੱਖਾਂ, ਰੁੱਖੇ ਬੁੱਲ੍ਹਾਂ
ਬੇਰੁਖੀ ਨੇ ਇਸਤਕਬਾਲ ਕੀਤਾ
ਦਿਲ ਤੁਸਕਿਆ
ਬੁੱਲ੍ਹਾਂ ਕਸੀਸ ਦਾ ਜ਼ਹਿਰ ਪੀਤਾ

ਨੈਣਾਂ 'ਚ
ਵਤਨ ਸਿੱਕ ਦੀ ਲਾਸ਼ ਤਰਨ ਲੱਗ ਪਈ
ਕਸਟਮ ਦੇ ਕਰਿੰਦਿਆਂ ਦੀ
ਇੱਕ ਗੱਲ ਵੀ ਬੁੱਝੀ ਨਾ ਗਈ:
ਸੱਜੇ ਜਾਓ ਖੱਬੇ ਜਾਓ
ਸਾਮਾਨ ਖੋਲ੍ਹੋ ਉਕਾ ਨਾ ਬੋਲੋ

ਨੈਣਾਂ ਨਾਲ ਗੱਲ ਕਰ ਸਕਦੇ ਸਾਂ
ਨੈਣਾਂ 'ਚ ਤਾਂ
ਵਤਨ ਸਿੱਕ ਦੀ ਲਾਸ਼ ਤਰ ਰਹੀ ਸੀ
ਕੰਨ ਹੁਕਮ ਸੁਣ ਰਹੇ ਸਨ
ਕਦਮਾਂ 'ਚ ਹੁਕਮ ਸੁਣਨ ਦੀ
ਰਫ਼ਤਾਰ ਚੱਲ ਰਹੀ ਸੀ

ਮੈਂ ਸੋਚ 'ਚ ਰੁੜ੍ਹਿਆ
ਹਲੀਮੀ ਦਾ ਪੱਲਾ ਫੜਿਆ
ਚੁੱਪ ਦੀ ਮੂਰਤ ਬਣਿਆ
ਕੈਦ ਪੰਛੀ ਵਾਂਗ
ਪਰ ਫੜਫੜਾਉਂਦਾ ਰਿਹਾ
ਕਸਟਮ ਵਾਲੇ ਕਸਟਮ ਲਾਉਂਦੇ ਰਹੇ
ਪਿਆਰ ਵਾਲੀ ਰੱਬ ਨੂੰ ਪਿਉਂਦੀ ਰਹੀ
ਬੱਚੇ ਕੁਰਲਾਉਂਦੇ ਰਹੇ

ਕਾਵਾਂ ਦੇ ਕੁਰਮਟ 'ਚੋਂ
ਚਿੜੀਆਂ ਦੇ ਬੋਟ ਸੰਗ ਕੇ
ਵਤਨ ਦੀ ਸਰਜ਼ਮੀਨ ਵੱਲ ਜਾਂਦੇ ਰਹੇ

ਪੁਸ਼ਪਕ 'ਚ ਪਰਦੇਸ਼ ਤੇ ਖੜ੍ਹੀ ਤ੍ਰੀਮਤ ਦੇ
ਜਾਂਤ੍ਰਤ ਵੱਤ ਜੁੜੇ ਹੱਥਾਂ ਨੇ
ਉਹਦੇ ਮੁੱਖੋਂ ਉੱਚਰੇ ਨਮਸਕਾਰ ਦੇ ਸ਼ਬਦਾਂ ਨੇ
ਦਿਲ ਮੋਹ ਲਿਆ।

• (OTTAWA, ONTARIO)

# ਗ਼ਜ਼ਲ

—ਸਾਧੂ

ਮੱਕੇ ਤੋਂ ਵੱਡਾ ਇਹਨਾਂ ਕੋਲ ਕੋਈ ਤਰਕ ਨਹੀਂ ਹੈ।
ਨਫ਼ਰਤ ਤੋਂ ਖਾਲੀ ਇਹਨਾਂ ਦਾ ਕੋਈ ਵਰਕ ਨਹੀਂ ਹੈ।

ਆਪਣੇ ਮਕਸਦ ਲਈ ਵਰਤਣ ਹਰ ਟੂਕ ਗ੍ਰੰਥ ਵਿਚੋਂ ।
ਇਸ ਕਸਵੱਟੀ ਤੋਂ ਬੱਲੇ ਬਾਹੀ ਦਾ ਕੋਈ ਅਰਕ ਨਹੀਂ ਹੈ।

ਨਾਅਰੇ ਹਨ, ਤਲਵਾਰਾਂ ਹਨ, ਡੁੱਲ੍ਹਦਾ ਮਾਸੂਮਾਂ ਦਾ ਖ਼ੂਨ।
ਸੰਨ ਸੰਤਾਲੀ ਨਾਲੋਂ ਹੁਣ ਕੋਈ ਫਰਕ ਨਹੀਂ ਹੈ ।

ਸਵਰਗ ਦੀ ਭਾਲ ਵਿਚ ਜੋ ਖ਼ੁਦ ਹੀ ਬਣਾਉਂਦੇ।
ਉਸ ਨਰਕ ਤੋਂ ਵੱਡਾ ਕੋਈ ਨਰਕ ਨਹੀਂ ਹੈ ।

ਬੰਦੇ ਹੀ ਮੁੜਕੇ ਫੇਰ ਹੈਵਾਨ ਬਣ ਗਏ ਨੇ ।
ਧਰਮ ਤੇ ਪੈਸੇ ਤੋਂ ਵੱਡਾ ਕੋਈ ਠਰਕ ਨਹੀਂ ਹੈ।

ਵਰਤਮਾਨ ਤੇ ਭਵਿੱਖ ਕਿੰਨੀਆਂ ਅੱਖਾਂ ਦੇ ਉੱਜੜੇ।
ਧਰਮ ਦੇ ਵਪਾਰੀਆਂ ਨੂੰ ਪਿਆ ਕੋਈ ਫਰਕ ਨਹੀਂ ਹੈ।

ਜਿਹੜੇ ਨਾਮ ਦਾ ਹੀ ਕਰਦੇ ਰਹਿੰਦੇ ਹਰ ਵੇਲੇ ਜਾਪ।
ਕੀ ਕੀਤਾ ਉਸ ਨੇ ਹੀ ਸਭ ਦਾ ਬੇੜਾ ਗ਼ਰਕ ਨਹੀਂ ਹੈ?

• (BURNABY, B.C.)

ਕਹਾਣੀ:

# ਇਕ ਪੱਤਰਪ੍ਰੇਰਕ ਦੀ ਕਥਾ

ਕਮਲੇਸ਼ ਭਾਰਤੀ
ਪੰਜਾਬੀ ਰੂਪ - ਕੇਹਰ ਸ਼ਰੀਫ਼

ਹਰ ਰੋਜ਼ ਖਬਰਾਂ ਛੱਟੀਆਂ ਜਾਂਦੀਆਂ ਹਨ- ਕਿਉਂਕਿ ਖਬਰਾਂ ਛੱਟੇ ਬਿਨਾਂ ਲੋਕਾਂ ਦੀ ਨੀਂਦ ਨਹੀਂ ਖੁੱਲ੍ਹਦੀ। ਰੋਜ਼ਾਨਾ ਖਬਰਾਂ ਪੀਤੀਆਂ ਜਾਂਦੀਆਂ ਹਨ ਕਿਉਂਕਿ ਖਬਰਾਂ ਪੀਤੇ ਬਿਨਾਂ ਲੋਕਾਂ ਨੂੰ ਨੀਂਦ ਨਹੀਂ ਆਉਂਦੀ। ਸਭ ਜਾਣਦੇ ਹਨ ਕਿ ਖਬਰਾਂ ਸਿਰਫ਼ ਖਬਰਾਂ ਹੀ ਨਹੀਂ ਹੁੰਦੀਆਂ, ਪਰ ਇਹ ਬਹੁਤ ਘੱਟ ਲੋਕ ਜਾਣਦੇ ਹਨ ਕਿ ਖਬਰਾਂ ਛਪਣ ਦੇ ਬਾਦ ਕੀ ਕਾਰਨ ਹੋ ਸਕਦੇ ਹਨ ਅਤੇ ਇਹ ਤਾਂ ਕੋਈ ਵੀ ਨਹੀਂ ਜਾਣਦਾ ਕਿ ਜਿਹੜੀਆਂ ਖਬਰਾਂ ਨਹੀਂ ਛਪਦੀਆਂ ਉਹਨਾਂ ਦੇ ਪਿੱਛੇ ਕਿਸਦਾ ਹੱਥ ਹੁੰਦਾ ਹੈ। ਅਖਬਾਰ ਵਿਚ ਜਿਸ ਖਬਰ ਨੂੰ ਨਿਗੂਣੀ ਸਮਝ ਕੇ ਅਸੀਂ ਪੜ੍ਹਨੋ ਵੀ ਝਿਜਕਦੇ ਹਾਂ ਉਹ ਹੀ ਦੋ ਚਾਰ ਸਤਰਾਂ ਕਿਥੇ ਤੇ ਕਿੰਨਾ ਕਹਿਰ ਢਾਅ ਚੁੱਕੀਆਂ ਹੁੰਦੀਆਂ ਹਨ ਇਹ ਗੱਲ ਬਹੁਤ ਘੱਟ ਲੋਕ ਜਾਣਦੇ ਹਨ।

ਬਹੁਤ ਪਹਿਲਾਂ ਮੈਂ ਵੀ ਤੁਹਾਡੇ ਵਾਂਗ ਸ਼ੌਕੀਨ ਸੁਭਾਅ ਵਾਲੇ ਲੋਕਾਂ ਵਿਚ ਸ਼ਾਮਲ ਸੀ। ਜਿਹੜੇ ਅਖਬਾਰ ਤੇ ਚਲਵੀਂ ਜਹੀ ਨਜ਼ਰ ਫੇਰਨ ਤੋਂ ਬਾਅਦ ਉਸਨੂੰ ਗੋਲ ਜਾਂ ਚੋਰਸ ਕਰਕੇ ਸੁੱਟ ਛੱਡਦੇ ਹਨ। ਭਾਵ ਕਿ ਮੈਨੂੰ ਫ਼ਿਲਮਾਂ ਸਿਆਸਤ ਤੇ ਸੈਕਸ 'ਚ ਹੋਰ ਲੋਕਾਂ ਵਰਗੀ ਹੀ ਦਿਲਚਸਪੀ ਸੀ। ਚਸਕੇ ਲਾ ਕੇ ਸੁਣਦਾ ਆਪਣੇ ਆਪ ਨੂੰ ਪੜ੍ਹਿਆ ਲਿਖਿਆ ਤੇ ਲੋਕਾਂ ਵਿਚ ਸਮਝਦਾਰ ਸਾਬਤ ਕਰਨ ਲਈ ਥੋੜ੍ਹੀ ਬਹੁਤ ਬਹਿਸ ਵੀ ਕਰ ਲੈਂਦਾ। ਜਲੂਸਾਂ, ਨਾਅਰਿਆਂ, ਹੜਤਾਲਾਂ, ਘੇਰਾਵਾਂ, ਧਰਨਿਆਂ, ਵਿਖਾਵਿਆਂ ਤੇ ਭਾਸ਼ਣਾਂ ਤੋਂ ਪਰਹੇਜ਼ ਕਰਦਾ ਅਤੇ ਨੌਕਰੀ ਪੂਰੀ ਤਰਾਂ ਬਚਾਈ ਰੱਖਣ ਵਾਸਤੇ ਪਹਿਲਾਂ ਤਾਂ ਇਨ੍ਹਾਂ ਵਿਚ ਸ਼ਾਮਲ ਹੀ ਨਾ ਹੁੰਦਾ ਜੇ ਕਿਧਰੇ ਮਜ਼ਬੂਰੀ 'ਚ ਫਸ ਹੀ ਜਾਂਦਾ ਤਾਂ ਸ਼ਕਲ ਵਿਖਾ ਕੇ ਉਥੋਂ ਖਿਸਕ ਜਾਂਦਾ।

ਉਦੋਂ ਹੀ ਅਚਾਨਕ ਇਕ ਲਹਿਰ ਜਹੀ ਉੱਠੀ। ਇਸ ਸੁਸਤੀ ਨੂੰ ਤੋੜਨ ਦਾ ਇੱਕ ਰਸਤਾ ਦਿਖਾਈ ਦਿੱਤਾ। ਇਕ ਰੋਜ਼ਾਨਾ ਅਖਬਾਰ ਵਿਚ ਬਹੁਤ ਸਾਰੇ ਸ਼ਹਿਰਾਂ ਕਸਬਿਆਂ 'ਚ ਪੱਤਰ ਪ੍ਰੇਰਕਾਂ ਲਈ ਇਕ ਇਸ਼ਤਿਹਾਰ ਛੱਪਿਆ। ਉਹਨਾਂ ਸ਼ਹਿਰਾਂ 'ਚ ਸਾਡਾ ਸ਼ਹਿਰ ਵੀ ਸ਼ਾਮਿਲ ਸੀ- ਮੈਂ ਅਰਜ਼ੀ ਭੇਜ ਦਿੱਤੀ। ਜਾਂ ਸ਼ਹਿਰ ਵਿਚੋਂ ਕਿਸੇ ਹੋਰ ਦੇ ਮਨ 'ਚ ਇਸ ਸਬੰਧੀ ਕੋਈ ਦਿਲਚਸਪੀ ਹੀ ਨਹੀਂ ਸੀ ਜਾਂ ਫੇਰ ਹੋਰ ਮੇਰੇ ਤੋਂ ਵੀ ਗਏ ਗੁਜ਼ਰੇ ਹੋਣਗੇ ਕਿ ਉਸ ਹਫ਼ਤੇ ਹੀ ਮੈਨੂੰ ਸ਼ਹਿਰ ਦਾ ਪਤਰ ਪ੍ਰੇਰਕ ਹੋਣ ਦਾ ਨਿਯੁਕਤੀ ਪੱਤਰ ਮਿਲ ਗਿਆ। ਜਿਸ ਵਿਚ ਖ਼ਬਰਾਂ ਭੇਜਣ ਸਬੰਧੀ ਜ਼ਰੂਰੀ ਨਿਰਦੇਸ਼ ਵੀ ਲਿਖੇ ਹੋਏ ਸਨ।

ਮੈਂ ਪੱਤਰ ਪ੍ਰੇਰਕ ਨਿਯੁਕਤ ਹੋਣ ਦੀ ਖੁਸ਼ੀ ਵੀ ਨਾ ਮਨਾ ਸਕਿਆ ਕਿ ਦੁਕਾਨਾਂ ਵੇਲੇ ਕਿਸੇ ਦੋਸਤ ਨੇ ਨਹੋਰਾ ਜਿਹਾ ਮਾਰਿਆ ਕਿ ਇੱਧਰ ਤੂੰ ਪੱਤਰਪ੍ਰੇਰਕ ਹੋਣ ਦੀ ਖੁਸ਼ੀ ਮਨਾਈ ਜਾ ਰਿਹੈਂ ਉਧਰ ਸਰਕਾਰੀ ਹਸਪਤਾਲ 'ਚ ਲੀਡਰਾਂ ਨੇ ਵਿਚਾਰਾ ਡਾਕਟਰ ਕੁੱਟ ਸੁੱਟਿਆ। ਜਦੋਂ ਤਕ ਉਹ ਆਪਣੇ ਪਰੀਵਾਰ ਨੂੰ ਲੈ ਕੇ ਕਿਸੇ ਮਿਤਰ ਦੇ ਘਰ ਨਹੀਂ ਜਾ ਲੁਕਿਆ ਉਦੋਂ ਤਕ ਉਸ ਦਾ ਘੇਰਾਉ ਜਾਰੀ ਰਖਿਆ। ਪੁਲੀਸ ਥਾਣੇ 'ਚ ਬੈਠੀ ਚੁਪ ਚਾਪ ਤਮਾਸ਼ਾ ਦੇਖਦੀ ਰਹੀ।

ਸੱਚੋ ਸੱਚ ਦੱਸਾਂ! ਆਪਣੀਆਂ ਤਾਂ ਲੱਤਾਂ ਕੰਬਣ ਲੱਗ ਪਈਆਂ। ਹੋਸ਼ ਹਵਾਸ਼ ਮਗਜ਼ ਨੂੰ ਚੜ੍ਹਨ ਲੱਗੇ। ਮੇਰੇ ਤਾਂ ਪਿਉ ਦਾਦੇ ਦਾ ਵੀ ਕਦੀ ਪੁਲੀਸ ਨਾਲ ਵਾਹ ਨਹੀਂ ਸੀ ਪਿਆ। ਹੇ ਭਗਵਾਨ ਪਹਿਲੀ ਚੋਰੀ ਪਹਿਲਾ ਹੀ ਫਾਹਾ। ਪਹਿਲੀ ਖ਼ਬਰ ਤੇ ਪੁਲੀਸ ਨਾਲ ਮਿਲਣੀ। ਨਹੀਂ! ਨਹੀਂ, ਇਹ ਨੀਂ ਹੋ ਸਕਦਾ- ਆਪਣੇ ਵੱਸ ਦਾ ਰੋਗ ਨਹੀਂ- ਪਰ? ਪਰ ਮਿੱਤਰ ਦੋਸਤ ਕੀ ਕਹਿਣਗੇ.......... ਬਣ ਗਿਆ ਪੱਤਰਪ੍ਰੇਰਕ? ਡਰ ਗਿਆ? ਪੱਤਰਕਾਰ ਕੋਲ ਮਜ਼ਬੂਤ ਦਿਲ ਗੁਰਦਾ ਹੋਣਾ ਚਾਹੀਦਾ! ਸਮਝਿਆ।

ਹੋਵੇ ਤਾਂ ਕੀ ਹੋਵੇ ਇਹ ਹੀ ਸੋਚਦਾ ਤੁਰਦਾ ਗਿਆ - ਪਰ ਮੇਰੇ ਪਹੁੰਚਣ ਤੱਕ ਸਭ ਕੁਝ 'ਪੂਰੀ ਤਰ੍ਹਾਂ ਸ਼ਾਂਤ' ਹੋ ਚੁਕਾ ਸੀ। ਡਾਕਟਰ ਦਾ ਪਰਿਵਾਰ ਕੋਠੀ 'ਚ ਵਾਪਿਸ ਆ ਗਿਆ ਸੀ ਅਤੇ ਡਾਕਟਰ ਉਚ ਅਧਿਕਾਰੀਆਂ ਨਾਲ ਸਲਾਹ ਮਸ਼ਵਰਾ ਕਰਨ ਮੁਖ ਦਫ਼ਤਰ ਨੂੰ ਜਾ ਚੁੱਕਾ ਸੀ। ਰਾਤ ਉਤਰਨ ਲਗ ਪਈ ਸੀ। ਮੈਂ ਧੂੜ ਫਕਦਾ ਵਾਪਿਸ ਮੁੜ ਆਇਆ। ਦੂਸਰੇ ਦਿਨ ਵੀ ਡਾਕਟਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ- ਪਰ ਉਹ ਅਜੇ ਤੱਕ ਮੁੜਿਆ ਹੀ ਨਹੀਂ ਸੀ ਅਤੇ ਉਸਦੀ ਪਤਨੀ ਨੇ ਦੱਸਿਆ ਕਿ ਮੈਥੋਂ ਬਿਨਾਂ ਹੋਰ ਕੋਈ ਪੱਤਰਕਾਰ ਉਥੇ ਢੁਕਿਆ ਤੱਕ ਨਹੀਂ ਸੀ। ਅਖ਼ਬਾਰ ਫੜੀ ਮੈਂ ਡਾਕਟਰ ਨੂੰ ਮਿਲਿਆ ਅਤੇ ਕੋਈ ਗੱਲ ਪੁੱਛਣ ਤੋਂ ਪਹਿਲਾਂ ਉਹਨੂੰ ਅਖ਼ਬਾਰ ਪੜ੍ਹਨ ਲਈ ਦਿੱਤਾ। ਖਬਰ ਪੜ੍ਹਦਿਆਂ ਹੀ ਉਸ ਦੀਆਂ ਹੈਰਾਨੀ ਨਾਲ ਅੱਖਾਂ ਫੁੱਲ ਗਈਆਂ। ਜ਼ਰੂਰ ਹੀ ਖ਼ਬਰ 'ਚ ਕੋਈ ਗੜਬੜ ਸੀ- ਕੀ?

ਪੱਤਰਪ੍ਰੇਰਕ ਨੇ ਸਚਾਈ ਤੇ ਪਰਦਾ ਪਾ ਦਿੱਤਾ ਸੀ। ਜਦੋਂ ਕਿ ਵਿਧਾਇਕ ਨੇ ਖੁਦ ਡਾਕਟਰ ਦੀਆਂ ਬਾਹਾਂ ਫੜਕੇ ਆਪਣੇ ਗੁੰਡਿਆਂ ਜਾਂ ਚਮਚਿਆਂ ਤੋਂ ਕੁਟਵਾਇਆ ਸੀ। ਡਾਕਟਰ ਦੇ ਦੱਸਣ ਅਨੁਸਾਰ ਥਾਣੇਦਾਰ ਅਤੇ ਸਿਪਾਹੀ ਉਦੋਂ ਹੀ ਸੱਦੇ ਗਏ ਜਦੋਂ ਵਿਧਾਇਕ ਦੇ ਆਦਮੀਆਂ ਨੇ ਆਪਣੀ ਤਸੱਲੀ ਕਰ ਲਈ ਸੀ। ਹਸਪਤਾਲ ਦੇ ਦੂਸਰੇ ਮੁਲਾਜ਼ਮਾਂ ਵਲੋਂ ਵਾਰ ਵਾਰ ਟੈਲੀਫੂਨ ਕੀਤਾ ਗਿਆ। ਪਰ ਇਹ ਸਭ ਕੁਝ ਤਾਂ ਪਹਿਲਾਂ ਤੋਂ ਹੀ ਗਿਣਿਆਂ ਮਿਥਿਆ ਹੋਇਆ ਸੀ। ਨੇੜੇ ਦੇ ਪਿੰਡ 'ਚ ਕਿਸੇ ਨੇ ਇਕ ਹਰੀਜਨ ਨੂੰ ਕੁੱਟਿਆ-ਮਾਰਿਆ। ਸਿੱਟੇ ਵਜੋਂ ਉਹ ਬਹੁਤ ਬੁਰੀ ਤਰ੍ਹਾਂ ਜਖ਼ਮੀ ਹੋ ਗਿਆ। ਜ਼ਖਮੀ ਹਾਲਤ 'ਚ ਹੀ ਪਿੰਡ ਦਾ ਸਰਪੰਚ (ਜੋ ਕਿ ਵਿਧਾਇਕ ਦਾ ਖਾਸ ਆਦਮੀ ਸੀ) ਇਕ ਟਰੱਕ 'ਚ ਪਾ ਕੇ ਉਸ ਨੂੰ ਸਰਕਾਰੀ ਹਸਪਤਾਲ ਲੈ ਆਇਆ ਸੀ। ਇਸ ਸਮੇਂ ਵਰਤਮਾਨ ਵਿਧਾਇਕ ਨੂੰ ਪਤਾ ਲੱਗਾ ਅਤੇ ਉਹ ਹਰੀਜਨ ਵੋਟਾਂ ਨੂੰ ਆਪਣੇ ਪੱਖ 'ਚ ਰੱਖਣ ਵਾਸਤੇ ਹਮਦਰਦੀ ਵਜੋਂ ਹਸਪਤਾਲ ਪਹੁੰਚੇ ਅਤੇ ਮੰਗ ਕੀਤੀ ਕਿ ਸਰਪੰਚ ਜਾਂ ਉਸਦੇ ਧੜੇ ਦੇ ਕਿਸੇ ਵੀ ਆਦਮੀ ਨੂੰ ਫ਼ਸਾਉਣ ਲਈ ਕੋਈ ਕਰੜੀ ਜਹੀ ਧਾਰਾ ਲਿਖ ਕੇ ਡਾਕਟਰ ਉਨ੍ਹਾਂ ਨੂੰ ਪਰਚਾ ਬਣਾ ਕੇ ਦੇਵੇ। ਡਾਕਟਰ ਨੂੰ ਇਹ ਗੱਲ ਆਪਣੇ ਫਰਜ਼ ਤੋਂ ਕਾਫ਼ੀ ਦੂਰ ਦੀ ਲੱਗੀ ਅਤੇ ਉਸ ਨੇ ਸ਼ਰਾਫ਼ਤ ਨਾਲ ਇਨਕਾਰ ਕਰ ਦਿੱਤਾ। ਇਹ ਸੁਣ ਕੇ ਵਿਧਾਇਕ ਜੀ ਮਹਾਰਾਜ ਦੀਆਂ ਅੱਖਾਂ 'ਚ ਖੂਨ ਉਤਰ

ਆਇਆ ਅਤੇ ਡਾਕਟਰ ਦੀ ਬਦਕਿਸਮਤੀ ਕਿ ਉਸੇ ਦਿਨ ਹੀ ਉਸ ਨੂੰ ਤਨਖਾਹ ਮਿਲੀ ਸੀ ਜੋ ਕਿ ਅਜੇ ਉਸ ਦੀ ਜੇਬ ਵਿਚ ਹੀ ਸੀ। ਉਸ ਰਕਮ ਨੂੰ ਉਸਦੀ ਜੇਬ ਵਿਚੋਂ ਕੱਢ ਕੇ ਵਿਧਾਇਕ ਅਤੇ ਉਸ ਦੇ ਹਮਾਇਤੀਆਂ ਨੇ ਰਿਸ਼ਵਤ ਆਖਕੇ ਡਾਕਟਰ ਨੂੰ ਕੁੱਟਣਾ ਫੰਟਣਾ ਸ਼ੁਰੂ ਕਰ ਦਿੱਤਾ। ਵਿਧਾਇਕ ਹਰੀਜਨਾਂ ਦਾ ਸੱਚਾ ਹਮਦਰਦ ਬਣਕੇ ਆਣ ਵਾਲੀਆਂ ਚੋਣਾਂ 'ਚ ਇਸ ਘਟਨਾ ਨੂੰ ਵਰਤਣ ਦਾ ਇਰਾਦਾ ਰਖਦਾ ਸੀ। ਦੂਸਰੀ ਪਾਰਟੀ ਦਾ ਸਰਪੰਚ ਵੀ ਇਸ ਇਰਾਦੇ ਨਾਲ ਹੀ ਉਹਨੂੰ ਟੱਕ 'ਚ ਪਾ ਕੇ ਲਿਆਇਆ ਸੀ ਤਾਂ ਕਿ ਅਗਲੀਆਂ ਚੋਣਾਂ ਵਿਚ ਇਸ 'ਲੋਕ ਸੇਵਾ' ਦੇ ਆਸਰੇ ਆਪਣੇ ਵਿਧਾਇਕ ਲਈ ਵੋਟਾਂ ਲੈ ਸਕੇ। ਉਹਨਾਂ ਦੀ ਲੀਡਰੀ 'ਚ ਡਾਕਟਰ ਵਿਚਾਰਾ ਮੁਫ਼ਤੇ-ਮੁਫ਼ਤ ਬਲੀ ਦਾ ਬਕਰਾ ਬਣ ਗਿਆ। ਉਧਰ ਐਮਰਜੈਂਸੀ ਵਾਰਡ 'ਚ ਜ਼ਖ਼ਮੀ ਹਰੀਜਨ ਤੇ ਉਹਦਾ ਸਰਪੰਚ ਗੱਲ [illegible] ਕਰਦੇ ਰਹੇ- ਲੀਡਰਾਂ ਨੂੰ ਇਸ ਗੱਲ ਦੀ ਪ੍ਰਵਾਹ ਕਿਥੇ ਉਨ੍ਹਾਂ ਨੂੰ ਤਾਂ ਅਗਲੀਆਂ ਚੋਣਾਂ 'ਚ ਹਰੀਜਨ ਵੋਟਾਂ ਚਾਹੀਦੀਆਂ ਸਨ ਅਤੇ ਉਹਦੇ ਲਈ ਸ਼ਾਇਦ ਇਕ ਇਨਸਾਨ ਦੀ ਬਲੀ ਦੀ ਜ਼ਰੂਰਤ ਆ ਪਈ ਸੀ।

ਅਸਲੀਅਤ ਇਹ ਸੀ ਅਤੇ ਡਾਕਟਰ ਨੇ ਅਗਲੀਆਂ ਚੋਣਾਂ ਵਿਚ ਖੜਾ ਨਹੀਂ ਸੀ ਹੋਣਾ। ਜਿਹਨਾਂ ਚੋਣਾਂ ਲੜਨੀਆਂ ਸਨ ਉਹ ਪ੍ਰਬੰਧ ਕਰ ਆਏ ਸਨ। ਪੱਤਰਪ੍ਰੇਰਕ ਨੇ ਵੀ ਵਿਧਾਇਕ ਦੇ ਹੱਕ ਵਿਚ ਹੀ ਲਿਖਿਆ ਸੀ ਕਿ ਸਥਾਨਕ ਐਮ. ਐਲ. ਏ ਅਤੇ ਥਾਣੇਦਾਰ ਨੇ ਆ ਕੇ ਮਾਮਲਾ ਸੁਲਝਾਇਆ ਅਤੇ ਹੁਣ ਸਥਿਤੀ 'ਆਮ ਵਰਗੀ' ਹੈ ਜਦੋਂ ਡਾਕਟਰ ਨੇ ਮੁਸਕ੍ਰਾਂਦੇ ਹੋਏ ਦੱਸਿਆ ਕਿ ਜਿਵੇਂ ਮਾਮਲਾ ਨਿਪਟਾਇਆ ਗਿਆ ਹੈ ਉਹ ਤਾਂ ਤੁਹਾਡੇ ਸਾਮ੍ਹਣੇ ਹੀ ਹੈ। ਸਥਾਨਕ ਡਾਕਟਰ ਐਸੋਸੀਏਸ਼ਨ ਦੀ ਮੀਟਿੰਗ ਹੋ ਚੁੱਕੀ ਹੈ। ਜਿਸ ਵਿਚ ਕਲ ਸ਼ਹਿਰ ਬੰਦ ਦਾ ਸਦਾ ਦਿੱਤਾ ਹੈ। ਸਾਰਾ ਸ਼ਹਿਰ ਬੰਦ ਰਹੇਗਾ। ਪ੍ਰਾਈਵੇਟ ਅਤੇ ਸਰਕਾਰੀ ਅਤੇ ਕੈਮਿਸਟ ਸਭ ਹੜਤਾਲ ਤੇ ਰਹਿਣਗੇ। ਸ਼ਾਇਦ ਇਕ ਰੈਲੀ ਕੀਤੀ ਜਾਵੇਗੀ ਅਤੇ ਉਪ-ਮੰਡਲ ਅਫ਼ਸਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ।

ਮੈਂ ਇਹ ਸਭ ਸੁਣ ਕੇ ਹੈਰਾਨ ਰਹਿ ਗਿਆ ਕਿ ਇਹ ਕਿਹੋ ਜਿਹਾ ਜੰਜਾਲ ਹੈ। ਮੈਂ ਆਪਣਾ ਨਿਯੁਕਤੀ ਪੱਤਰ ਕੱਢਿਆ ਅਤੇ ਉਸ ਵਿਚ ਲਿਖੇ ਨਿਰਦੇਸ਼ਾਂ ਨੂੰ ਘੂਰਦਾ ਰਹਿ ਗਿਆ ਕਿ ਜਿਥੋਂ ਤਕ ਸੰਭਵ ਹੋਵੇ ਖਬਰ ਨਿਰਪੱਖ, ਠੀਕ ਤੇ ਦਿਲਚਸਪ ਹੋਵੇ। ਮੈਨੂੰ ਖਬਰ ਨਾ ਭੇਜੇ ਜਾਣ ਦਾ ਕੋਈ ਅਫ਼ਸੋਸ ਨਾ ਹੋਇਆ। ਉੱਠਣ ਲੱਗਿਆਂ ਮੈਨੂੰ ਡਾਕਟਰ ਨੇ ਆਹ ਭਰੀ ਆਵਾਜ਼ ਨਾਲ ਬੇਨਤੀ ਕੀਤੀ ਕਿ ਮੈਂ ਸਚਾਈ ਪ੍ਰਗਟ ਕਰਾਂ ਆਪਣੇ ਅਖ਼ਬਾਰ ਦੇ ਆਦੇਸ਼ਾ ਅਨੁਸਾਰ ਹੀ ਖ਼ਬਰ ਭੇਜਾਂ।

ਅਗਲੇ ਦਿਨ ਹੜਤਾਲ ਪੂਰੇ ਜ਼ੋਰ-ਸ਼ੋਰ ਨਾਲ ਹੋਈ। ਮੈਂ ਪੂਰੀ ਖ਼ਬਰ ਲੈ ਅਖ਼ਬਾਰ ਦੇ ਦਫ਼ਤਰ ਪਹੁੰਚਾ। ਦੂਜੀਆਂ ਅਖ਼ਬਾਰਾਂ ਤੋਂ ਉਨ੍ਹਾਂ ਦਾ ਮਨ ਬਣ ਚੁੱਕਿਆ ਸੀ। ਉਹਨਾਂ ਸਮਝਾ ਕੇ ਮਸਾਂ ਹੀ ਸਚਾਈ ਦੇ ਨੇੜੇ ਲਿਆਇਆ। ਦੂਸਰੇ ਦਿਨ ਪੂਰੀ ਕਹਾਣੀ ਭਾਵੇਂ ਨਹੀਂ ਗਲ ਲੋਕਾਂ ਦੇ ਤੱਕ ਪਹੁੰਚੀ ਉਦੋਂ ਤਕ ਮੇਰੀ ਕਾਰਗੁਜ਼ਾਰੀ ਦੀ ਖ਼ਬਰ ਵੀ ਵਿਧਾਇਕ ਤਕ ਪਹੁੰਚ ਗਈ ਸੀ। ਮਿਲਣ ਲਈ ਸਦਾ ਆਇਆ। ਉਥੇ ਪਹੁੰਚਣ ਤੇ ਵਿਧਾਇਕ ਨੇ ਕਿਸੇ ਫਿਲਮੀ ਖਲਨਾਇਕ ਦੀ ਤਰ੍ਹਾਂ ਡਾਇਲਾਗ ਮਾਰਿਆ "ਕਿਉਂ! ਲਾ ਲਿਆ ਜ਼ੋਰ ? ਮੇਰੇ ਆਦਮੀ ਬਗ਼ੈਰ ਥਾਣੇ ਗਏ ਆਰਾਮ ਨਾਲ ਜ਼ਮਾਨਤਾ ਕਰਾ ਚੁੱਕੇ ਹਨ। ਸਾਫ਼ ਬਚ ਵੀ ਜਾਣਗੇ। ਪਰ ਤੈਨੂੰ ਕਿਹੜੇ ਪਾਗਲ ਕੁੱਤੇ ਨੇ ਵੱਢਿਆ ਸੀ ਜੋ ਐਨੀ ਲੰਮੀ ਕਹਾਣੀ ਛਪਵਾਈ ਹੈ ? ਹੋਰ ਜ਼ੋਰ ਲਾ ਲੈ ਤੂੰ, ਤੇਰਾ ਡਾਕਟਰ। ਦੇਖ ਲਊਂਗਾ! ਸਾਰਿਆਂ ਨੂੰ ਦੇਖ ਲਊਂਗਾ।

ਕੁਝ ਦਿਨਾਂ ਬਾਅਦ ਹੀ ਸੂਬੇ 'ਚ ਇਕ ਧਾਰਮਿਕ ਸੰਸਥਾ ਦੀਆਂ ਚੋਣਾਂ ਦਾ ਐਲਾਨ ਹੋ ਗਿਆ। ਸਾਡਾ ਸ਼ਹਿਰ ਵੀ ਇਸ ਚੋਣਾਂ ਦਾ ਇਕ ਖੇਤਰ ਸੀ। ਪਹਿਲਾਂ ਟਿਕਟਾਂ ਦੀ ਬਾਂਦਰ ਵੰਡ ਸ਼ੁਰੂ ਹੋਈ ਪੁਰਾਣੇ ਮੈਂਬਰ ਦੀ ਥਾਂ ਨਵੇਂ ਉਮੀਦਵਾਰ ਨੂੰ ਟਿਕਟ ਦਿੱਤਾ ਗਿਆ। ਸਰਕਾਰੀ ਉਮੀਦਵਾਰ ਦੇ ਮੁਕਾਬਲੇ ਖੜ੍ਹੇ ਸਾਰੇ ਉਮੀਦਵਾਰਾਂ ਨੂੰ ਪ੍ਰੇਮ ਭਾਵ ਨਾਲ ਉਹਨੂੰ (ਸਰਕਾਰੀ ਉਮੀਦਵਾਰ) ਬਿਨਾਂ ਮੁਕਾਬਲਾ ਚੁਣ ਲੈਣ ਲਈ ਕਿਹਾ ਅਤੇ ਬੈਠ ਜਾਣ ਦੀ ਅਪੀਲ ਕੀਤੀ- ਕੁਝ ਬੈਠ ਵੀ ਗਏ। ਪਰ ਇਕ ਆਮ ਜਿਹਾ ਸਕੂਲ ਦਾ ਮੁਖ ਅਧਿਆਪਕ ਐਸਾ ਡੱਟਿਆ ਕਿ ਡੱਟਿਆ ਹੀ ਰਿਹਾ। ਪਹਿਲਾ ਉਹਨੂੰ ਵੀ ਪਿਆਰ ਨਾਲ ਬੈਠ ਜਾਣ ਲਈ ਸਮਝਾਇਆ ਗਿਆ। ਪਰ ਜਦੋਂ ਉਹ ਨਹੀਂ ਹਟਿਆ ਤਾਂ ਦੂਜੇ ਹਥ ਕੰਡੇ ਅਪਨਾਏ ਜਾਣ ਲੱਗੇ। ਇਕ ਮੰਤਰੀ ਨੇ ਬਿਆਨ ਦਾਗ਼ ਦਿੱਤਾ ਕਿ ਮੁਖ ਅਧਿਆਪਕ ਜਲਦੀ ਹੀ ਕਾਗ਼ਜ਼ ਵਾਪਸ ਲੈ ਲਵੇਗਾ। ਇਸ ਨਾਲ ਵੋਟਰ ਭੰਬਲਭੂਸੇ 'ਚ ਪੈ ਗਏ। ਇਸ ਉਪਰੰਤ ਉਹਨੇ ਪੱਤਰਕਾਰ ਸੰਮੇਲਨ ਵਿਚ ਚੋਣ ਦੰਗਲ 'ਚ ਕੁਸ਼ਤੀ ਲੜਦੇ ਰਹਿਣ ਦਾ ਐਲਾਨ ਕੀਤਾ ਅਤੇ ਇਸ਼ਤਿਹਾਰ ਵੀ ਛਾਪ ਕੇ ਵੰਡ ਦਿੱਤੇ ਕਿ ਇਹਨਾਂ ਝੂਠੇ ਬਿਆਨਾਂ ਤੋਂ ਗੁਮਰਾਹ ਨਾ ਹੋਣ। ਫਿਰ ਗੁਪਤ ਵਿਭਾਗ ਦੇ ਆਦਮੀ ਭੇਜੇ ਗਏ ਕਿ ਹੈਡਮਾਸਟਰ ਸਾਹਿਬ ਤੁਹਾਡੇ ਤੇ ਸਕੂਲ ਫੰਡ ਖਾ ਜਾਣ ਦਾ ਦੋਸ਼ ਹੈ। ਇਸ ਦੇ ਜੁਆਬ ਵਿਚ ਉਹਨੇ ਸਾਰੇ ਰਜਿਸਟਰ ਅੱਗੇ ਲਿਆ ਸੁੱਟੇ ਅਤੇ ਉਹ--ਜੀ-ਜੀ--ਜੀ ਕਰਦੇ ਆਪਣਾ ਮੂੰਹ ਲੈ ਕੇ ਤੁਰਦੇ ਬਣੇ। ਫੇਰ ਸਰਕਾਰ ਵਲੋਂ ਵਿਸ਼ੇਸ਼ ਦੂਤ ਇਕ ਪੇਸ਼ਕਸ਼ ਲੈ ਕੇ ਆਇਆ ਕਿ ਚੋਣ ਵਿਚੋਂ ਹਟਣ ਬਦਲੇ ਕੋਈ ਵੱਡਾ ਅਹੁਦਾ ਚੋਣਾਂ ਪਿੱਛੋਂ ਬਖ਼ਸ਼ ਦਿਤਾ ਜਾਵੇਗਾ। ਭਾਵੇਂ ਜਿਵੇਂ ੨ ਦਿਨ ਲੰਘਦੇ ਰਹੇ ਲਾਲਚ ਦੀਆਂ ਪੇਸ਼ਕਸ਼ਾਂ ਬਦਲਦੀਆਂ ਅਤੇ ਵਧਾਈਆਂ ਜਾਂਦੀਆਂ ਰਹੀਆਂ। ਅਖੀਰ ਜਦੋਂ ਹੈਡਮਾਸਟਰ ਨੇ ਇਕ ਹੀ ਜਵਾਬ ਦਿੱਤਾ, ਫੇਰ ਇਕ ਵੱਡੀ ਸਭਾ ਦਾ ਪ੍ਰਬੰਧ ਕੀਤਾ ਗਿਆ। ਉਸ ਵਿਚ ਮੁਖ ਮੰਤਰੀ ਅਤੇ ਮੰਤਰੀ ਵਿਸ਼ੇਸ਼ ਤੌਰ ਤੇ ਪਹੁੰਚੇ। ਮੁਖ ਮੰਤਰੀ ਨੇ ਇੰਨੇ ਭਰੋਸੇ ਦੁਆਏ। ਇਲਾਕੇ ਦਾ ਵਿਕਾਸ ਕਰਨ ਖਾਤਰ ਬਹੁਤ ਸਾਰੀਆਂ ਨਵੀਆਂ ਸਕੀਮਾਂ ਚਾਲੂ ਕਰਨ ਦੇ ਐਲਾਨ ਕੀਤੇ ਕਿ ਉਹਦੀ ਆਪਣੀ ਸਰਕਾਰ ਤਾਂ ਕੀ ਆਉਣ ਵਾਲੀ ਸਰਕਾਰ ਵੀ ਉਹਦੇ ਵਾਅਦੇ ਪੂਰੇ ਨਹੀਂ ਸੀ ਕਰ ਸਕਦੀ। ਪਰ ਸਦਕੇ ਜਾਈਏ ਲੋਕਾਂ ਦੇ ਤਾੜੀਆਂ ਦੀ ਆਵਾਜ਼ ਨਾਲ ਪੰਡਾਲ ਗੂੰਜ ਉੱਠਿਆ।

ਚੋਣਾਂ ਦਾ ਰੌਲਾ ਹੋਰ ਵਧਿਆ। ਫੇਰ ਪੁਰਾਣੇ ਮੈਂਬਰ ਵਲੋਂ ਪ੍ਰੈਸ ਕਾਨਫਰੰਸ 'ਚ ਸ਼ਾਮਲ ਹੋਣ ਦਾ ਸਦਾ ਮਿਲਿਆ। ਉਥੇ ਉਹਨੇ ਪਰਦਾ ਫਾਸ਼ ਕਰ ਦਿਆਂ ਦੱਸਿਆ ਕਿ ਧਾਰਮਿਕ ਸੰਸਥਾ ਦੇ ਟਿਕਟ ਲਈ ਕਿੰਨੇ ਅਧਰਮੀ, ਅਨੈਤਿਕ ਅਤੇ ਗਲਤ ਦੋਸ਼ ਉਹਦੇ ਤੇ ਲਾਏ ਗਏ ਹਨ। ਇਸ ਬੁਢਾਪੇ 'ਚ ਲੜਕੀਆਂ ਨਾਲ ਰੰਗ ਰਲੀਆਂ ਮਨਾਉਣ, ਧਾਰਮਿਕ ਸੰਸਥਾ ਦੇ ਪੈਸੇ 'ਪ੍ਰਸ਼ਾਦ' ਸਮਝ ਕੇ ਹੜੱਪਣ ਅਤੇ ਇਸ ਤਰ੍ਹਾਂ ਦੇ ਕਈ ਹੋਰ ਮਨਘੜਤ ਦੂਸ਼ਣ ਲਾ ਕੇ ਉਹਨਾਂ ਨੂੰ ਹਰ ਢੰਗ ਨਾਲ ਅਯੋਗ ਸਾਬਤ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਸਿਰਫ਼ ਕਰਕੇ ਕਿ ਉਹ ਵਿਧਾਇਕ ਦੀ ਰਾਜਨੀਤੀ ਬਿਨਾਂ ਧਰਮ 'ਚ ਅੰਦਾਜ਼ੀ ਅਤੇ ਵਿਧਾਇਕ ਦੇ ਹੱਥਾਂ 'ਚ ਖੇਡਣਾ ਪਸੰਦ ਨਹੀਂ ਕਰਦਾ। ਤਾਂ ਉਹਨੂੰ ਟਿਕਟ ਤੋਂ ਸਖਣਾ ਰੱਖਕੇ ਉਹਦੀ ਸਿਰਫ਼ ਰਾਜਨੀਤੀ ਮੌਤ ਹੀ ਨਹੀਂ ਕੀਤੀ ਗਈ ਸਗੋਂ ਆਪਣੇ ਚਮਚੇ ਨੂੰ ਅੱਗੇ ਲਿਆਂਦਾ ਗਿਆ ਹੈ। ਉਹ ਲੋਕ ਹੀ ਅੱਜ ਧਰਮ ਦੀ ਦੁਹਾਈ ਦੇ ਕੇ ਵੋਟ ਵੰਡਦੇ ਹਨ- ਉਹਨਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ।

ਅਖ਼ਬਾਰਾਂ 'ਚ ਇਹ ਬਿਆਨ ਤਾਂ ਛੱਪ ਗਿਆ ਪਰ ਫੇਰ ਪੁਰਾਣੇ ਮੈਂਬਰ ਦੇ ਦਰਸ਼ਣ ਨਾ ਹੋ ਸਕੇ ਪਿੰਡ ਪਹੁੰਚਣ ਤੇ ਉਹਦੇ ਪ੍ਰੀਵਾਰ ਵਾਲਿਆਂ ਤੋਂ ਪਤਾ ਲੱਗਾ ਕਿ ਉਹ ਅਗਵਾ ਕਰਕੇ ਲੈ ਗਏ ਹਨ। ਨਾਲ ਦੀ ਘੜੀ ਪ੍ਰੀਵਾਰ ਦੇ ਬਾਕੀ ਜੀਅ ਡਰੇ ਹੋਏ ਹਨ ਪਰ ਜੇ ਚੋਣਾਂ 'ਚ ਮਦਦ ਕਰਨ ਤੋਂ ਇਨਕਾਰ ਕੀਤਾ ਤਾਂ ਕੀ ਪਤਾ ਉਹਨਾਂ ਦਾ ਕੀ ਹਾਲ ਕਰਨ। ਇਸ ਗੱਲ ਤੇ ਉਦੋਂ ਯਕੀਨ ਹੋਇਆ ਜਦੋਂ ਵਿਧਾਇਕ ਦੀ ਕੋਠੀ ਤੇ ਹੋਈ ਇਕ ਪਾਰਟੀ ਵਿਚ ਪੁਰਾਣੇ ਮੈਂਬਰ ਮੁਸਕਰਾਂਦੇ ਹੋਏ ਮਿਲੇ ਅਤੇ ਹੌਲੀ ਜਹੀ ਕੰਨ 'ਚ ਆਖ ਗਏ ਕਿ ਇਕ ਰੱਬਕਜ਼ੀ ਦੀ ਘਾਟ ਹੈ। ਉਂਝ ਚੋਣਾਂ ਤਕ ਮੈਂ ਇਨ੍ਹਾਂ ਦਾ ਕੈਦੀ ਹਾਂ।

ਇਹਦੇ ਨਾਲ ਹੀ ਚੁਪਚਪੀਤੇ ਜਹੇ ਇਕ ਘਟਨਾ ਹੋਰ ਜੁੜ ਗਈ- ਮੁੱਖ ਅਧਿਆਪਕ ਭਾਵ ਵਿਰੋਧੀ ਧੜ ਦੇ ਇਕ ਮੁਖ ਨੇਤਾ ਨੂੰ ਮੁਖ ਮੰਤਰੀ

ਸਾਹਿਬ ਤੋੜ ਗਏ। ਪਤਾ ਲੱਗਾ ਕਿ ਸਰਕਾਰ ਕੋਲ ਉਸਦੇ ਖ਼ਿਲਾਫ਼ ਤਕੜੀ ਖ਼ਾਸੀ ਫਾਈਲ ਸੀ- ਜੋ ਕਿਸੇ ਸਮੇਂ ਵੀ ਖੋਲ੍ਹੀ ਜਾ ਸਕਦੀ ਸੀ। ਅਤੇ ਉਹ ਫਾਈਲ ਨਾ ਖੋਲ੍ਹੇ ਜਾਣ ਦੀ ਸ਼ਰਤ ਨਾਲ ਮੁਖ ਮੰਤਰੀ ਦੇ ਗਲ 'ਚ ਹਾਰ ਪਾ ਆਏ ਅਤੇ ਵਿਧਾਇਕ ਦੇ ਸਾਥੀ ਹੀ ਨਹੀਂ ਬਲਕਿ ਉਂਝ ਹੀ ਲੋਗਣ ਲੱਗੇ ਉਹੋ-ਜਹੀਆਂ ਹੀ ਬੁਝਾਰਤਾਂ ਚੱਲਣ ਲੱਗੇ।

ਹੋਇਆ ਇੰਞ ਕਿ ਉਹ ਭੱਦਰ ਪੁਰਸ਼ ਜੋ 'ਰਾਣਾ' ਕਹਾਉਂਦੇ ਸਨ- ਉਹ ਵਚਨ ਦੇ ਕੱਚੇ ਸਨ। ਆਲੂਆਂ ਦੇ ਭਰ ਕੇ ਟਰੱਕ ਚੁੰਗੀ ਨਾ ਦੇਣ ਕਰਕੇ ਫੜੇ ਗਏ। ਕਾਨੂੰਨ ਅਨੁਸਾਰ ਗਿਆਰਾਂ ਗੁਣਾ ਤਵਾਨ ਪਾਇਆ ਗਿਆ। ਉਹ ਪੱਬਾਂ ਭਾਰ ਹੋ ਕੇ ਵਿਧਾਇਕ ਕੋਲ ਪਹੁੰਚਿਆ ਕਿ ਕੀ ਉਹਨੂੰ ਚਾਰ ਪੰਜ ਸੌ ਵੋਟਾਂ ਦੀ ਜ਼ਰੂਰਤ ਹੈ ਨਹੀਂ। ਵਿਧਾਇਕ ਦੇ ਪੁੱਛਣ ਤੇ ਸਾਫ਼ ਸਾਫ਼ ਕਹਿ ਦਿੱਤਾ ਕਿ ਉਹਦੇ ਹੁੰਦੇ ਹੋਏ 'ਰਾਣੇ' ਦੇ ਟਰੱਕਾਂ ਨੂੰ ਚੁੰਗੀ ਦੀ ਹੱਦ ਪਾਰ ਨਹੀਂ ਕਰਨ ਦਿੱਤੀ ਜਾ ਰਹੀ।

ਟਰੱਕ ਸਰਹੱਦ ਪਾਰ ਕਰ ਗਏ। ਮੈਂ ਪੱਤਰਪ੍ਰੇਰਕ ਦੇ ਨਾਤੇ ਕਾਰਜਕਾਰੀ ਅਧਿਕਾਰੀ ਨੂੰ ਮਿਲਿਆ। ਉਹ ਹੱਥ ਜੋੜ ਕੇ ਖੜ੍ਹਾ ਹੋ ਗਿਆ ਕਿ ਨੌਕਰੀ ਚਲੀ ਜਾਵੇਗੀ- ਇਸ ਖ਼ਬਰ ਨੂੰ ਰਹਿਣ ਦਿਉ। ਕਿਉਂ? ਕਿਉਂਕਿ ਇਸ ਨਾਲ ਉਪ-ਮੰਡਲ ਅਫ਼ਸਰ ਨਾਰਾਜ਼ ਹੋ ਜਾਵੇਗਾ ਫੇਰ ਵਿਧਾਇਕ ਅਤੇ ਵਿਧਾਇਕ ਤੋਂ ਚਾਰ ਪੰਜ ਸੌ ਵੋਟਾਂ ਝੋਲੀ 'ਚ ਪਾਈ ਫਿਰਦਾ ਛੋਟੇ ਭਾਈ ਵਰਗਾ ਨੇਤਾ 'ਰਾਣਾ' ਨਾਰਾਜ਼ ਹੋ ਜਾਵੇਗਾ। ਇਸ ਤਰ੍ਹਾਂ ਸਰਕਾਰੀ ਉਮੀਦਵਾਰ ਹਾਰ ਜਾਵੇਗਾ। ਫੇਰ ਨਾਲ ਹੀ 'ਕਾਲੇ ਪਾਣੀ' ਦੇ ਰੂਪ 'ਚ ਉਹਦੀ ਦੂਰ ਦੁਰਾਡੇ ਦੀ ਬਦਲੀ ਕਰ ਦਿਤੀ ਜਾਵੇਗੀ।

ਇਹ ਕਿਹੋ ਜਹੀ ਕੜੀ ਸੀ ਕਿ ਜੋ ਚੁੰਗੀ ਦੇ ਮਾਮੂਲੀ ਜੁਰਮਾਨੇ ਤੋਂ ਚਲ ਕੇ ਸਾਰੀ ਰਾਜਨੀਤੀ ਨੂੰ ਹੀ ਨਹੀਂ ਸਗੋਂ ਸਮਾਜਿਕ ਵਿਵਸਥਾ ਨਾਲ ਹੀ ਜੁੜ ਗਈ ਸੀ·——— ਪਰ ਫੇਰ ਵੀ ਕਿੰਨੀ ਅਣਦਿਖ ਸੀ ਕਿ ਕਿਸੇ ਦੀ ਨਜ਼ਰ 'ਚ ਨਹੀਂ ਆ ਰਹੀ ਸੀ---- ਜਿਸ ਦੀ ਨਜ਼ਰ 'ਚ ਸੀ ਉਸ ਦੇ ਹਥ ਬੰਨੇ ਜਾ ਰਹੇ ਸਨ।

ਸਰਕਾਰ ਨੇ ਚੋਣਾਂ ਜਿਤ ਲਈਆਂ ਸਨ— ਧਰਮ ਦੀ ਹੱਤਿਆ ਹੋਣੋਂ ਬਚ ਗਈ ਸੀ।

ਇਸੇ ਦੌਰਾਨ ਮੈਨੂੰ ਇਕ ਵਾਰ ਲੜਕੀਆਂ ਦੇ ਕਾਲਜ ਦੀ ਕਵਿਤਾ ਪਾਠ ਮੁਕਾਬਲੇ 'ਚ 'ਵਿਦਵਾਨ ਜੱਜ' ਦੇ ਤੌਰ ਤੇ ਸੱਦਿਆ ਗਿਆ। ਸੱਦਾ ਪੱਤਰ ਦੇਖ ਖੁਸ਼ੀ ਘੱਟ ਪਰ ਹੈਰਾਨੀ ਬਹੁਤੀ ਹੋਈ। ਮੈਂ ਆਪਣੇ ਆਪ ਤੋਂ ਹੀ ਪੁੱਛਿਆ- ਮੈਂ ਵਿਦਵਾਨ ਕਦੋਂ ਦਾ ਹੋ ਗਿਆਂ? ਇਸ ਸ਼ਹਿਰ 'ਚ ਅਵਾਰਾ ਗਰਦੀ ਕਰਦਿਆਂ, ਹਿੰਦੀ ਦਾ ਢੋਲ ਪਿੱਟਦਿਆਂ ਅਤੇ ਬੁੱਧਜੀਵੀ ਹੋਣ ਦਾ ਢਕੌਂਜ ਰਚਦਿਆਂ ਮੈਨੂੰ ਪੰਜ ਸਾਲ ਹੋ ਗਏ ਸਨ ਪਰ ਪਹਿਲਾਂ ਕਦੀ ਮੈਨੂੰ ਵਿਦ-ਵਾਨ ਕਿਉਂ ਨਾ ਸਮਝਿਆ ਗਿਆ? ਇਸ ਕਰਕੇ ਹੋਰ ਕੋਈ ਪੱਤਰਕਾਰ ਉਸ ਕਾਲਜ ਦੀ ਖ਼ਬਰ ਭੇਜ ਕੇ ਖ਼ੁਸ਼ ਨਹੀਂ ਸੀ। ਖ਼ੈਰ! ਵਿਦਵਤਾ ਦਾ ਮਖੌਟਾ ਲਾਈ ਮੈਂ ਕਾਲਜ ਪਹੁੰਚਿਆ। ਉਥੇ ਇਕ ਖ਼ੂਬਸੂਰਤ ਗੁੱਡੀ ਵੀ ਜੱਜ ਦੇ ਰੂਪ ਵਿਚ ਮੇਰੇ ਨਾਲ ਬਿਠਾ ਦਿੱਤੀ ਗਈ। ਮੈਨੂੰ ਹੈਰਾਨੀ ਹੋਈ ਜਾਵੇ ਕਿ ਉਹ ਗੁੱਡੀ ਕਵਿਤਾ ਸੁਣਣ 'ਚ ਘੱਟ ਦਿਲਚਸਪੀ ਲੈ ਰਹੀ ਹੈ ਪਰ ਮੇਰੀਆਂ ਸਿਫ਼ਤਾਂ ਨਾਲ ਜ਼ਮੀਨ ਅਸਮਾਨ ਇਕ ਕਰੀ ਜਾ ਰਹੀ ਹੈ। ਉਹਦੇ ਵਲੋਂ ਕੀਤੀਆਂ ਸਿਫਤਾਂ ਦਾ ਪੋਲ-ਉਦੋਂ ਖੁਲ੍ਹਿਆ ਜਦੋਂ ਉਸ ਨੇ ਦੱਸਿਆ ਕਿ ਉਹ ਕਿਸੇ ਹੋਰ ਕਾਲਜ 'ਚ ਹਿੰਦੀ ਵਿਭਾਗ ਦੀ ਮੁਖੀ ਹੈ ਤੇ ਇਕ ਟੀਮ ਲੈ ਕੇ ਇਥੇ ਆਈ ਹੈ ਅਤੇ ਪਹੁੰਚੀ ਐ ਕਿ ਸਨਮਾਨ ਪੂਰਬਕ ਟਰਾਫੀ ਜਿੱਤ ਕੇ ਮੁੜੇ ਇਸਦੇ ਨਾਲ ਪ੍ਰਿੰਸੀਪਲ ਖ਼ੁਸ਼ ਹੋ ਜਾਵੇਗਾ। ਉਹ ਤਾਂ ਇਹਤੋਂ ਪਹਿਲਾਂ ਹੀ ਖ਼ੁਸ਼ ਰਹਿੰਦਾ ਹੋਊ- ਮੈਂ ਸੋਚਿਆ ਅਤੇ ਮੁਸਕਰਾ ਦਿੱਤਾ। ਉਹਨੇ ਮੁਸਕਰਾਹਟ ਦੇ ਅਰਥ ਗਲਤ ਸਮਝ ਲਏ- ਪਰ ਨਤੀਜਾ ਸੁਣਦਿਆਂ ਸਾਰ ਹੀ ਉਸ ਦੀ ਮੁਸਕਰਾਹਟ ਦਾ ਗਲਾ ਘੁੱਟਿਆ ਗਿਆ- ਉਹ ਇਕਦਮ ਤੜੰਘਰ ਕੇ ਮੇਰੇ ਕੋਲੋਂ ਉਠ ਖੜ੍ਹੀ ਹੋਈ।

ਮੈਂ ਹੈਰਾਨ ਪ੍ਰੇਸ਼ਾਨ। ਤਾਂ ਇਹ ਹੈ ਪ੍ਰਤਿਭਾ ਦੀ ਖੋਜ? ਪਰ ਕੀ ਇਹ ਗਲ ਮੈਂ ਖ਼ਬਰ ਨਾਲ ਭੇਜ ਸਕਦਾ ਸਾਂ? ਕੀ ਵਿਦਿਆਰਥੀ ਅਸ਼ਾਂਤੀ ਨਾਲ ਉਸ ਨੂੰ ਜੋੜ ਸਕਦਾ ਸੀ? ਜੋੜ ਵੀ ਦਿੰਦਾ ਤਾਂ ਇਸ਼ਤਿਹਾਰ ਦਾ ਮੈਟਰ ਸਮਝ ਕੇ ਸੁੱਟ ਦਿੱਤਾ ਜਾਂਦਾ।

ਸ਼ਹਿਰ ਦੀ ਇਕ ਸਰਕਾਰੀ ਖੰਡ ਮਿਲ 'ਚ 'ਦੁਨਿਆਂ ਭਰ ਦੇ ਮਜ਼ਦੂਰੋ- ਇਕ ਹੋ ਜਾਉ' ਦੇ ਨਾਂ ਤੇ ਤਿੰਨ ਮਜ਼ਦੂਰ ਯੂਨੀਅਨਾਂ ਕੰਮ ਕਰ ਰਹੀਆਂ ਸਨ। ਇਕ ਯੂਨੀਅਨ ਇਕ ਕਾਰਨ ਤੋਂ ਹੜਤਾਲ ਕਰਦੀ ਤਾਂ ਦੂਜੀ ਯੂਨੀਅਨ ਹੋਰ ਕਾਰਨਾਂ ਕਰਕੇ ਮੈਨੇਜਮੈਂਟ ਦਾ ਸਾਥ ਦਿੰਦੀ। ਤੀਸਰੀ ਯੂਨੀਅਨ ਪਾਸੇ ਖੜ੍ਹੇ ਕੇ ਸਥਿਤੀ ਦਾ ਨਰੀਖਣ ਕਰਦੀ ਕਿ ਪੱਲੜਾ ਕਿਧਰ ਭਾਰੀ ਹੈ ਤੇ ਉਸ ਵਲ ਹੋ ਲੈਂਦੀ। ਪਰ ਇਹ ਤਿੰਨੇ ਯੂਨੀਅਨਾਂ ਸਿਰਫ਼ ਇਸ ਕਰਕੇ ਹੀ ਤਿੰਨ ਨਹੀਂ ਸਨ ਕਿ ਚੌਥਾ ਨੇਤਾ ਉਹਨਾਂ ਨੂੰ ਸ਼ਹਿ ਦੇਣ ਵਾਲਾ ਨਹੀਂ ਸੀ। ਇਕ ਵਰਤਮਾਨ ਵਿਧਾਇਕ ਦਾ ਸਮਰਥ ਕਰਦੀ ਇਸ ਕਰਕੇ ਹੀ ਮੈਨੇਜਮੈਂਟ ਨਾਲ ਰਹਿੰਦੀ ਸੀ। ਦੂਜੀ ਹਾਰੇ ਹੋਏ ਵਿਧਾਇਕ ਨਾਲ ਸੀ ਜਿਸਦੀ ਤਾਕਤ 'ਚ ਆਉਣ ਦੀ ਖ਼ਾਹਿਸ਼ ਅਜੇ ਬਾਕੀ ਸੀ- ਇਸ ਕਰਕੇ ਉਹ ਸਦਾ ਵਿਰੋਧ ਕਰਦੀ ਸੀ ਅਤੇ ਤੀਜੀ 'ਗੋਹੇ' ਦੀ ਯੂਨੀਅਨ ਕਹਾਉਂਦੀ ਸੀ ਜੋ ਆਪਣੀ ਯੂਨੀਅਨ ਦੇ ਜ਼ੋਰ ਨਾਲ ਕਦੀਂ ਸਰਕਾਰ ਕਦੀਂ ਵਿਰੋਧੀ ਯੂਨੀਅਨ ਤੋਂ ਆਪਣਾ ਕੰਮ ਕਢ ਕੇ ਚੁਪ ਹੋ ਜਾਂਦਾ ਸੀ।

ਤਿੰਨਾਂ ਯੂਨੀਅਨਾਂ ਦੇ ਪ੍ਰਧਾਨ ਵੱਖੋ ਵੱਖਰੇ ਸਨ, ਝੰਡੇ ਵੱਖਰੇ ਭਾਸ਼ਾ ਵੱਖਰੀ ਪਰ ਮਜ਼ਦੂਰ ਸਾਰੇ ਆਪਣੀਆਂ ਮੰਗਾਂ ਲੈ ਕੇ ਮੇਰੇ ਕੋਲ ਆਏ ਅਤੇ ਸਮੱਸਿਆਵਾਂ ਦੇ ਮਾਰੇ ਹੋਏ ਸਨ। ਸਾਰੀਆਂ ਯੂਨੀਅਨਾਂ ਦੇ ਪ੍ਰਧਾਨ ਆਪਣੀਆਂ ਮੰਗਾਂ ਲੈ ਕੇ ਮੇਰੇ ਕੋਲ ਆਏ। ਸਾਰਿਆਂ ਦੀਆਂ ਮੰਗਾ ਇੱਕੋ ਜਹੀਆਂ ਸਨ। ਸਾਰੇ ਹੀ ਮਿੱਲ 'ਚ ਫੈਲੇ ਭਾਈ-ਭਤੀਜਾਵਾਦ ਨੂੰ ਖ਼ਤਮ ਕਰਨਾ ਚਹੁੰਦੇ ਸਨ- ਸਾਰੇ ਮਜ਼ਦੂਰ ਕਾਲੋਨੀ ਬਣਾਉਣ ਦੀ ਮੰਗ ਕਰਦੇ ਸਨ। ਜਿਸ ਨੂੰ ਮੈਨੇਜਮਿੰਟ ਟਾਲ੍ਹੀ ਜਾ ਰਹੀ ਸੀ ਤੇ ਸਾਰੇ ਹੀ ਕੱਚੇ ਕਾਮਿਆਂ ਨੂੰ ਪੱਕੇ ਕਰਨ ਦੇ ਚਾਹਵਾਨ ਸਨ। ਮੰਗਾ ਇੱਕੋ ਜਹੀਆਂ ਪਰ ਤਰੀਕੇ ਵੱਖੋ ਵੱਖਰੇ।

ਆਖ਼ਿਰ ਮੈਨੂੰ ਖ਼ਿਆਲ ਆਇਆ ਤਿੰਨਾਂ ਹੀ ਯੂਨੀਅਨਾਂ ਦੀਆਂ ਸਾਂਝੀਆਂ ਮੰਗਾਂ ਚੁਣ ਕੇ ਰਿਪੋਰਟ ਭੇਜ ਦਿਤੀ। ਮੇਰੀ ਸ਼ਰਾਫ਼ਤ ਕੰਮ ਆਈ- ਜਲਦੀ ਹੀ ਬੋਰਡ ਆਫ਼ ਡਾਇਰੈਕਟਰਜ਼ ਦੀ ਮੀਟਿੰਗ ਸਦੀ ਗਈ ਅਤੇ ਬਹੁਤ ਨੇੜਲੇ ਵਿਅਕਤੀ ਜੋ ਡੈਪੂਟੇਸ਼ਨ ਤੇ ਸਨ ਅਤੇ ਜਿਨ੍ਹਾਂ ਨੂੰ ਯੂਨੀ-ਅਨਾਂ ਭ੍ਰਿਸ਼ਟ ਕਹਿ ਰਹੀਆਂ ਸਨ- ਤੁਰੰਤ ਵਾਪਸ ਭੇਜਣ ਦਾ ਫੈਸਲਾ ਕੀਤਾ ਗਿਆ।

ਮੈਨੂੰ ਮਹਿਸੂਸ ਹੋਇਆ ਕਲਮ 'ਚ ਕੋਈ ਜਾਦੂਗਰੀ ਹੈ। ਤਿੰਨੇ ਪ੍ਰਧਾਨ ਇੱਕਠੇ ਹੋ ਕੇ ਧੰਨਵਾਦ ਕਰਨ ਆਏ ਉਨ੍ਹਾਂ ਦੱਸਿਆ ਕਿ ਉਹ ਜਾਂਦੇ ਹੋਏ ਸਬਕ ਸਿਖਾਉਣਾ ਚਹੁੰਦੇ ਸਨ। ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕੀ ਮਜ਼ਦੂਰਾਂ ਦਾ ਏਕਾ ਹੋ ਗਿਐ ਹੈ......... ਉਨ੍ਹਾਂ ਨੂੰ ਆਪਣੀ ਯੋਜਨਾ ਢਿੱਡ 'ਚ ਹੀ ਰੱਖਣੀ ਪਈ। ਸੱਚ ਮੁੱਚ ਕਲਮ ਨੇ ਮੈਨੂੰ ਬਹੁਤ ਲੋਕਾਂ ਨਾਲ ਜੋੜ ਦਿੱਤਾ ਸੀ। ਬਹੁਤ ਸਾਰੇ ਅਣਦੇਖੇ ਦੁਸ਼ਮਣ ਬਣੇ ਸਨ ਪਰ ਉਹਨਾਂ ਤੋਂ ਕਿਧਰੇ ਜ਼ਿਆਦਾ ਹਮਦਰਦ ਬਣ ਰਹੇ ਸਨ ਹੁਣ ਮੈਨੂੰ ਕੋਈ ਡਰ ਨਹੀਂ ਸੀ ਮੈਂ ਕਲਮ ਸਮੇਤ ਸਭ ਦੇ ਨਾਲ ਸਾਂ ਅਤੇ ਸਾਰੇ ਹੀ ਮੇਰੇ ਨਾਲ।

ਅੰਤ ਨੇਤਾ ਜੀ ਦੀ ਲਾਪਰਵਾਹੀ ਟੁੱਟੀ - ਉਹਨੇ ਮੇਰੀ ਹੀ ਖਿਲਾਫ਼ ਮੇਰੇ ਸਾਹਮਣੇ ਬਿਆਨ ਦਿੱਤਾ "ਜਾਹ ਜਾਹ ਤੇਰਾ ਲਿਖਿਆ ਹੋਇਆ ਸਾਡੇ ਉਮੀਦਵਾਰਾਂ ਦਾ ਕੁਝ ਨਹੀਂ ਵਿਗਾੜ ਸਕਦਾ ਤੇਰੇ ਵਰਗੇ ਕਈ ਪੱਤਰਕਾਰ ਜ਼ਿਲ੍ਹੇ 'ਚ ਤੁਰੇ ਫਿਰਦੇ ਆ ਫੇਰ ਤੈਨੂੰ ਜਿਸ ਰਿਪੋਰਟਰੀ ਦਾ ਮਾਣ ਹੈ ਸਮਝ ਉਹ ਹੀ ਨਹੀਂ ਰਹੀ।"

ਮੈਂ ਇਸ ਬਿਆਨ ਨੂੰ ਇਸ ਹੀ ਦਿਸ 'ਚ ਬਿਆਨ ਕਰ ਲਿਆ ਅਤੇ ਜ਼ੋਰ ਸ਼ੋਰ ਨਾਲ ਆਪਣਾ ਕੰਮ ਜਾਰੀ ਰੱਖਿਆ। ਆਖਰ ਛੋਟੇ ਛੋਟੇ ਗਰੁਪਾਂ ਵਿਚ ਮੈਂਬਰ ਜਿੱਤੇ।

ਗਰੁਪਾਂ ਦੀ ਲੜਾਈ 'ਚ ਪ੍ਰਧਾਨ ਕਿਵੇਂ ਬਣੇ ?

ਵੋਟਰਾਂ ਨੂੰ ਚੁੱਕਣ ਵਾਲੇ - ਸ਼ਰਾਬ ਦੌਰ ਚਲਾਉਣ ਵਾਲੇ ਮੈਂਬਰ ਹੁਣ ਖੁਦ ਹੀ ਉਸ ਜਾਲ 'ਚ ਫਸ ਗਏ - ਉਸ ਰੋਗ ਦੇ ਸ਼ਿਕਾਰ ਹੋ ਗਏ। ਇਕ ਗਰੁੱਪ ਦੇ ਤਿੰਨ ਮੈਂਬਰਾਂ ਨੂੰ ਅਗਵਾ ਕਰ ਲਿਆ ਅਤੇ ਉਨ੍ਹਾਂ ਨੂੰ ਪਹਾੜੀ ਹੋਟਲਾਂ ਦੇ ਆਰਾਮ ਵਾਲੀ ਥਾਵੇਂ ਹਰ ਸਹੂਲਤ ਨਾਲ ਖੁਸ਼ ਕਰੀ ਰੱਖਿਆ ਅਤੇ ਪ੍ਰਧਾਨ ਦੀ ਚੋਣ ਦੇ ਸਮੇਂ ਪ੍ਰਗਟ ਕੀਤਾ ਗਿਆ। ਉਂਝ ਪਿਛੇ ਕਾਫ਼ੀ ਰੌਲਾ ਰੱਪਾ ਰਿਹਾ ਪਰ ਕਿਸੇ ਅਧਿਕਾਰੀ ਨੇ ਕੋਈ ਪਰਵਾਹ ਨਾ ਕੀਤੀ।

ਪਾਲਿਕਾ ਪ੍ਰਧਾਨ ਚੁਣਿਆ ਗਿਆ ਅਤੇ ਇਸ ਦੇ ਨਾਲ ਹੀ ਸਾਰਾ ਸ਼ਹਿਰ ਫੇਰ ਸੌਂ ਗਿਆ। ਸਾਰੇ ਸ਼ਹਿਰ ਦਾ ਬੁਖ਼ਾਰ ਲਿਥ ਗਿਆ, ਸ਼ਹਿਰ ਆਮ ਹੋ ਗਿਆ। ਵੋਟਾਂ ਕਰਕੇ ਟੁੱਟੇ ਰਿਸ਼ਤੇ ਫੇਰ ਜੁੜ ਗਏ। ਲੀਡਰ ਲੋਕ ਆਪਣੇ ਜਿੱਤੇ ਘੋੜਿਆਂ ਦੀ ਪਿੱਠ ਥਾਪੜਨ ਲੱਗੇ ਅਤੇ ਅਗਲੀ ਘੋੜ ਦੌੜ ਦੀ ਤਿਆਰੀ 'ਚ ਜੁਟ ਗਏ। ਪਰ ਮੇਰੇ ਮਨ 'ਚ ਉਠਦੇ ਸਵਾਲਾਂ ਨੂੰ ਕੋਈ ਜਵਾਬ ਨਾ ਅਹੁੜਦਾ ਕਿ ਇਹਨਾਂ ਘੋੜਿਆਂ ਨੂੰ ਆਖਰ ਅੱਗੇ ਲਿਆਉਂਦਾ ਕੌਣ ਹੈ? ਇਨ੍ਹਾਂ ਨੂੰ ਕਿਉਂ ਦੌੜਾਇਆ ਜਾਂਦਾ ਹੈ ? ਕੌਣ ਸੱਚਾ ਸੇਵਾਦਾਰ ਹੈ? ਇਹ ਜਿਹੜੇ ਖੁਦ ਹੀ ਵਿਕੇ ਹੋਏ ਹਨ - ਜਿਹਨਾਂ ਨੇ ਆਪਣੇ ਹੱਥ ਪਹਿਲਾਂ ਹੀ ਦੂਜਿਆਂ ਕੋਲ ਗਹਿਣੇ ਧਰੇ ਹੋਏ ਹਨ। ਇਨ੍ਹਾਂ ਲੋਕਾਂ ਦੀ ਸੇਵਾ ਕਰਨਗੇ ਜਾਂ ਆਪਣੇ ਮਾਲਕਾਂ ਦੇ ਹੁਕਮ ਦੀ ਪਾਲਣਾ ਕਰਨਗੇ? ਜੋ ਚੋਣਾਂ ਲੜਨ ਤੋਂ ਪਹਿਲਾਂ ਦੁੱਧ ਧੋਤੇ ਲੱਗਦੇ ਸਨ ਚੋਣਾਂ ਤੋਂ ਬਾਅਦ ਉਹਨਾਂ ਦੀ ਦੂਸਰੀ ਤਸਵੀਰ ਹੀ ਸਾਹਮਣੇ ਆਈ ਹੈ।

ਉਂਝ ਵੀ ਪ੍ਰਧਾਨ ਕੋਈ ਵੀ ਚੁਣਿਆ ਜਾਂਦਾ - ਉਹ ਉਹ ਹੀ ਕਰਦਾ ਜੋ ਪਹਿਲਾਂ ਤੋਂ ਹੁੰਦਾ ਆਇਆ ਹੈ ਕਿਉਂਕਿ ਉਹ ਉਹਨਾਂ ਹੀ ਲੋਕਾਂ ਦੀ ਡੋਰ ਨਾਲ ਬੱਝਿਆ ਹੋਇਆ ਸੀ ਜੋ ਪਹਿਲਾਂ ਤੋਂ ਹੀ ਸ਼ਹਿਰ ਨੂੰ ਚਲਾ ਰਹੇ ਸਨ।

ਕਥਾ ਖਤਮ ਨਹੀਂ ਹੋਈ ਕਿਉਂਕਿ ਅਜੇ ਅਖਬਾਰ ਨਿਕਲ ਰਹੇ ਸਨ ਜਦੋਂ ਤੱਕ ਅਖਬਾਰ ਛਪਦੇ ਰਹਿਣਗੇ ਉਦੋਂ ਤੱਕ ਪੱਤਰਪ੍ਰੇਰਕ ਆਪਣਾ ਕੰਮ ਕਰਦੇ ਰਹਿਣਗੇ।

ਇਹ ਸ਼ਹਿਰ ਇਹ ਕਥਾ, ਇਹ ਘਟਨਾਵਾਂ ਦਾ ਮੇਲ ਕੋਈ ਅਨੋਖਾ ਨਹੀਂ। ਸਿਰਫ਼ ਇਕ ਸ਼ਹਿਰ 'ਚ ਅਨੋਖਾ ਨਹੀਂ ਹੈ। ਕੁਲ ਮਿਲਾ ਕੇ ਹਰ ਜਗ੍ਹਾ ਹਾਲਤ ਇਹ ਹੀ ਹਨ। ਲੋਕ ਨਹੀਂ ਜਾਣਨਾ ਚਹੁੰਦੇ ਕਿ ਉਹ ਧਰਮ, ਸੈਕਸ ਤੇ ਫਿਲਮੀ ਚੱਕਰ 'ਚ ਪੈ ਕੇ ਰਾਜਨੀਤੀ ਤੋਂ ਦੂਰ ਰਹਿ ਕੇ ਕਿਹੜੇ ਹੱਥ ਮਜ਼ਬੂਤ ਕਰ ਰਹੇ ਹਨ। ਲੋਕ ਵਿਸ਼ਵਾਸ਼ ਨਹੀਂ ਕਰਦੇ ਕੀ ਅਖਬਾਰਾਂ ਦੀ ਵੀ ਭੂਮਿਕਾ ਹੋ ਸਕਦੀ ਹੈ। ਮੇਰੇ ਵਾਸਤੇ ਅਜਿਹੇ ਸ਼ਹਿਰ ਐ ਹੈ ਜਹੇ ਮਹੌਲ ਵਿਚ ਮਾਸੂਮ ਜਿਹਾ ਬਣ ਪਾਸੇ ਖੜੇ ਕੇ ਨਿਰਪੱਖ ਰਹਿਣਾ ਸੱਚਮੁਚ ਬਹੁਤ ਮੁਸ਼ਕਲ ਹੋ ਗਿਆ ਹੈ। ਮੇਰੀ ਰੀਪੋਰਟ ਤੇ ਹਾਰੇ ਹੋਏ ਲੋਕਾਂ ਦੇ ਗਰੁੱਪ ਨੇ ਮੇਰੀ ਸ਼ਕਾਇਤ ਕਰ ਦਿੱਤੀ। ਮੈਨੂੰ ਅਖਬਾਰ ਵੱਲੋਂ ਚਿਤਾਵਨੀ ਭਰਿਆ ਖਤ ਲਿਖਿਆ ਜਿਸ ਵਿਚ ਮੁੱਖ ਦਫਤਰ ਪਹੁੰਚ ਕੇ ਕਾਰਨ ਸਪੱਸ਼ਟ ਕਰਨ ਦਾ ਹੁਕਮ ਵੀ ਦਿੱਤਾ ਗਿਆ ਸੀ।

ਮੈਂ ਉਥੇ ਪਹੁੰਚਿਆ ਤਾਂ ਕਿਹਾ ਗਿਆ

"ਪਤਾ ਲੱਗਾ ਹੈ ਕਿ ਤੁਸੀਂ ਹਰ ਘਟਨਾ ਵਿਚ ਇਕ ਧਿਰ ਬਣ ਜਾਂਦੇ ਹੋ ?"

"ਕੀ ਘਟਨਾਵਾਂ ਤੋਂ ਬਿਲਕੁਲ ਦੂਰ ਰਹਿ ਕੇ ਖਬਰ ਭੇਜੀ ਜਾ ਸਕਦੀ ਹੈ ?" ਮੈਂ ਕਿਹਾ "ਮੈਂ ਘਟਨਾਵਾਂ ਨਾਲ ਪੂਰੀ ਤਰ੍ਹਾਂ ਜੁੜੇ ਬਿਨਾਂ ਖ਼ਬਰ ਨਹੀਂ ਭੇਜ ਸਕਦਾ।"

"ਇਸ ਨਾਲ ਖਬਰ ਇਕ ਪਾਸੇ ਝੁਕ ਜਾਂਦੀ ਹੈ ਖਿਆਲ ਰਖੋ "

"ਮੈਂ ਹਰ ਜਗ੍ਹਾ ਉੱਧਰ ਦਾ ਪੱਖ ਲੈਂਦਾ ਹਾਂ ਜਿੱਧਰ ਇਨਸਾਫ਼ ਹੋਵੇ - ਜਿਥੇ ਤੈਨੂੰ ਤੇ ਸਾਡੇ ਅਖਬਾਰ ਨੂੰ ਹੋਣਾ ਹੀ ਚਾਹੀਦਾ ਹੈ। ਕੀ ਇਹ ਗਲਤ ਨੀਤੀ ਹੈ।"

"ਸਾਨੂੰ ਤੁਹਾਡੀਆਂ ਨੀਤੀਆਂ ਤੇ ਨਹੀਂ ਬਲਕਿ ਤੁਹਾਨੂੰ ਸਾਡੀਆਂ ਨੀਤੀਆਂ ਤੇ ਚੱਲਣਾ ਪਵੇਗਾ।"

"ਕੀ ਪੱਤਰਕਾਰਤਾ ਵਿਚ ਵਿਅਕਤੀਗਤ ਦੇ ਰੂਪ 'ਚ ਲਏ ਫੈਸਲੇ ਨੀਤੀ ਦਾ ਰੂਪ ਧਾਰਨ ਨਹੀਂ ਕਰ ਸਕਦੇ ? ਮੈਂ ਪੁਛਿਆ

"ਅਸੀਂ ਆਪਣੀ ਗੱਲ ਦੱਸ ਦਿੱਤੀ ਹੈ ਜੇ ਤੁਸੀਂ ਆਪਣੇ ਹੀ ਰਸਤੇ ਤੇ ਚਲਦੇ ਰਹੇ ਤਾਂ ਹਟਾਏ ਵੀ ਜਾ ਸਕਦੇ ਹੋ।"

"ਮੈਨੂੰ ਤੁਹਾਡੇ ਵਲੋਂ ਅਜਿਹੀ ਕਾਰਵਾਈ ਕੀਤੇ ਜਾਣ ਤੇ ਕੋਈ ਅਫ਼ਸੋਸ ਨਹੀਂ ਹੋਵੇਗਾ।"

"ਕੀ ?

"ਜੀ ਹਾਂ ਮੈਂ ਹੋਰ ਬਹੁਤ ਦੇਰ ਤੱਕ ਨਿਰਪੱਖ ਹੋਣ ਦਾ ਢੋਂਗ ਨਹੀਂ ਰਚ ਸਕਦਾ।"

"ਤੁਸੀਂ ਕਿਸਦਾ ਸਾਥ ਦੇਣਾ ਚਹੁੰਦੇ ਹੋ ?"

"ਦੱਸ ਤਾਂ ਦਿੱਤਾ, ਜਿਥੇ ਲੁਟ ਹੈ, ਤਾਨਾਸ਼ਾਹੀ ਹੈ ਉਸਦੇ ਖਿਲਾਫ਼ ਸੰਘਰਸ਼ ਛੇੜੀ ਰੱਖਣਾ ਚਾਹੀਦਾ ਹਾਂ"

"ਕਿਉਂ ?"

"ਤਾਕਤ ਪ੍ਰਾਪਤ ਕਰਨ ਲਈ ਜਿਹੋ ਜਹੀ ਖੋਹਾ - ਖਿਚੀ ਅਤੇ ਸਾਜਿਸ਼ਾ ਚੱਲ ਰਹੀਆਂ ਹਨ ਉਹ ਨਿਆਂ ਪੂਰਨ ਨਹੀਂ ਬਾਹਰ ਟੋਪੀ ਹੋਰ ਅਤੇ ਸਤਾ ਵਿਚ ਹੋਰ। ਜਿਥੇ ਸੱਤਾ ਦਾ ਛੱਤਾ ਹੈ ਉਥੇ ਹੀ ਲੋਭ ਭਰੀਆਂ ਮੱਖੀਆਂ ਹਨ ਉਥੋਂ ਹੀ ਸਾਰੀਆਂ ਬੁਰਾਈਆਂ ਜਨਮ ਲੈਂਦੀਆਂ ਹਨ। ਕੁਰਸੀ ਦੇ ਦੁਆਲੇ ਹੀ ਸਭ ਕੁਝ ਘੁੰਮਦਾ ਹੈ ਅਤੇ ਸਭ ਕੁਰਸੀ ਦੇ--------

"ਫੇਰ ਤੁਸੀਂ ਪਤਰਕਾਰ ਨਹੀਂ ਕਿਸੇ ਪਾਰਟੀ ਦੇ ਮੈਂਬਰ ਬਣੋ "

"ਪਾਰਟੀਆਂ ਹੀ ਤਾਂ ਸਤਾ ਲਈ ਲੜ ਰਹੀਆਂ ਹਨ। 'ਵਿਰੋਧੀ' ਤੋਂ ਬਾਅਦ ਜਿਵੇਂ ਹੀ 'ਸਰਕਾਰ' ਵਿਚ ਆਉਂਦੀਆਂ ਹਨ ਉਹ ਵੀ ਉਂਝ ਹੀ ਹੋ ਜਾਂਦੀਆਂ

ਕਦੀ ਪੁਲੀਸ ਸ਼ਰਾਬ ਦਾ ਲਾਹਣ ਫੜ ਲੈਂਦੀ ਤੇ ਕਦੇ ਸ਼ਰਾਬ ਕੱਢਦਿਆਂ ਦੀ ਚਲਦੀ ਭੱਠੀ। ਇਹ ਆਮ ਜਹੀਆਂ ਖਬਰਾਂ ਵੀ ਭੇਜ ਛੱਡਦਾ। ਪਰ ਇਕ ਵਾਰ ਕਿਸੇ ਕੇਸ ਦੇ ਸਬੰਧ 'ਚ ਪੁਲੀਸ ਥਾਣੇ ਜਾਣ ਤੇ ਦਿੱਕਤ ਆਈ ਕਿ ਪਿਛਾਂਹ ਹੋ ਗਈ- ਮੈਂ ਪੁਲੀਸ ਤੋਂ ਕੋਈ ਖ਼ਬਰ ਨਾ ਲੈਣ ਦਾ ਮਨ ਬਣਾ ਲਿਆ। ~~ਥਾਣੇਦਾਰ ਨਵਾਂ ਆਇਆ ਸੀ~~

ਥਾਣੇਦਾਰ ਨਵਾਂ ਆਇਆ ਸੀ। ਮੇਰੀ ਉਸਦੇ ਨਾਲ ਜਾਣ ਪਛਾਣ ਨਹੀਂ ਸੀ। ਨੇੜੇ ਦੇ ਕਿਸੇ ਪਿੰਡ 'ਚ ਗੁਰਦੁਆਰੇ ਦੇ ਅੰਦਰ ਹੀ ਝਗੜਾ ਹੋ ਗਿਆ ਸੀ ਤੇ ਦੇਖਦਿਆਂ ਹੀ ਦੇਖਦਿਆਂ ਤਲਵਾਰਾਂ ਚਲ ਗਈਆਂ ਸਨ। ਜਦੋਂ ਸਿਵਲ ਹਸਪਤਾਲ 'ਚ ਜ਼ਖਮੀ ਦਾਖਲ ਕੀਤੇ ਗਏ ਉਦੋਂ ਥਾਣੇਦਾਰ ਬਾਕੀ ਲੋਕਾਂ ਨੂੰ ਥਾਣੇ 'ਚ ਇੱਕਠੇ ਕਰਕੇ ਪੁੱਛ ਰਿਹਾ ਸੀ ਕਿ ਕਿਵੇਂ-ਕੀ ਹੋਇਆ? ਨੇਤਾ ਲੋਕ ਜਿਨ੍ਹਾਂ ਦੁਆਲੇ ਪੱਬਾਂ ਭਾਰ ਨੱਠੇ ਆਏ ਸਨ ਜਾਂ ਗੁੱਸਾ ਦਿਖਾਉਣ। ਥਾਣੇਦਾਰ ਉਨ੍ਹਾਂ ਗਵਾਹਾਂ ਦੇ ਨਾਂ ਸੁਣਕੇ ਮਚ ਉੱਠਿਆ, ਫਾਈਲ ਜ਼ਮੀਨ ਤੇ ਪਟਕਾ ਕੇ ਮਾਰੀ ਅਤੇ ਨੇਤਾਵਾਂ ਤੋਂ ਮਾਫ਼ੀ ਮੰਗ ਲਈ ਕਿ ਜੇ ਮੈਂ ਇਨ੍ਹਾਂ ਗਵਾਹਾਂ ਦੇ ਬਿਆਨਾਂ ਮੁਤਾਬਕ ਇਹਨਾਂ ਦੇ ਰਿਸ਼ਤੇਦਾਰਾਂ ਨੂੰ ਬਚਾਉਣਾ ਚਾਹਾਂ ਤਾਂ ਇਹ ਮੇਰੀ ਪੇਟੀ ਲੁਹਾ ਦੇਣਗੇ। ਉਹ ਗਵਾਹ ਥਾਣੇਦਾਰ ਦੇ ਪੈਰੀਂ ਪੈ ਗਏ ਸਨ। ਅੱਖ ਦੇ ਇਸ਼ਾਰੇ ਨਾਲ ਸਭ ਮਿਥਿਆ ਗਿਆ। ਆਖਰ—— ਖੁਸ਼ ਹੋ ਕੇ ਥਾਣੇਦਾਰ ਨੇ ਉਹੀ ਫਾਈਲ ਚੁੱਕੀ ਤੇ ਕਿਹਾ "ਲਉ ਤੁਹਾਨੂੰ ਮੈਂ ਇਕ ਕਹਾਣੀ ਸੁਣਾ ਦਿੰਦਾ ਹਾਂ—ਤੁਸੀਂ ਉਸ ਨੂੰ ਰਟ ਲਉ। ਉਹਦੇ ਮੁਤਾਬਕ ਹੀ ਤੁਹਾਡੇ ਬਿਆਨ ਤਿਆਰ ਹੋਣਗੇ। ਸਮਝ ਲਉ ਤੁਸੀਂ ਤੇ ਤੁਹਾਡੇ ਆਦਮੀ ਬਚ ਜਾਣਗੇ। ਅਸੀਂ ਤਾਂ ਚੁਟਕੀ 'ਚ ਕਤਲ ਕੇਸ ਬਦਲ ਦਿੰਦੇ ਆਂ··ਇਹ ਤਾਂ ਕੇਸ ਈ ਕੋਈ ਨਹੀਂ।

ਮੈਂ ਹੈਰਾਨ ਪ੍ਰੇਸ਼ਾਨ!

ਤਾਂ ਇਹ ਆਦਮੀ ਤਫ਼ਤੀਸ਼ ਕਰੇਗਾ ਕਿ ਕੌਣ ਦੋਸ਼ੀ ਹੈ। ਇਹ ਹੀ ਹਨ ਨੇਤਾ ਨੁਮਾ ਟੋਪੀਆਂ ਜੋ ਲੋਕ ਸੇਵਾ ਦਾ ਦਮ ਭਰਦਿਆਂ ਨਹੀਂ ਥਕਦੀਆਂ? ਜਦੋਂ ਰਪਟ ਦੀ ਸਿਫ਼ਾਰਸ਼ ਨਾਲ ਦਰਜ ਹੁੰਦੀ ਹੈ ਤਾਂ ਉਹਦੇ ਤੇ ਅਮਲ ਦੀ ਆਸ ਹੀ ਕਿਥੋਂ ਰਹਿੰਦੀ ਹੈ? ਫੇਰ ਕੀ ਪਤਾ ਇਹ ਲਾਹਣ, ਸ਼ਰਾਬ ਜਾਂ ਅਫ਼ੀਮ ਫੜਦੇ ਵੀ ਹਨ ਜਾਂ ਘਰ ਬੈਠੇ ਕਿਸੇ ਭਲੇਮਾਣਸ ਨੂੰ ਝੂਠਾ ਹੀ ਕਿਸੇ ਦੂਜੇ ਨੂੰ ਖੁਸ਼ ਕਰਨ ਲਈ ਬੰਨ੍ਹ ਦਿੰਦੇ ਹਨ। ਇਹ ਕੀ ਪਤਾ ਕਿ ਇਨ੍ਹਾਂ ਦੀਆਂ ਬਣਾਈਆਂ ਹੋਈਆਂ ਕਹਾਣੀਆਂ ਨਾਲ ਕਿੰਨੇ ਕੁ ਲੋਕ ਸਜ਼ਾ ਪਾ ਗਏ ਹੋਣ, ਮੈਂ ਕਿਉਂ ਜ਼ਿੰਮੇਦਾਰ ਬਣਾਂ? ਮੈਂ ਇਨ੍ਹਾਂ ਦੀਆਂ ਗਲਤ ਕਹਾਣੀਆਂ ਦਾ ਅਖ਼ਬਾਰ 'ਚ ਪ੍ਰਚਾਰ ਕਿਉਂ ਕਰਾਂ?

ਮੈਨੂੰ ਲੱਗਿਆ ਕਿ ਮੈਂ ਕਿਸੇ ਦੂਸਰੀ ਦੁਨਿਆਂ 'ਚ ਆ ਫਸਿਆ ਹਾਂ। ਪੱਤਰ ਪ੍ਰੇਰਕ ਤੋਂ ਵੱਧ ਕੇ ਕੋਈ ਵੀ ਚਾਪਲੂਸ ਨਾ ਲੱਗਾ। ਅਫ਼ਸਰਾਂ ਨਾਲ ਸਬੰਧਤ ਖਬਰਾਂ ਭੇਜਣ ਨੂੰ ਹਰ ਕੋਈ ਤਿਆਰ ਰਹਿੰਦਾ। ਪਰ ਮਜ਼ਦੂਰਾਂ ਕਿਸਾਨਾਂ ਦੀਆਂ ਖਬਰਾਂ ਨਖਰਿਆਂ ਨਾਲ ਭੇਜੀਆਂ ਜਾਂਦੀਆਂ। ਮੈਨੂੰ ਮਹਿਸੂਸ ਹੋਇਆ ਕਿ ਮੇਰੀਆਂ ਪਹਿਲਾਂ ਲਿਖੀਆਂ ਕਵਿਤਾਵਾਂ ਕਹਾਣੀਆਂ ਤੋਂ ਇਹ ਦੁਨੀਆਂ ਇਕ ਦਮ ਵੱਖਰੀ ਤੇ ਮੇਰੀਆਂ ਰਚਨਾਵਾਂ ਇਸ ਦੁਨੀਆਂ ਨਾਲ ਬਿਲਕੁਲ ਮੇਲ ਨਹੀਂ ਖਾਂਦੀਆਂ। ਮੈਨੂੰ ਇਹ ਵੀ ਲੱਗਣ ਲੱਗਾ ਕਿ ਬਹੁਤੀ ਦੇਰ ਮੈਂ ਇਹ ਸਭ ਕੁਝ ਨੂੰ ਸਹਿਣ ਨਹੀਂ ਕਰ ਸਕਦਾ ਖਬਰ ਕੋਈ ਭੇਜੋ-ਛਪੀ ਕੁਝ ਹੋਰ! ਸ਼ਹਿਰ ਦੇ ਦੂਜੇ ਪੱਤਰਪ੍ਰੇਰਕ ਵੀ ਮੈਨੂੰ ਪਸੰਦ ਨਾ ਕਰਦੇ ਕਿਉਂਕਿ ਉਨ੍ਹਾਂ ਦੇ ਬੜੇ ਆਰਾਮ ਨਾਲ ਚਲਦੇ 'ਧੰਦੇ' 'ਚ ਮੈਂ ਗੜਬੜ ਪੈਦਾ ਕਰ ਦਿੱਤੀ ਸੀ। ਮੈਥੋਂ ਪਹਿਲਾਂ ਉਹ ਬਹੁਤ ਘੱਟ ਆਪਣੇ ਦਫ਼ਤਰ ਤੋਂ ਬਾਹਰ ਲੋਕਾਂ ਤਕ ਪਹੁੰਚਦੇ ਸਨ- ਪਹੁੰਚਕੇ ਵੀ ਖ਼ਬਰ ਘੱਟ ਹੀ ਭੇਜਦੇ। ਇਸ ਭੇਦ ਦਾ ਮੈਨੂੰ ਉਦੋਂ ਪਤਾ ਲੱਗਾ ਜਦੋਂ ਸਿਵਲ ਹਸਪਤਾਲ ਸਬੰਧੀ ਮਿਲਣ ਵਾਲੀਆਂ ਸੂਚਨਾਵਾਂ ਦੇ ਅਧਾਰ ਤੇ ਇਕ ਰਿਪੋਰਟ ਭੇਜੀ। ਰਿਪੋਰਟ 'ਰੰਗ' ਵਿਖਾਇਆ ਉਪਰੋਂ ਇਨਕੁਆਰੀ ਆ ਗਈ ਤਾਂ ਕਿਧਰੇ ਡਾਕਟਰ ਦੇ ਸਿਰ ਤੇ ਥੋੜ੍ਹੀ ਜਹੀ ਖਾਜ ਹੋਈ। ਫੇਰ ਵੀ ਕਿਸੇ ਮਰੀਜ਼ ਦੀ ਨਹੀਂ ਮੇਰੀ ਭਾਲ ਕੀਤੀ ਗਈ।

"ਭਾਈ ਸਾਹਿਬ ਕੋਈ ਤਕਲੀਫ਼ ਹੋਵੇ ਤਾਂ ਸਾਨੂੰ ਦੱਸੋ- ਅਖ਼ਬਾਰ 'ਚ ਢੰਡੋਰਾ ਕਿਉਂ ਪਿੱਟਦੇ ਹੋ?"

"ਤਕਲੀਫ਼ ਤਾਂ ਲੋਕਾਂ ਨੂੰ ਹੈ ਜਿਨ੍ਹਾਂ ਨੂੰ ਦਵਾਈ ਦੀ ਥਾਂ ਸਿਰਫ਼ ਖਾਲੀ ਪਰਚੀ ਮਿਲਦੀ ਹੈ ਅਤੇ ਤੁਸੀਂ ਰਜਿਸਟਰ ਭਰ-ਭਰਕੇ ਸਰਕਾਰੀ ਪੈਸੇ ਖੁਦ ਹੜੱਪਦੇ ਜਾ ਰਹੇ ਹੋ। ਤਕਲੀਫ਼ ਜਨਤਾ ਨੂੰ ਹੈ ਜਿਹਨਾਂ ਨੂੰ ਇੱਡੇ ਵੱਡੇ ਹਸਪਤਾਲ ਦੇ ਹੁੰਦਿਆਂ ਹੋਇਆਂ ਪੱਟੀਆਂ ਰੂੰ ਆਦਿ ਬਜ਼ਾਰੋਂ ਖਰੀਦ ਕੇ ਲਿਆਉਣਾ ਪੈਂਦਾ ਹੈ। ਤਕਲੀਫ਼ ਉਨ੍ਹਾਂ ਨੂੰ ਹੈ ਜੋ ਇਸਨੂੰ ਹਸਪਤਾਲ ਸਮਝਕੇ ਆਉਂਦੇ ਹਨ ਅਤੇ ਬੁਚੜਖਾਨੇ ਤੋਂ ਵੀ ਵੱਧ ਮਹਿਸੂਸ ਕਰਦੇ ਹਨ। ਕੀ ਇਹ ਸਭ ਤਕਲੀਫ਼ ਦੀਆਂ ਗੱਲਾਂ ਨਹੀਂ? ਇਸ ਗਲ ਦਾ ਢੰਡੋਰਾ ਪਿੱਟਣ ਦੀ ਲੋੜ ਹੈ ਕਿ ਨਹੀਂ?"

"ਰਿਪੋਰਟਰ ਸਾਹਿਬ! ਧੀਰਜ ਨਾਲ ਸੁਣੋ- ਇਹ ਕੁਝ ਤਾਂ ਹਰ ਜਗ੍ਹਾ ਹੁੰਦਾ ਹੈ ਤੇ ਚੱਲਦਾ ਰਹੇਗਾ। ਇਸ ਨੂੰ ਤੁਸੀਂ ਰੋਕ ਨਹੀਂ ਸਕਦੇ। ਜਿਸ ਜਿਸ ਸ਼ਾਨ ਨਾਲ ਇਹ ਇਨਕੁਆਰੀ ਆਈ ਹੈ, ਉਸੇ ਸ਼ਾਨ ਨਾਲ ਪਰਤ ਜਾਵੇਗੀ। ਮੇਰੀ ਸਿਹਤ ਤੇ ਕੋਈ ਫਰਕ ਨਹੀਂ ਪੈਣ ਲੱਗਾ। ਇਹ ਤੁਸੀਂ ਸੋਚੋ ਕਿ ਤੁਸੀਂ ਕੀ ਚਾਹੁੰਦੇ ਹੋ- ਦੋਸਤੀ ਜਾਂ ਦੁਸ਼ਮਣੀ? ਸ਼ਹਿਰ ਵਿਚ ਹੋਰ ਵੀ ਪੱਤਰਕਾਰ ਹਨ ਉਨ੍ਹਾਂ ਨੂੰ ਸਾਥੋਂ ਕਦੇ ਕੋਈ ਸ਼ਕਾਇਤ ਨਹੀਂ ਹੋਈ ਸਾਰੇ ਸਾਡੇ ਨਾਲ ਚੰਗੀ ਵਾਲਾ ਵਿਹਾਰ ਰਖਦੇ ਹਨ। ਤਾਂਵੇਂ ਉਹ ਘਰ ਬੈਠੇ ਹੀ ਸਾਨੂੰ ਕਿਸੇ ਮਰੀਜ਼ ਲਈ ਸਿਫ਼ਾਰਸ਼ੀ ਚਿੱਟ ਭੇਜ ਦੇਣ ਤਾਂ ਅਸੀਂ ਸਭ ਤੋਂ ਪਹਿਲਾਂ ਉਹਦਾ ਧਿਆਨ ਕਰਦੇ ਹਾਂ। ਡਾਕਟਰ ਨੇ ਖਚਰਾ ਜਿਹਾ ਜ਼ਹਿਰੀਲਾ ਹਾਸਾ ਹੱਸਿਆ। ਮੈਂ ਉਸ ਜ਼ਹਿਰ ਦੇ ਗੁੱਸੇ ਨਾਲ ਖਿਝਦਾ ਹੋਇਆ ਵਾਪਿਸ ਮੁੜ ਆਇਆ। ਆਉਂਦਿਆਂ ਸਾਰਾ ਰਸਤਾ ਸਵਾਲ ਮੇਰਾ ਪਿੱਛਾ ਕਰਦੇ ਰਹੇ। ਇਹ ਕਿਹੜੀ ਦੁਨਿਆਂ ਹੈ? ਮੈਂ ਕਿਹੜੇ ਲੋਕਾਂ 'ਚ ਆ ਗਿਆਂ ਹਾਂ? ਕਿਸਨੂੰ ਆਪਣਾ ਕਹਾਂ- ਕਿਸ ਨੂੰ ਬੇਗਾਨਾ? ਇਹ ਧੰਦਾ ਹੈ ਜਾਂ ਸ਼ਹਿਰ ਦੀ ਸਫ਼ਾਈ ਲਈ ਸੇਵਾ ਦਾ ਮੇਵਾ?

ਇਕ ਦਿਨ ਸਵੇਰੇ ਹੀ ਕੋਈ ਆਦਮੀ ਮੈਨੂੰ ਸੱਦਣ ਆਇਆ ਕਿ ਜ਼ਿਲੇ ਦੇ ਫਲਾਣੇ ਵਿਧਾਇਕ ਤੁਹਾਨੂੰ ਯਾਦ ਕਰਦੇ ਹਨ। ਉਨ੍ਹਾਂ ਨੇ ਕੋਈ ਬਿਆਨ ਦੇਣਾ ਹੈ। ਮੈਂ ਕਾਗਜ਼ ਪੈਨ ਚੁੱਕਿਆ ਤੇ ਉਥੇ ਪਹੁੰਚਿਆ ਤਾਂ ਕੁੱਤੇ ਨੇ ਉਚੀ ਸੁਰ 'ਚ ਭੌਂਕ ਭੌਂਕ ਕੇ ਮੇਰਾ ਸੁਆਗਤ ਕੀਤਾ। ਉਪਰ ਵਾਲਿਆਂ ਨੂੰ ਸੂਚਿਤ ਕੀਤਾ ਕਿ ਥੱਲੇ ਕੋਈ ਖੜ੍ਹਾ ਹੈ। ਫੇਰ ਮੈਨੂੰ ਉਪਰ ਲੈ ਜਾਇਆ ਗਿਆ। ਫਲਾਣੇ ਨੇਤਾ ਜੀ ਬਰੇਕ ਫਾਸਟ ਕਰ ਰਹੇ ਸਨ ਅਤੇ ਸਾਡੇ ਵਾਰਡ ਦਾ ਉਮੀਦਵਾਰ ਉਸਦੇ ਕੋਲ ਹੀ ਖੜ੍ਹਾ ਸੀ। ਦੁਆ ਸਲਾਮ ਤੋਂ ਬਾਅਦ ਹਾਲ ਚਾਲ ਪੁੱਛਣ ਦਾ ਦੌਰ ਖਤਮ ਹੋਇਆ ਤਾਂ ਉਮੀਦਵਾਰ ਸੱਜਣ ਤੇ ਮੇਰੀਆਂ ਸਿਫ਼ਤਾਂ ਦੇ ਪੁਲ ਬੰਨਣੇ ਸ਼ੁਰੂ ਕਰ ਦਿੱਤੇ ਤੇ ਹੌਲੀ ਜਹੀ ਵਿਧਾਇਕ ਨੂੰ ਦੱਸਣ ਲੱਗਾ ਕਿ ਮੈਂ ਉਹਦੇ ਹੱਕ 'ਚ ਨਹੀਂ ਲਿਖ ਰਿਹਾ। ਨੇਤਾ ਜੀ ਨੇ ਲਾਪਰਵਾਹੀ ਵਾਲਾ ਵਤੀਰਾ ਹੀ ਰੱਖਿਆ। ਫੇਰ ਉਮੀਦਵਾਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਦਫ਼ਤਰ ਪਿਛਲੇ ਚਾਰ ਸਾਲ ਤੋਂ ਇਨ੍ਹਾਂ ਦਾ ਇਕ ਕੰਮ ਰੁੱਕਿਆ ਪਿਆ ਹੈ, ਜੇ ਉਹ ਕੰਮ ਹੋ ਜਾਵੇ ਤਾਂ ਇਨ੍ਹਾਂ ਨੂੰ ਤਿੰਨ-ਸਾਢੇ ਤਿੰਨ ਹਜ਼ਾਰ ਰੁਪਏ ਮਿਲ ਜਾਣਗੇ। ਉਹਨਾਂ ਨੇ ਆਪਣੇ ਨਿੱਜੀ ਸਕੱਤਰ ਵਲ ਲਾਪਰਵਾਹੀ ਨਾਲ ਹੀ ਇਸ਼ਾਰਾ ਕੀਤਾ ਜਿਸਦਾ ਭਾਵ ਸੀ ਕਿ ਸਾਰਾ ਕੁਝ ਉਸ ਨੂੰ ਨੋਟ ਕਰਵਾ ਦਿੱਤਾ ਜਾਵੇ। ਮੈਂ ਨਿਮਰਤਾ ਸਹਿਤ ਉਠ ਖੜ੍ਹਾ ਹੋਇਆ ਕਿ ਤੁਹਾਡਾ ਬਹੁਤ ਧੰਨਵਾਦ- ਆਪਣੇ ਤੌਰ 'ਤੇ ਮੈਂ ਕੋਸ਼ਿਸ਼ ਕਰ ਰਿਹਾ ਹਾਂ। ਜੇ ਤੁਹਾਡੀ ਮਦਦ ਦੀ ਲੋੜ ਪਈ ਤਾਂ ਮੈਂ ਤੁਹਾਨੂੰ ਚੋਣਾਂ ਤੋਂ ਬਾਅਦ ਮਿਲ ਲਵਾਂਗਾ। ਹਾਲ ਦੀ ਘੜੀ ਮੈਨੂੰ ਅਜ਼ਾਦੀ ਨਾਲ ਆਪਣਾ ਕੰਮ ਕਰਨ ਦਿਉ।

(··· ਬਾਕੀ ਸਫ਼ਾ 8)

## ਪ੍ਰਗਤੀਸ਼ੀਲ ਲਿਖਾਰੀ ਸਭਾ, ਸਾਊਥਾਲ ਵੱਲੋਂ

# ਸੱਭਿਆਚਾਰਕ ਸਰਗਰਮੀਆਂ

ਸਾਊਥਾਲ: ਇਥੇ ਗਿਆਰਾਂ ਮਈ, 1985 ਨੂੰ ਪੰਜਾਬੀ ਦੇ ਦੋ ਸਿਰਮੌਰ, ਸਵਰਗਵਾਸੀ ਸ਼ਾਇਰਾਂ ਪ੍ਰੋ: ਮੋਹਨ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿਚ ਪ੍ਰਗਤੀਸ਼ੀਲ ਲਿਖਾਰੀ ਸਭਾ ਸਾਊਥਾਲ ਵੱਲੋਂ ਇਕ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਦੇ ਵਧੀਆ ਕਵੀ ਨਿਰੰਜਣ ਸਿੰਘ ਨੂਰ ਅਤੇ ਹੰਸਲੋ ਮਲਟੀ-ਕਲਚਰਲ ਸੈਂਟਰ ਦੇ ਇੰਚਾਰਜ, ਬ੍ਰਾਡ-ਕਾਸਟਰ ਅਤੇ ਕਵੀ ਚਮਨ ਲਾਲ ਚਮਨ ਨੇ ਕੀਤੀ। ਮੰਚ-ਸਕੱਤਰੀ ਦੀ ਸੇਵਾ ਸਭਾ ਦੇ ਜਨਰਲ ਸਕੱਤਰ ਸਾਥੀ ਲੁਧਿਆਣਵੀ ਨੇ ਨਿਭਾਈ। ਪੰਜਾਬ ਦੇ ਇਤਿਹਾਸ ਦੀ ਇਸ ਔਖੀ ਘੜੀ ਅਤੇ ਅਫਵਾਹਾਂ ਅਤੇ ਭੁਲੇਖਿਆਂ ਦੇ ਦੌਰ ਵਿਚ ਅਜਿਹਾ ਕਾਮਯਾਬ ਸਮਾਗਮ ਕਰਾ ਸਕਣਾ ਸਭਾ ਦੀ ਇਕ ਵੱਡੀ ਪ੍ਰਾਪਤੀ ਹੈ। ਇਸ ਮੌਕੇ 'ਤੇ ਕੁੱਝ ਗੂੰਗੀਆਂ ਕਲਮਾਂ ਤੋਂ ਸਿਵਾ ਇੰਗਲੈਂਡ ਭਰ ਦੇ ਸ਼ਾਇਰਾਂ ਨੇ ਭਾਗ ਲਿਆ। ਪ੍ਰੋਗਰਾਮ ਦੇ ਆਰੰਭ ਵਿਚ ਸ਼ਿਵਚਰਨ ਗਿੱਲ ਨੇ ਮੋਹਨ ਸਿੰਘ ਤੇ ਸ਼ਿਵ ਕੁਮਾਰ ਦੀ ਕਵਿਤਾ ਸਬੰਧੀ ਬੋਲਦਿਆਂ ਕਿਹਾ ਕਿ ਇਨ੍ਹਾਂ ਦੋਹਾਂ ਮਹਾਨ ਸ਼ਾਇਰਾਂ ਦੀ ਸ਼ਾਇਰੀ ਪੰਜਾਬੀਆਂ ਦੇ ਦਿਲਾਂ ਵਿਚ ਸਦਾ ਧੜਕਦੀ ਰਹੇਗੀ। ਗੁਰਮੀਤ ਸਿੰਘ ਵਿਰਦੀ, ਬਲਵਿੰਦਰ 'ਮਹੇਸ਼', ਹਰਦਿਆਲ ਦਿਲਗੀਰ ਤੇ ਸ਼ਿਵ ਦੇ ਇਕ ਹਮ ਜਮਾਤੀ ਸੁਰਿੰਦਰ ਇਕਬਾਲ ਸਿੰਘ ਨੇ ਇਨ੍ਹਾਂ ਦੋਹਾਂ ਸ਼ਾਇਰਾਂ ਦੇ ਗੀਤ ਮਧੁਰ ਆਵਾਜ਼ ਵਿਚ ਗਾਏ। ਸਾਥੀ ਲੁਧਿਆਣਵੀ ਨੇ ਕਿਹਾ ਕਿ ਜਿਥੇ ਸਭਾ ਦੇ ਮੈਂਬਰ ਪ੍ਰਗਤੀਵਾਦੀ ਵਿਚਾਰਧਾਰਾ ਦੇ ਹਨ, ਉਥੇ ਅਖੌਤੀ ਇਨਕਲਾਬੀਆਂ ਦੀ ਦੋਗਲੀ ਨੀਤੀ ਨੂੰ ਵੀ ਨਿੰਦਦੇ ਹਨ। ਸਭਾ ਦਾ ਕੋਈ ਵੀ ਮੈਂਬਰ ਵੱਖਵਾਦ ਅਤੇ ਫ਼ਿਰਕਾਪ੍ਰਸਤੀ ਦਾ ਸਮਰਥਕ ਨਹੀਂ ਹੈ। ਪ੍ਰਗਤੀਸ਼ੀਲ ਲਿਖਾਰੀ ਸਭਾ ਦੇਸ਼ ਦੀ ਅਖੰਡਤਾ ਵਿਚ ਵਿਸ਼ਵਾਸ਼ ਰੱਖਦੀ ਹੈ। ਬਲਦੇਵ ਬਾਵਾ ਨੇ ਸ਼ਿਵ ਤੇ ਮੋਹਨ ਸਿੰਘ ਦੀ ਚਰਚਾ ਕਰਦਿਆਂ ਕਿਹਾ ਕਿ ਅਸੀਂ ਵਾਰਸ ਸ਼ਾਹ ਤੋਂ ਪਿੱਛੋਂ ਇਨ੍ਹਾਂ ਦੋਹਾਂ ਨੂੰ ਨਹੀਂ ਵੰਡਣਾ। ਇਹ ਕੰਮ ਹਾਕਮ ਜਮਾਤ ਦੇ ਚਮਚਿਆਂ ਅਤੇ ਫ਼ਿਰਕੂ ਲੀਹਾਂ ਉਤੇ ਤੁਰਨ ਵਾਲੇ ਝੂਠੇ ਲੋਕਾਂ ਉਤੇ ਹੀ ਛੱਡ ਦੇਣਾ ਚਾਹੀਦਾ ਹੈ। ਪੰਜਾਬੀਆਂ ਦੀ ਏਕਤਾ ਫ਼ਿਰਕਾਪ੍ਰਸਤਾਂ ਨੂੰ ਕਾਮਯਾਬ ਨਹੀਂ ਹੋਣ ਦੇਵੇਗੀ। ਉਸਨੇ ਸਭਾ ਦੀਆਂ ਸਰਗਰਮੀਆਂ ਬਾਰੇ ਬੋਲਦਿਆਂ ਕਿਹਾ ਕਿ ਡਾਕਟਰ ਮੁਲਕ ਰਾਜ ਆਨੰਦ, ਡਾਕਟਰ ਅਤਰ ਸਿੰਘ ਤੇ ਡਾਕਟਰ ਨਿਰਮਲ ਸਿੰਘ ਆਜ਼ਾਦ ਦੀ ਹਾਜ਼ਰੀ ਵਿਚ ਪੰਜਾਬ-ਸਮੱਸਿਆ ਉਤੇ ਬੌਧਿਕ ਡੀਬੇਟ ਕਰਵਾਉਣ ਦੇ ਨਾਲ ਨਾਲ ਡੇਢ ਵਰ੍ਹਾ ਪਹਿਲਾਂ ਹਿੰਦੂ-ਸਿੱਖ ਏਕਤਾ ਲਈ ਕਵੀ ਦਰਬਾਰ ਕਰਵਾਉਣ ਦਾ ਸਿਹਰਾ ਵੀ ਸਭਾ ਦੇ ਸਿਰ ਹੀ ਹੈ। ਇਸ ਦੇ ਸਭ ਮੈਂਬਰ ਕਰਮਸ਼ੀਲ ਹਨ ਤੇ ਥੋਥੇ ਅਲੇਖਕ ਲੋਕਾਂ ਦੀ ਮੈਂਬਰੀ ਤੋਂ ਮੁਕਤ ਹੋ ਗਏ ਹਨ। ਜਗਤਾਰ ਢਾਅ ਨੇ ਇਕ ਮਤਾ ਪੇਸ਼ ਕੀਤਾ ਜਿਸ ਵਿਚ ਕਿਹਾ ਗਿਆ ਕਿ ਪੰਜਾਬ ਦੀ ਅੱਜ ਦੀ ਸਥਿਤੀ, ਇੰਦਰਾ ਗਾਂਧੀ ਦਾ ਕਤਲ ਅਤੇ ਉਸ ਉਪਰੰਤ ਹੋਏ ਘੱਲੂਘਾਰੇ ਦੀ ਵਧੇਰੇ ਜ਼ਿੰਮੇਵਾਰੀ ਸਰਕਾਰ ਉੱਤੇ ਜਾਂਦੀ ਹੈ। ਮਾਮਲੇ ਨੂੰ ਖਾਹ-ਮਖਾਹ ਲਟਕਾਈ ਰੱਖਣ ਕਾਰਨ ਹੀ ਇਹ ਪ੍ਰਤੀਕਰਮ ਹੋਇਆ ਹੈ। ਇਸ ਮਤੇ 'ਚ ਦਿੱਲੀ ਅਤੇ ਹੋਰ ਸ਼ਹਿਰਾਂ ਵਿਚਲੇ ਦੰਗਾ-ਗ੍ਰਸਤ ਲੋਕਾਂ ਨੂੰ ਸੌ ਫ਼ੀ ਸਦੀ ਮੁਆਵਜ਼ਾ ਦੇਣ ਦੀ ਮੰਗ ਵੀ ਕੀਤੀ ਗਈ ਹੈ। ਨਾਹਰ ਸਿੰਘ ਗਿੱਲ ਦੇ ਮਤੇ ਵਿਚ ਬ੍ਰਿਟਿਸ਼-ਪਾਸਪੋਰਟ ਹੋਲਡਰਾਂ ਤੋਂ ਵੀਜ਼ੇ ਦੀ ਮੰਗ ਹਟਾ ਲੈਣ ਦੀ ਮੰਗ ਸੀ ਕਿਉਂਕਿ ਲੋਕਾਂ ਨੂੰ ਖਾਹ-ਮਖਾਹ ਖੱਜਲ ਖੁਆਰ ਕਰਨ ਵਾਲੀ ਗੱਲ ਹੈ। ਸਾਰੇ ਪੰਜਾਬੀ ਵੱਖਵਾਦੀ ਅਤੇ ਅੱਤਵਾਦੀ ਨਹੀਂ ਹਨ। ਜਗਦੇਵ ਸਮਰਾ ਦੇ ਮਤੇ ਵਿਚ ਬੀ.ਬੀ.ਸੀ. ਦੇ ਡਾਇਰੈਕਟਰ ਜਨਰਲ ਤੋਂ ਮੰਗ ਕੀਤੀ ਗਈ ਸੀ ਕਿ ਪੰਜਾਬੀਆਂ ਦੀ ਗਿਣਤੀ ਅਨੁਸਾਰ ਉਨ੍ਹਾਂ ਨੂੰ ਯੋਗ ਬ੍ਰਾਡਕਾਸਟਿੰਗ ਟਾਈਮ ਦਿੱਤਾ ਜਾਵੇ। ਐਤਵਾਰ ਨੂੰ ਆਉਂਦਾ ਏਸ਼ੀਅਨ ਮੈਗਜ਼ੀਨ ਪ੍ਰੋਗਰਾਮ ਦਾ ਸਮਾਂ ਵਧਾ ਕੇ ਇਕ ਘੰਟੇ ਦਾ ਕੀਤਾ ਜਾਵੇ ਜਿਸ ਦਾ ਅੰਤਿਮ ਅੱਧਾ ਘੰਟਾ ਨਿਰੋਲ ਪੰਜਾਬੀ ਜ਼ੁਬਾਨ ਵਿਚ ਹੋਵੇ। ਚਮਨ ਲਾਲ ਚਮਨ ਨੇ ਪ੍ਰੋਫੈਸਰ ਮੋਹਨ ਸਿੰਘ ਤੇ ਸ਼ਿਵ ਕੁਮਾਰ ਦੀਆਂ ਨਜ਼ਮਾਂ ਦੇ ਟੋਟਕੇ ਪੇਸ਼ ਕੀਤੇ ਤੇ ਆਪਣੀ ਨਜ਼ਮ ਵੀ। ਉਸਨੇ ਕਿਹਾ ਕਿ ਨਸਲ-ਵਾਦੀਆਂ ਨਾਲ ਆਢਾ ਲਾਉਣ ਲਈ ਇਹ ਜ਼ਰੂਰੀ ਹੈ ਕਿ ਸਾਰੇ ਰੰਗਦਾਰ, ਖਾਸਕਰਕੇ ਪੰਜਾਬੀ ਲੋਕ ਇਕ ਹੋ ਕੇ ਰਹਿਣ। ਉਸਨੇ ਸਭਾ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸ਼ਿਵਚਰਨ ਗਿੱਲ ਨੇ ਆਪਣੇ ਮਤੇ ਵਿਚ ਦੋਗਲੇ ਅਤੇ ਅਲੇਖਕ ਕਿਸਮ ਦੇ ਲੋਕਾਂ ਉਤੇ ਦੋਸ਼ ਲਾਇਆ ਕਿ ਉਹ ਆਪ ਤਾਂ ਝੂਠੇ ਹਨ ਹੀ, ਸਭਾ ਦੇ ਕੁੱਝ ਸਰਗਰਮ ਤੇ ਸੁਹਿਰਦ ਮੈਂਬਰਾਂ ਉਤੇ ਵੀ ਘਟੀਆ ਤੇ ਬੇਬੁਨਿਆਦ ਜਿਹੇ ਦੋਸ਼ ਲਾਉਂਦੇ ਹਨ। ਸਭਾ ਕੋਲ ਕੋਈ ਫੰਡ ਨਹੀਂ ਹਨ। ਇਹ ਮੈਂਬਰਾਂ ਅਤੇ ਲੋਕਾਂ ਦੀ ਉਦਾਰਤਾ ਉਤੇ ਹੀ ਚੱਲ ਰਹੀ ਹੈ। ਬੱਸ ਇਉਂ ਸਮਝੋ ਕਿ ਸਭਾ ਦਾ ਸਰਮਾਇਆ ਸਭਾ ਦਾ ਰਜਿਸਟਰ ਅਤੇ ਸਕੱਤਰ ਹੀ ਹੈ। ਭਰੇ ਹੋਏ ਹਾਲ 'ਚ ਹਾਜ਼ਰ ਲੋਕਾਂ ਨੇ ਉਸ ਵੇਲੇ ਜੇਬਾਂ 'ਚੋਂ ਨੋਟ ਕੱਢ ਕੇ ਸਟੇਜ ਸਕੱਤਰ ਮੂਹਰੇ ਢੇਰੀ ਲਾ ਦਿੱਤੀ ਤੇ ਮਤਿਆਂ ਦੀ ਪਰਵਾਨਗੀ ਹੱਥ ਖੜ੍ਹੇ ਕਰਕੇ ਦੇਣ ਦੇ ਨਾਲ ਨਾਲ ਕਈਆਂ ਨੇ ਖੜ੍ਹੇ ਹੋ ਕੇ ਕਿਹਾ ਕਿ ਤੁਸੀਂ ਲਿਖੀ ਜਾਓ ਅਤੇ ਸਮਾਗਮ ਕਰਾਉਂਦੇ ਰਹੋ - ਸਭਾ ਨੂੰ ਮਾਇਕ ਤੰਗੀ ਨਹੀਂ ਆਉਣ ਦਿੱਤੀ ਜਾਵੇਗੀ। ਸਾਥੀ ਲੁਧਿਆਣਵੀ ਨੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੇਕਰ ਸਾਡੇ ਨਾਲ ਸੁਹਿਰਦ ਮੈਂਬਰਾਂ ਦੇ ਨਾਲ ਨਾਲ ਤੁਹਾਡੇ ਵਰਗੇ ਸੁਹਿਰਦ ਲੋਕ ਵੀ ਖੜ੍ਹੇ ਹਨ ਤਾਂ ਚਿੰਤਾ ਕਾਹਦੀ? ਅੰਤ ਵਿਚ ਇਸ ਸਮਾਗਮ ਦੇ ਪ੍ਰਧਾਨ ਸ੍ਰੀ ਨਿਰੰਜਨ ਸਿੰਘ ਨੂਰ ਨੇ ਸਭਾ ਦੀ ਕੋਸ਼ਿਸ਼ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅੱਜ ਜਿੰਨੀ ਪਹਿਲਾਂ ਕਦੇ ਵੀ ਜ਼ਰੂਰਤ ਨਹੀਂ ਸੀ ਕਿ ਇੰਗਲੈਂਡ ਭਰ ਦੇ ਸਾਰੇ ਲੇਖਕ ਇਕੱਠੇ ਖਲੋਣ। ਸਿਆਸੀ ਵਖਰੇਵੇਂ ਕੁਦਰਤੀ ਗੱਲਾਂ ਹਨ। ਲੇਖਕਾਂ ਦਾ ਇਕੱਠੇ ਬੈਠਣਾ ਲੋਕਾਂ ਦਾ ਇਕੱਠੇ ਬੈਠਣਾ ਹੈ। ਉਸਨੇ ਕੁਰਸੀ ਦੇ ਲੋਭੀਆਂ ਨੂੰ ਨਿੰਦਿਆ ਅਤੇ ਕਲਮ ਦੀ ਜੈ ਬੋਲੀ। ਉੱਚ ਪੱਧਰ ਦੀਆਂ ਬੋਲੀਆਂ ਗਾਈਆਂ। ਨਜ਼ਮਾਂ ਨੂੰ ਕੁੱਝ ਪ੍ਰਸੰਸਕਾਂ ਨੇ ਵੀਡੀਓ ਟੇਪ ਵੀ ਕੀਤਾ। ●

● ਪ੍ਰਗਤੀਸ਼ੀਲ ਲਿਖਾਰੀ ਸਭਾ ਸਾਊਥਾਲ ਨੇ ਬਰਤਾਨੀਆਂ ਵਸਦੇ ਲੇਖਕਾਂ ਦੀਆਂ ਕਿਰਤਾਂ ਦੇ ਅੰਗਰੇਜ਼ੀ ਅਤੇ ਹੋਰ ਯੂਰਪੀਨ ਭਾਸ਼ਾਵਾਂ ਵਿਚ ਅਨੁਵਾਦ ਕੀਤੇ ਜਾਣ ਲਈ ਵੱਖ ਵੱਖ ਜਥੇਬੰਦੀਆਂ ਨਾਲ ਮਸ਼ਵਰੇ ਸ਼ੁਰੂ ਕਰ ਦਿਤੇ ਹਨ ਤਾਂ ਕਿ ਪੰਜਾਬੀ ਲੇਖਕਾਂ ਦੀਆਂ ਕਿਰਤਾਂ ਸਮੂਹ ਯੂਰਪੀਨ ਪਾਠਕਾਂ ਤੱਕ ਪੁਜ ਸਕਣ। ਅਜਿਹੀਆਂ ਸਕੀਮਾਂ ਤੇ ਅਸਰਦਾਰ ਵਿਚਾਰ ਵਟਾਂਦਰੇ ਲਈ, ਸਭਾ ਵਲੋਂ ਬੀਤੇ ਦਿਨੀਂ ਇਕ ਵਿਸ਼ੇਸ਼ ਗੋਸ਼ਟੀ ਸਭਾ ਦੇ ਦਫਤਰ ਮੈਨਰ ਹਾਊਸ ਵਿਚ ਕੀਤੀ ਗਈ। ਜਿਸ ਦੀ ਪ੍ਰਧਾਨਗੀ ਭਾਰਤ ਤੋਂ ਆਏ ਪਬਲਿਸ਼ਰ ਐਸ਼ ਬਲਵੰਤ ਨੇ ਕੀਤੀ। ਲਿੰਗੁਸਟਕ ਮਾਈਨੋਰਟੀਜ਼ ਕਮਿਸ਼ਨ ਦੇ ਮੈਂਬਰ ਜਾਵੀਆ ਕੂਲਾ, ਰਾਈਟਰਜ਼ ਗਿਲਡ ਬਰਤਾਨੀਆਂ ਦੇ ਮਿਸਟਰ ਬਿਲ ਐਸ਼ ਤੇ ਸਾਊਥ ਏਸ਼ੀਅਨ ਲਿਟਰੇਚਰ ਸੁਸਾਇਟੀ ਦੀ ਨੁਮਾਇੰਦਾ ਰੰਜਨਾ ਐਸ਼ ਇਸ ਗੋਸ਼ਟੀ ਦੇ ਮੁਖ ਮਹਿਮਾਨ ਸਨ। ਸਭਾ ਦੇ ਸਕੱਤਰ ਕੇ ਸੀ ਮੋਹਨ ਹੋਰਾਂ ਮਹਿਮਾਨਾਂ ਦੀ ਸਾਹਿਤਕ ਪ੍ਰਾਪਤੀਆਂ ਬਾਰੇ ਜਾਣਕਾਰੀ ਦਿਤੀ। ਮਹਿਮਾਨਾਂ ਨੇ ਅਨੁਵਾਦ ਸਬੰਧੀ ਮਸਲਿਆਂ ਬਾਰੇ ਸਭਾ ਨੂੰ ਕਈ ਸਾਰਥਕ ਸਲਾਹਾਂ ਦਿਤੀਆਂ ਅਤੇ ਇਹਨਾਂ 'ਤੇ ਅਮਲ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ, ਜਾਵੀਆ ਕੂਲਾ, ਜੋ ਫਰਾਂਸੀਸੀ ਲਿੰਗੁਸਟ ਹਨ, ਨੇ ਅਲਜੇਰੀਅਨ ਅਤੇ ਟਰਕਿਸ਼ ਲੇਖਕਾਂ ਦਾ ਹਵਾਲਾ ਦਿੰਦਿਆਂ ਦਸਿਆ ਕਿ ਫਰਾਂਸ ਵਿਚ ਇਹ

(... ਬਾਕੀ ਸਫ਼ਾ 10)

# ਦਰਪਣ

● ਪੇਪਰ 'ਵਤਨੋਂ ਦੂਰ' ਮਿਲ ਜਾਂਦਾ ਹੈ। ਪੜ੍ਹਕੇ ਮਨ ਨੂੰ ਤਸੱਲੀ ਜਿਹੀ ਹੋ ਜਾਂਦੀ ਹੈ। ਵਤਨੋਂ ਦੂਰ ਬੈਠੇ ਵੀ ਜੇ ਆਪਣੀ ਮਾਂ ਧਰਤੀ ਅਤੇ ਉੱਥੋਂ ਦੇ ਪੂੰਜੀਪਤੀਆਂ ਦੀ ਲੁੱਟ ਖੋਹ ਦੁਆਰਾ ਪੀੜਤ ਕਿਰਤੀ ਮਜ਼ਦੂਰਾਂ ਕਿਸਾਨਾਂ ਦੇ ਸੰਘਰਸ਼ ਨਾਲ ਕਦਮ ਨਾਲ ਕਦਮ ਮਿਲਾਕੇ (ਆਪਣੀਆਂ ਲਿਖਤਾਂ ਅਤੇ ਹੋਰ ਸਰਗਰਮੀਆਂ ਰਾਹੀਂ - ਜਿਵੇਂ ਹਿੰਦੂ-ਸਿੱਖ ਭਾਈਚਾਰੇ ਦੀ ਏਕਤਾ ਲਈ ਕੋਸ਼ਿਸ਼ਾਂ) ਹਿੰਦੁਸਤਾਨ ਦੀ ਸਰਮਾਏਦਾਰੀ ਦੇ ਖਿਲਾਫ਼ ਇਸ ਗ਼ਲਤ ਨਿਜ਼ਾਮ ਨੂੰ ਵਗਾਹ ਮਾਰਨ ਲਈ ਤੱਤਪਰ ਹਨ, ਜ਼ਰੂਰ ਇੱਕ ਨਾ ਇੱਕ ਦਿਨ ਇਨ੍ਹਾਂ ਦਾ ਨਾਂ ਵੀ ਬਾਕੀ ਇਤਿਹਾਸ ਨਾਲ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ।

- ਸੁੱਚਾ ਸਿੰਘ ਨਰ / 4-9-84
(WEST GERMANY)

● ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਸ: ਗੁਰਸ਼ਰਨ ਸਿੰਘ ਦੀ ਪਿਛਲੀ ਕੈਨੇਡਾ-ਫੇਰੀ (1983) ਦੇ ਫਲ ਸਰੂਪ ਜਿੱਥੇ ਸਮੁੱਚੇ ਕੈਨੇਡਾ ਵਿਚਲੇ ਸਾਰੇ ਪੰਜਾਬੀਆਂ ਨੂੰ ਪਹਿਲੀ ਵੇਰ ਉਸਾਰੂ ਨਾਟਕ ਵੇਖਣ ਦਾ ਮੌਕਾ ਮਿਲਿਆ ਉੱਥੇ ਨਾਲ ਹੀ ਕੈਨੇਡਾ ਵਿਚਲੇ ਉਸਾਰੂ ਨਾਟਕ ਮੰਚ ਨੂੰ ਵੀ ਇੱਕ ਜ਼ਬਰਦਸਤ ਹਲੂਣਾ ਮਿਲਿਆ। ਸ: ਗੁਰਸ਼ਰਨ ਸਿੰਘ ਦੇ ਜਾਣ ਤੋਂ ਬਾਅਦ ਬਹੁਤ ਸਾਰੀਆਂ ਜਨਤਕ ਜਥੇਬੰਦੀਆਂ ਵੱਲੋਂ ਅਗਾਂਹਵਧੂ ਨਾਟਕ ਬੜੀ ਕਾਮਯਾਬੀ ਨਾਲ ਤਿਆਰ ਕੀਤੇ ਅਤੇ ਲੋਕਾਂ ਸਾਹਮਣੇ ਖੇਡੇ ਗਏ ਬਾਵਜੂਦ ਇਸਦੇ ਕਿ ਕੈਨੇਡਾ ਦੀ ਤੇਜ਼ ਅਤੇ ਮਸ਼ੀਨੀ (ਸਮੇਂ ਦੀ ਪਾਬੰਦ) ਜ਼ਿੰਦਗੀ ਵਿੱਚੋਂ ਰੀਹਰਸਲਾਂ ਲਈ ਸਮਾਂ ਕੱਢਣਾ ਹੀ ਇੱਕ ਬਹੁਤ ਔਖਿਆਈ ਵਾਲਾ ਕੰਮ ਹੈ। ਉਦਾਹਰਣ ਵਜੋਂ:

1. "ਵੈਨਕੂਵਰ ਸੱਥ" ਵੱਲੋਂ 'ਕੁਰਸੀ, ਮੋਰਚਾ, ਹਵਾ ਵਿੱਚ ਲਟਕਦੇ ਲੋਕ' ਵੈਨਕੂਵਰ ਅਤੇ ਵੈਨਕੂਵਰ ਤੋਂ ਬਾਹਰ ਵੀ ਕਈ ਥਾਵਾਂ ਤੇ ਖੇਡਿਆ ਗਿਆ। (1984)
2. "ਵਤਨੋਂ ਦੂਰ" ਦੇ ਸਹਿਯੋਗ ਨਾਲ ਗਰੈਂਡ ਪਰੇਰੀ (ਅਲਬਰਟਾ) ਦੇ ਕਲਾਕਾਰਾਂ ਵੱਲੋਂ 'ਇਨਕਲਾਬ ਜ਼ਿੰਦਾਬਾਦ' ਨਾਟਕ 'ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਯਾਦਗਾਰੀ ਦਿਵਸ' ਮਾਰਚ 1984 ਸਮੇਂ ਖੇਡਿਆ ਗਿਆ।
3. 1984 ਵਿੱਚ ਹੀ "ਇਪਟਾ" ਵੱਲੋਂ 'ਸ਼ਹੀਦ ਦੀ ਵਾਪਸੀ' ਅਤੇ ਸਾਧੂ ਦਾ ਲਿਖਿਆ 'ਜਗੀਰੂ ਲੰਬੜ' ਵੈਨਕੂਵਰ ਵਿੱਚ ਖੇਡੇ ਗਏ।
4. ਹੁਣੇ ਹੁਣੇ 23 ਮਾਰਚ 1985 ਨੂੰ ਕੈਲਗਰੀ ਵਿੱਚ ਨਵੀਂ ਉਸਰੀ ਜਥੇਬੰਦੀ "ਲੋਕ ਸੱਭਿਆਚਾਰਕ ਮੰਚ" ਵੱਲੋਂ 'ਇਨਕਲਾਬ ਜ਼ਿੰਦਾਬਾਦ' ਬਹੁਤ ਵਧੀਆ ਢੰਗ ਨਾਲ 500 ਲੋਕਾਂ ਦੇ ਇਕੱਠ ਸਾਹਮਣੇ ਖੇਡਿਆ ਗਿਆ ਜਿਸ ਵਿੱਚ ਅੱਜ ਦੇ ਪੰਜਾਬ ਦੀਆਂ ਹਾਲਤਾਂ ਦੇ ਸੰਦਰਭ ਵਿੱਚ ਲੋਕਾਂ ਨੂੰ ਫਿਰਕਾਪ੍ਰਸਤੀ ਦੇ ਖਿਲਾਫ਼ ਸੁਨੇਹਾ ਦੇਣ ਦੀ ਕੋਸ਼ਿਸ਼ ਵੀ ਕੀਤੀ ਗਈ। ਇਸੇ ਹੀ ਦਿਨ 'ਜਗੀਰੂ ਲੰਬੜ' ਵੀ ਮੁੜ ਖੇਡਿਆ ਗਿਆ।
5. ਛੇ ਅਪਰੈਲ 1985 ਨੂੰ "ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈੱਗ" ਵੱਲੋਂ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦਾ ਸ਼ਹੀਦੀ ਦਿਨ ਮਨਾਉਣ ਲਈ ਕਰਵਾਏ ਗਏ ਸੱਭਿਆਚਾਰਕ ਪ੍ਰੋਗਰਾਮ ਵਿੱਚ "ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ" ਵੱਲੋਂ ਤਿਆਰ ਕੀਤਾ ਗਿਆ ਨਾਟਕ 'ਬਾਬਾ ਬੋਲਦਾ ਹੈ' ਪੂਰੀ ਕਾਮਯਾਬੀ ਨਾਲ ਖੇਡਿਆ ਗਿਆ।

ਸਲਾਹੁਣਯੋਗ ਗੱਲ ਇਹ ਹੈ ਕਿ ਇਹਨਾਂ ਨਾਟਕਾਂ ਨੂੰ ਆਮ ਸਾਧਾਰਣ ਪੰਜਾਬੀਆਂ ਨੇ ਬਹੁਤ ਹੀ ਪਸੰਦ ਕੀਤਾ ਤੇ ਦਿੱਤੇ ਜਾਂਦੇ ਸੁਨੇਹੇ ਨੂੰ ਵੀ ਕਬੂਲ ਕੀਤਾ। ਨਾਲ ਹੀ ਹੋਰ ਵੀ ਵਧੀਆ ਗੱਲ ਇਹ ਹੈ ਕਿ ਇਨ੍ਹਾਂ ਸਾਰੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਗਾਏ ਗੀਤਾਂ/ਕਵਿਤਾਵਾਂ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ, ਬਾਬੂ ਰੱਜਬ ਅਲੀ, ਸੰਤ ਰਾਮ ਉਦਾਸੀ, ਪਾਸ਼, ਜੈਮਲ ਪੱਡਾ, ਸੁਖਪਾਲ ਅਤੇ ਕੈਨੇਡਾ ਜਾਂ ਹਿੰਦੁਸਤਾਨ ਦੇ ਹੋਰਨਾਂ ਉਸਾਰੂ ਲਿਖਾਰੀਆਂ ਦੇ ਬੋਲ ਹੀ ਭਾਰੂ ਸਨ।

ਇਹ ਕੈਨੇਡਾ ਦੀ ਪੰਜਾਬੀ ਕਮਿਊਨਿਟੀ ਦੇ ਸੱਭਿਆਚਾਰਕ ਕਾਮਿਆਂ ਵਿੱਚ ਇੱਕ ਉਸਾਰੂ ਰੀਤ ਜਾਂ ਰੁਝਾਨ ਹੈ ਜੋ ਕਿ ਬੇਹੱਦ ਸਲਾਹੁਣਯੋਗ ਹੈ। ਇਸੇ ਤਰ੍ਹਾਂ ਦੇ ਇੱਕ ਸੱਭਿਆਚਾਰਕ ਪ੍ਰੋਗਰਾਮ ਦੀ ਰਿਪੋਰਟ ਵੀ ਵੰਨਗੀ ਵਜੋਂ ਭੇਜ ਰਿਹਾ ਹਾਂ। ਇਸ ਉਸਾਰੂ ਰੁਝਾਨ ਲਈ ਜਿੱਥੇ ਇੱਥੋਂ ਦੇ ਸੱਭਿਆਚਾਰਕ ਕਾਮੇ ਵਧਾਈ ਦੇ ਹੱਕਦਾਰ ਹਨ ਉੱਥੇ ਇਸਦਾ ਸਿਹਰਾ ਸ: ਗੁਰਸ਼ਰਨ ਸਿੰਘ ਦੀ ਕੈਨੇਡਾ-ਫੇਰੀ ਸਿਰ ਵੀ ਬੱਝਦਾ ਹੈ। ਆਸ ਹੈ ਕਿ ਲੋਕ-ਪਸੰਦੀਦਗੀ ਅਤੇ ਹੌਸਲਾ-ਅਫ਼ਜ਼ਾਈ ਕਰਕੇ ਭਵਿੱਖ ਵਿੱਚ, ਇਹ ਰੁਝਾਨ ਨਾ ਸਿਰਫ਼ ਦਿਨੋ ਦਿਨ ਵਧਿਆ ਰਹੇਗਾ, ਸਗੋਂ ਹੋਰ ਵੀ ਪ੍ਰਫੁੱਲਤ ਹੋਵੇਗਾ।

- ਹਰਕੰਵਲਜੀਤ ਸਿੰਘ / ਅਪਰੈਲ 1985
(CALGARY, ALBERTA, CANADA)

• ਝੱਖੜ ਝੁਲਦੇ ਹਨ ਤੇ ਥੰਮ੍ਹ ਜਾਂਦੇ ਹਨ। ਉਪਰੀਆਂ ਜੜ੍ਹਾਂ ਵਾਲੇ ਵੱਡੇ ਵੱਡੇ ਦਰੱਖਤ ਰੁੜ੍ਹ ਜਾਂਦੇ ਹਨ ਝੱਖੜ ਵਿੱਚ; ਤੇ ਡੂੰਘੀਆਂ ਮਜ਼ਬੂਤ ਜੜ੍ਹਾਂ ਵਾਲੇ ਹੀ ਖੜ੍ਹੇ ਰਹਿ ਸਕਦੇ ਹਨ। ਪੰਜਾਬ ਸਮੱਸਿਆ ਦੇ ਨਾਲ ਸੰਬੰਧਤ ਜੋ ਫ਼ਿਰਕਾਪ੍ਰਸਤੀ ਦਾ ਲੋਕ ਵਿਰੋਧੀ ਝੱਖੜ ਪਿਛਲੇ ਲੰਮੇ ਸਮੇਂ ਤੋਂ ਝੁੱਲ ਰਿਹਾ ਹੈ ਉਸ ਝੱਖੜ ਸੰਗ ਕਈ ਰਾਣੀ ਖਾਂ ਵਹਿੰਦੇ ਵੇਖੇ ਹਨ ਪਰ ਇਹ ਨੋਟ ਕਰਕੇ ਖ਼ੁਸ਼ੀ ਹੁੰਦੀ ਹੈ ਕਿ "ਵਤਨੋਂ ਦੂਰ" ਨੇ ਆਪਣੀਆਂ "ਜੜ੍ਹਾਂ" ਨਹੀਂ ਛੱਡੀਆਂ ਤੇ ਆਪਣੇ ਪੈਰੀਂ ਖੜ੍ਹਾ ਇਸ ਝੱਖੜ ਸੰਗ ਤੇ ਇਸ ਝੱਖੜ ਵਿੱਚ ਰੁੜ੍ਹ ਜਾਣਿਆਂ ਨਾਲ ਤਕਰਾਰ ਕਰਦਾ ਰਿਹਾ ਹੈ। ਇਸ ਹਕੀਕਤ ਦੇ ਸਾਹਮਣੇ ਖੜ੍ਹ ਕੇ "ਵਤਨੋਂ ਦੂਰ" ਲਈ ਕੰਮ ਕਰਨ ਵਾਲੇ ਸਾਰੇ ਸਾਥੀਆਂ ਨਾਲ ਬੜਾ ਤੇਹ ਜਿਹਾ ਆਉਂਦਾ ਹੈ।

ਜੋ ਕਵਿਤਾ ਭੇਜ ਰਿਹਾ ਹਾਂ ਉਸ ਬਾਰੇ ਇੱਕ ਸਪੱਸ਼ਟੀਕਰਨ ਦੇਣਾ ਚਾਹੁੰਦਾ ਹਾਂ। ਕਵਿਤਾ ਵਿੱਚ ਜਿੰਨ੍ਹਾਂ ਵਿਅਕਤੀਆਂ ਦੇ ਨਾਮ ਲਏ ਹਨ ਇਸਦਾ ਮਤਲਬ ਇਹ ਨਹੀਂ ਕਿ ਮੈਂ ਪੰਜਾਬ ਦੀ ਇਨਕਲਾਬੀ ਲਹਿਰ ਵਿੱਚ ਕੰਮ ਕਰਨ ਵਾਲਿਆਂ ਦੀ ਲਿਸਟ (ਜਾਂ ਮੈਰਿਟ ਲਿਸਟ) ਪੇਸ਼ ਕਰ ਰਿਹਾ ਹਾਂ। ਨਾ ਹੀ ਇਸਦਾ ਮਤਲਬ ਇਹ ਹੈ ਕਿ ਇਨ੍ਹਾਂ ਤੋਂ ਬਿਨਾਂ ਬਾਕੀ ਸਭ ਨਿਗੂਣੇ ਹਨ। ਸਗੋਂ ਇਹ ਨਾਮ ਕਵਿਤਾ ਵਿੱਚ ਇੱਕ ਬਿੰਬ ਦੇ ਤੌਰ ਤੇ ਹਨ। ਤੇ ਬਿੰਬ ਵਿਅਕਤੀ ਦੀ ਨਹੀਂ ਸਗੋਂ ਇੱਕ "ਸੋਚ" ਦੀ ਇੱਕ ਲਹਿਰ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਬਿੰਬ ਵਰਤਣ ਲੱਗਿਆਂ ਵਿਅਕਤੀ ਦੀ ਚੋਣ ਕਰਨ ਵਾਲਾ ਲੇਖਕ ਹੈ ਤੇ ਇਹ ਫ਼ੈਸਲਾ ਕਰਨਾ ਲੇਖਕ ਦਾ ਕੰਮ ਹੈ ਕਿ ਉਹ ਕਿਸ ਨਾਮ ਨੂੰ ਬਿੰਬ ਦੇ ਤੌਰ ਤੇ ਵਰਤਕੇ ਉਸ ਚੀਜ਼ ਨਾਲ ਇਨਸਾਫ਼ ਕਰ ਸਕਦਾ ਹੈ ਜਿਸ ਚੀਜ਼ ਦੀ ਪ੍ਰਤੀਨਿਧਤਾ ਬਿੰਬ ਨੇ ਕਰਨੀ ਹੈ। ਇਹ ਚੋਣ ਮੇਰੀ ਆਪਣੀ ਹੈ ਤੇ ਮੇਰੇ ਅਨੁਭਵ ਤੇ ਆਧਾਰਤ ਹੈ ਤੇ ਅਨੁਭਵ ਆਪਣੀ ਵਕਾਲਤ ਖ਼ੁਦ ਕਰਦਾ ਹੈ। ਪਰ ਜਦੋਂ ਮੈਂ ਆਪਣੇ ਅਨੁਭਵ, ਆਪਣੇ ਵਿਸ਼ਲੇਸ਼ਣ ਤੇ ਆਪਣੇ ਗਿਆਨ ਤੇ ਆਧਾਰਤ ਕਰਦੇਂ ਬਿੰਬ ਚੁਣ ਲਏ ਹਨ ਤਾਂ ਇਸਦਾ ਇਹ ਮਤਲਬ ਨਹੀਂ ਕਿ ਮੈਂ ਬਾਕੀਆਂ ਨਾਲ ਧੱਕਾ ਕਰ ਰਿਹਾ ਹਾਂ ਜਾਂ ਉਨ੍ਹਾਂ ਨੂੰ ਥੱਲੇ ਲਾ ਰਿਹਾ ਹਾਂ।

ਮੇਰਾ ਖ਼ਿਆਲ ਹੈ ਕਿ ਜੋ ਮੈਂ ਕਹਿਣਾ ਚਾਹੁੰਦਾ ਹਾਂ ਉਪਰੋਕਤ ਲਾਈਨਾਂ ਉਹੀ ਕੁਝ ਬੋਲ ਰਹੀਆਂ ਹਨ।

ਇਨਕਲਾਬੀ ਸ਼ੁਭ ਇੱਛਾਵਾਂ ਸਹਿਤ –

– ਸੁਖਪਾਲ / 5 ਮਈ 1985

(S.F.U. BURNABY, B.C., CANADA)




RED FORT INSURANCE SERVICES

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

**HARJIT JUDGE**

BUS. 463-9523 RES. 462-2371

**Let me look after all your Insurance Needs:**

**PERSONAL:** Fire, Auto, Motor, Tenant Package

**LIFE INSURANCE:** Mortgage, Disability and Accident & Sickness.

**COMMERCIAL:** Bonding, Liability, Fires, Crime, Apartment Buildings, Retail Stores, Offices, Machinery, Boilers.



**Millwoods Hair Stylists (Unisex)**

SPECIALIZED IN:

i) Haircut ii) Blow Dry iii) Colour
iv) Perms v) Henna vi) French Braids

PHONE:

**DARSHAN DHILLON**

FOR APPOINTMENT (463-5012)

ਜਾਣ ਪਹਿਚਾਣ —

# '... ਤੇ ਦੇਵ ਪੁਰਸ਼ ਹਾਰ ਗਏ'

— ਵੈਨਕੂਵਰ ਸੱਥ (ਸਾਧੂ, ਸੁਖਵੰਤ ਹੁੰਦਲ)

ਸ੍ਰੀ ਲੰਕਾ ਦੇ ਮਸ਼ਹੂਰ ਮਨੋਵਿਗਿਆਨੀ ਡਾਕਟਰ ਇਬਰਾਹੀਮ ਟੀ. ਕਾਵੂਰ ਦੀ ਪੁਸਤਕ ।(Begon Godmen) ਦਾ ਪੰਜਾਬੀ ਅਨੁਵਾਦ ... ਤੇ ਦੇਵ ਪੁਰਸ਼ ਹਾਰ ਗਏ — ਹੁਣੇ ਹੁਣੇ ਛਪਿਆ ਹੈ । ਪੰਜਾਬੀ ਵਿਚ ਇਸ ਨੂੰ ਮਾਸਟਰ ਮੇਘਰਾਜ ਮਿੱਤਰ ਅਤੇ ਸੁਰਜੀਤ ਸਿੰਘ ਤਲਵਾਰ ਨੇ ਰੈਸ਼ਨਲਿਸਟ ਸੁਸਾਇਟੀ ਪੰਜਾਬ ਵੱਲੋਂ ਛਾਪਿਆ ਹੈ । ਲੋਕਾਂ 'ਚ ਸਦੀਆਂ ਤੋਂ ਪਰਚਲਿਤ ਵਹਿਮਾਂ — ਭਰਮਾਂ, ਜਾਦੂ—ਟੂਣਿਆਂ ਅਤੇ ਕਰਾਮਾਤਾਂ ਆਦਿ ਨੂੰ ਬੇਨਕਾਬ ਕਰਦੀ ਪੰਜਾਬੀ ਵਿਚ ਆਪਣੀ ਕਿਸਮ ਦੀ ਇਹ ਪਹਿਲੀ ਕਿਤਾਬ ਹੈ । ਇਸ ਦੀ ਪਹਿਲੀ ਐਡੀਸ਼ਨ ਛਪਣ ਉਪਰੰਤ ਜਲਦੀ ਹੀ ਮਾਰਕਿਟ ਵਿਚੋਂ ਖਤਮ ਹੋ ਗਈ ਸੀ ਤੇ ਕੁਝ ਮਹੀਨਿਆਂ ਬਾਅਦ ਹੀ ਦੁਬਾਰਾ ਛਾਪਣੀ ਪਈ। ਕਿਤਾਬ ਪੜ੍ਹਨ ਲਈ ਬਹੁਤ ਹੀ ਦਿਲਚਸਪ ਹੈ । ਇਕ ਵਾਰੀ ਪੜਨੀ ਸ਼ੁਰੂ ਕਰ ਲਵੋ, ਛੱਡਣੀ ਮੁਸ਼ਕਲ ਹੋ ਜਾਂਦੀ ਹੈ। ਕਿਤਾਬ ਪੜ੍ਹਨ ਉਪਰੰਤ ਜਿਹੜੀ ਗੱਲ ਇਕ ਪੰਜਾਬੀ ਪਾਠਕ ਦੇ ਮਨ ਵਿਚ ਉਭਰਦੀ ਹੈ ਉਹ ਹੈ ਕਿ ਇਹੋ ਜਿਹੀਆਂ ਕਿਰਤਾਂ ਪੰਜਾਬੀ ਵਿਚ ਪਹਿਲਾਂ ਕਿਉਂ ਨਹੀਂ ਪ੍ਰਕਾਸ਼ਤ ਹੋਈਆਂ ।

ਇਸ ਕਿਤਾਬ ਦਾ ਵਿਸ਼ਾ ਹੈ ਕਿ ਵਹਿਮ-ਭਰਮ, ਭੂਤ-ਪ੍ਰੇਤ, ਜੋਤਸ਼, ਕਰਾਮਾਤ ਆਦਿ ਅਨੇਕਾਂ ਬੀਮਾਰੀਆਂ ਜਿਹੜੀ ਮਨੁੱਖੀ ਮਨ ਨੂੰ ਸਦੀਆਂ ਤੋਂ ਜਕੜ ਰੱਖਿਆ ਹੈ ਅਸਲ ਵਿਚ ਕੀ ਹਨ। ਕੀ ਇਨ੍ਹਾਂ ਦੀ ਕੋਈ ਹੋਂਦ ਹੈ? ਜਿਹੜੇ ਸੰਤ, ਜੋਤਸ਼ੀ, ਕਰਾਮਾਤੀ ਵੱਡੀਆਂ ਵੱਡੀਆਂ ਸ਼ਕਤੀਆ ਰੱਖਣ ਦੇ ਦਾਅਵੇ ਕਰਦੇ ਹਨ ਉਨ੍ਹਾਂ ਦੀ ਅਸਲੀਅਤ ਕੀ ਹੈ। ਕਿਤਾਬ ਵਿਚ ਡਾ: ਕਾਵੂਰ ਨੇ ਅਨੇਕਾਂ ਇਹੋ ਜਿਹੇ ਦੇਵ ਪੁਰਸ਼ਾਂ ਦਾ ਜਿਕਰ ਕੀਤਾ ਹੈ ਜਿਨ੍ਹਾਂ ਦੀ ਅਸਲੀਅਤ ਨੂੰ ਉਨਾਂ ਲੋਕਾਂ ਵਿਚ ਨੰਗਿਆ ਕੀਤਾ ਅਤੇ ਲੋਕਾਂ ਦੇ ਮਨਾਂ ਤੋਂ ਡਰ ਹਟਾਇਆ। ਕਿਤਾਬ ਵਿਚ ਧਰਮਾਂ ਨਾਲ ਸਬੰਧਤ ਅਨੇਕਾਂ ਅੰਧ ਵਿਸ਼ਵਾਸ਼ਾਂ ਅਤੇ ਗਲਤ ਰੁਚੀਆਂ ਨੂੰ ਨੰਗਾ ਕੀਤਾ ਗਿਆ ਹੈ । ਇਸਾਈ ਧਰਮ ਦੀ ਬਾਈਬਲ ਨੂੰ ਡਾ: ਕਾਵੂਰ ਨੇ "ਇਕ ਖਤਰਨਾਕ ਇਖਲਾਕੀ ਮਾਰਗ ਦਰਸ਼ਕ" ਕਿਹਾ ਹੈ ਅਤੇ ਅਨੇਕਾਂ ਉਦਾਹਰਣਾਂ ਨਾਲ ਇਸ ਨੂੰ ਸਾਬਤ ਕੀਤਾ ਹੈ। ਉਹਨੇ ਪ੍ਰਮਾਤਮਾ ਬਾਰੇ, ਮੌਤ ਬਾਅਦ ਜਿੰਦਗੀ ਬਾਰੇ, ਜੋਤਸ਼ ਵਿਗਿਆਨ ਬਾਰੇ ਅਤੇ ਹੋਰ ਇਹੋ ਜਿਹੇ ਅਨੇਕਾਂ ਵਿਸ਼ਿਆਂ ਬਾਰੇ ਵਿਸਥਾਰ ਨਾਲ ਵਿਗਿਆਨਕ ਨਜ਼ਰੀਏ ਤੋਂ ਵਿਚਾਰ ਪ੍ਰਗਟਾਏ ਹਨ ।

ਡਾਕਟਰ ਕਾਵੂਰ ਨੇ ਲੰਕਾ ਵਿਚ ਇਕ ਰੈਸ਼ਨਲਿਸਟ ਸੁਸਾਇਟੀ ਕਾਇਮ ਕੀਤੀ ਹੋਈ ਸੀ ਜਿਹੜੀ ਲੋਕਾਂ ਵਿਚੋਂ ਵਹਿਮਾਂ ਭਰਮਾਂ ਦਾ ਸਫਾਇਆ ਕਰਨ ਲਹੀ ਜਦੋ-ਜਹਿਦ ਕਰਦੀ ਸੀ । ਡਾਕਟਰ ਕਾਵੂਰ ਨੇ 1963 ਵਿਚ ਸਾਰੀ ਦੁਨੀਆਂ ਦੇ ਕਰਾਮਾਤੀਆਂ, ਜੋਤਸ਼ੀਆਂ, ਤੇ ਸਾਧਾਂ ਸੰਤਾਂ ਨੂੰ ਇਕ ਚਣੌਤੀ ਦਿਤੀ ਕਿ ਉਹ ਕਿਸੇ ਵੀ ਉਸ ਵਿਅਕਤੀ ਨੂੰ ਇਕ ਲੱਖ ਰੁਪਏ ਦਾ ਇਨਾਮ ਦੇਣਗੇ ਜਿਹੜਾ ਉਨ੍ਹਾਂ ਸਾਹਮਣੇ ਬਿਨਾਂ ਕਿਸੇ ਧੋਖੇ ਦੇ ਕੋਈ ਚਮਤਕਾਰੀ ਜਾਂ ਅਲੌਕਿਕ ਦਾ ਵਿਖਾਵਾ ਕਰ ਸਕਦਾ ਹੋਵੇ। ਡਾ. ਕਾਵੂਰ ਨੇ ਕਿਹਾ ਕਿ ਇਹ ਚਣੌਤੀ ਉਹਦੀ ਮੌਤ ਤੱਕ ਜਾਂ ਜਦੋਂ ਕੋਈ ਉਹਦੇ ਕੋਲੋਂ ਇਨਾਮ ਜਿੱਤ ਲਵੇ ਉਦੋਂ ਤੱਕ ਖੁੱਲੀ ਰਹੇਗੀ। ਉਨ੍ਹਾਂ ਦੀ ਮੌਤ ਤੱਕ, ਜੋ ਅਜੇ ਕੁਝ ਸਮਾਂ ਪਹਿਲਾਂ ਹੀ ਹੋਈ ਹੈ, ਕਿਸੇ ਇਕ ਵਿਅਕਤੀ ਨੇ ਵੀ ਉਨ੍ਹਾਂ ਕੋਲੋਂ ਇਨਾਮ ਨਾ ਜਿਤਿਆ । ਬਹੁਤੇ ਕਰਾਮਾਤੀ ਪਹਿਲਾਂ ਕਹਿ ਕੇ ਬਾਅਦ ਵਿਚ ਸ਼ਕਤੀ ਦਾ ਵਿਖਾਵਾ ਕਰਨ ਤੋਂ ਕੰਨੀ ਕਤਰਾ ਜਾਂਦੇ ਰਹੇ। ਸਿਰਫ ਭਾਰਤ ਦੇ ਇਕ ਵਿਅਕਤੀ ਨੇ ਇਕ ਹਜ਼ਾਰ ਰੁਪਏ ਦੀ ਸ਼ਰਤ ਲਾਈ ਅਤੇ ਹਾਰ ਗਿਆ ।

ਇਸ ਕਿਤਾਬ ਵਿਚ ਅਨੇਕਾਂ ਉਹ ਕਹਾਣੀਆਂ ਦਰਜ਼ ਹਨ ਜਿੱਥੇ ਡਾ: ਕਾਵੂਰ ਨੇ ਜਾ ਕੇ ਲੋਕਾਂ ਚੋਂ ਭੂਤਾਂ ਚੁੜੇਲਾਂ ਦੇ ਭੁਲੇਖੇ ਦੂਰ ਕੀਤੇ ਤੇ ਅਨੇਕਾਂ ਭੂਤ ਕੱਢਣ ਵਾਲਿਆਂ ਦੇ ਖਾਣ ਦੇ ਢਕੌਂਜ ਨੂੰ ਨੰਗਿਆਂ ਕੀਤਾ ।

ਵਹਿਮਾਂ, ਭਰਮਾਂ, ਭੂਤਾਂ ਪ੍ਰੇਤਾਂ, ਜੋਤਸ਼ੀਆਂ, ਰੱਬ ਨੂੰ ਪਹੁੰਚੇ ਹੋਏ ਆਦਮੀਆਂ ਆਦਿ ਦਾ ਅਸਰ ਸਾਡੇ ਪੰਜਾਬੀਆਂ ਉਤੇ ਵੀ ਕਿਸੇ ਨਾਲੋਂ ਘੱਟ ਨਹੀਂ । ਸਾਡੇ ਵਿਚੋਂ ਵੀ ਬਹੁਤ ਲੋਕ ਕਈ ਵਹਿਮਾਂ ਦਾ ਸ਼ਿਕਾਰ ਹਨ ਜਿਵੇਂ:— ਸ਼ੁੱਭ ਸਮਾਂ, ਸ਼ਗਨ, ਬੁਰੀ ਅੱਖ, ਬੁਰੀ ਜਬਾਨ, ਟੂਣੇ, ਜਿਉਤਸ਼, ਹੱਥ ਰੇਖਾ, ਪ੍ਰਾਰਥਨਾ ਦੀਆਂ ਚਮਤਕਾਰੀ ਸ਼ਕਤੀਆਂ, ਪੂਜਾ, ਮੰਤਰ, ਧਾਰਮਿਕ ਯਾਤਰਾਵਾਂ, ਦੇਵਤਿਆਂ ਨੂੰ ਭੇਟਾ, ਪਵਿੱਤਰ ਰਾਖ, ਪਵਿਤਰ ਆਦਮੀ, ਪਵਿਤਰ ਸਥਾਨ, ਪਵਿਤਰ ਵਸਤੂਆਂ ਆਦਿ ਅਨੇਕਾਂ ਹੋਰ ਇਹੋ ਜਿਹੇ ਵਹਿਮ ਹਨ ਜਿਹੜੇ ਸਾਡੀ ਨਿੱਤ ਦੀ ਜਿੰਦਗੀ ਦਾ ਹਿਸਾ ਹਨ । ਡਾ: ਕਾਵੂਰ ਨੇ ਇਨ੍ਹਾਂ ਸਾਰੇ ਵਹਿਮਾਂ ਨੂੰ ਇਸ ਕਿਤਾਬ ਵਿਚ ਖੋਲਕੇ ਦੱਸਿਆ ਹੈ। ਉਹਦਾ ਵਿਚਾਰ ਸੀ ਕਿ ਇਹਦੇ ਪਿੱਛੇ ਕੁਝ ਸ਼ੈਤਾਨ ਦਿਮਾਗਾਂ ਦੀ ਦੂਜਿਆਂ ਨੂੰ ਚਕਮਾ ਦੇ ਕੇ ਧਨੀ ਹੋਣ ਦੀ ਲਾਲਸਾ ਕੰਮ ਕਰਦੀ ਹੈ। ਇਸ ਕਿਤਾਬ ਦੀ ਭੂਮਿਕਾ ਵਿਚ ਉਹ ਲਿਖਦੇ ਹਨ:—

ਵਫਾਦਾਰ ਅਤੇ ਇਮਾਨਦਾਰ ਆਦਮੀ ਆਪਣੀ ਰੋਜ਼ੀ, ਵਫਾਦਾਰੀ ਤੇ ਇਮਾਨਦਾਰੀ ਦੇ ਕੰਮ ਵਿਚੋਂ ਕਮਾਉਂਦੇ ਹਨ । ਬੇਈਮਾਨ ਆਦਮੀ, ਮਿਹਨਤ ਕਰਨ ਵਾਲਿਆਂ ਨਾਲ ਧੋਖਾ ਕਰਕੇ ਆਪਣੀ ਰੋਜ਼ੀ ਕਮਾਉਂਦੇ ਹਨ। ਇਨ੍ਹਾਂ ਦੀ ਸੂਚੀ ਵਿਚ ਉਹ ਅਧਿਆਪਕ ਪ੍ਰਚਾਰਕ, ਪਾਦਰੀ, ਸੰਤ, ਮਹੰਤ, ਸਿੱਧ, ਗੁਰੂ, ਰਿਸ਼ੀ, ਸਵਾਮੀ, ਯੋਗੀ ਅਤੇ ਪਾਂਡੇ ਸ਼ਾਮਲ ਹਨ, ਜਿਹੜੇ ਚਮਤਕਾਰਾਂ, ਯੋਗਿਕ ਸ਼ਕਤੀਆਂ, ਕਾਲੇ ਇਲਮਾਂ, ਟੂਣਿਆਂ, ਪ੍ਰੇਤਾਂ, ਟੈਲੀਪੈਥੀ ਅਤੇ ਧਾਰਮਿਕ ਪਾਖੰਡਾਂ ਰਾਹੀਂ ਭੋਲੇ ਭਾਲੇ ਲੋਕਾਂ ਨੂੰ ਲੁੱਟਦੇ ਹਨ ।

ਅੱਜ ਕੱਲ੍ਹ ਭਾਰਤ ਵਿਚ ਇਕ ਹੋਰ ਕਿਸਮ ਦੇ ਪਾਖੰਡੀ ਪੈਦਾ ਹੋਏ ਹਨ, ਜਿਹੜੇ ਭਾਰਤੀ ਹਿੰਦੂ ਦੇਵਤਿਆਂ ਦਾ ਅਵਤਾਰ ਧਾਰ ਲੈਂਦੇ ਹਨ । ਇਸ ਦੇਸ਼ ਦੇ ਬੁੱਧੀਮਾਨ ਧੋਖੇਬਾਜ਼ਾਂ ਨੇ, ਘਟ ਮਿਹਨਤ ਨਾਲ ਵੱਧ ਧਨ ਇਕੱਠਾ ਕਰਨ ਦਾ ਢੰਗ ਲੱਭ ਲਿਆ ਹੈ । ਉਹ ਅਜਿਹੇ ਚੁਸਤ ਆਦਮੀ ਦੀ ਚੋਣ ਕਰਦੇ ਹਨ, ਜਿਹੜਾ ਹੱਥ ਦੀ ਸਫਾਈ ਦਾ ਮਾਹਿਰ ਹੋਵੇ ਅਤੇ ਉਸ ਨੂੰ ਅਵਤਾਰ ਬਣਾ ਦਿੰਦੇ ਹਨ । ਅਜਿਹੇ ਦੇਵ-ਪੁਰਸ਼ਾਂ ਦੇ ਚਮਤਕਾਰਾਂ ਅਤੇ ਗੈਬੀ ਸ਼ਕਤੀਆਂ ਬਾਰੇ ਬਹੁਤ ਸਾਰੀਆਂ ਪਰੀ-ਕਹਾਣੀਆਂ ਅਖਬਾਰਾਂ ਅਤੇ ਰਸਾਲਿਆਂ ਵਿਚ ਛਪਦੀਆਂ ਹਨ । ਜਦੋਂ ਅਜਿਹੇ ਦੇਵਤੇ ਦਾ ਸਾਂਗ ਲੋਕਾਂ ਵਿਚ ਪ੍ਰਗਟ ਹੁੰਦਾ ਹੈ ਤਾਂ ਉਸਦੇ ਏਜੰਟ ਉਸ ਨੂੰ ਫੱਲ ਭੇਟਾ ਕਰਦੇ ਹਨ ਅਤੇ ਡੰਡਾਉਤ ਕਰਦੇ ਹਨ । ਕਿਉਂਕਿ ਬਹੁਤ ਸਾਰੇ ਸ਼ਰਧਾਲੂਆਂ ਨੂੰ ਦੂਸਰਿਆਂ ਦੀ ਨਕਲ ਕਰਨ ਦੀ ਆਦਤ ਹੁੰਦੀ ਹੈ, ਇਸ ਲਈ ਹਜ਼ਾਰਾਂ ਹੀ ਦਰਸ਼ਕ, ਚਮਤਕਾਰ ਕਰਨ ਵਾਲੇ ਢੌਂਗੀ ਸਾਹਮਣੇ ਡੰਡਾਉਤ ਕਰਨ ਲੱਗ ਜਾਂਦੇ ਹਨ । ਇਸ ਨਾਲ ਲੱਖਾਂ ਰੁਪਏ ਇਕੱਠੇ ਹੋ ਜਾਂਦੇ ਹਨ ਅਤੇ ਅਜਿਹੇ ਮਦਾਰੀ ਤੇ ਉਨ੍ਹਾਂ ਦੇ ਚੇਲੇ ਪੈਸੇ ਵੰਡ ਲੈਂਦੇ ਹਨ । ਅਫਸੋਸ ਦੀ ਗੱਲ ਇਹ ਹੈ ਕਿ ਇਨ੍ਹਾਂ ਫਰੇਬੀਆਂ ਵਿਚ ਇਸ ਦੇਸ਼ ਦੇ ਬਹੁਤ ਸਾਰੇ ਉੱਚ ਯੋਗਤਾ ਵਾਲੇ ਵਿਗਿਆਨਕ ਭੀ ਸ਼ਾਮਲ ਹਨ ।

ਭਾਵੇਂ ਇਨ੍ਹਾਂ ਪਾਖੰਡੀਆਂ ਦੇ ਕੰਮ ਮੁਜਰਮਾਂ, ਡਾਕੂਆਂ, ਠੱਗਾਂ, ਸਮਗਲਰਾਂ, ਬਲੈਕ-ਮਾਰਕੀਟੀਆਂ, ਜੇਬ-ਕਤਰਿਆਂ ਅਤੇ ਚੋਰਾਂ ਵਾਲੇ ਹੀ ਹਨ, ਫਿਰ ਵੀ ਸਰਕਾਰਾਂ ਇਨ੍ਹਾਂ ਤੇ ਮੁਕੱਦਮੇ ਚਲਾਉਣ ਤੋਂ ਬੇਵੱਸ ਹਨ, ਕਿਉਂਕਿ ਇਨ੍ਹਾਂ ਗੱਲਾਂ ਨੂੰ ਉਥੋਂ ਦੇ ਧਰਮਾਂ ਦੀ ਹਦਾਇਤ ਹਾਸਿਲ ਹੈ । ਜਮਹੂਰੀਅਤ ਵਿਚ, ਜਿਥੇ ਬਹੁਸੰਮਤੀ, ਧਰਮ ਦੇ ਅੰਨ੍ਹੇ ਸ਼ਰਧਾਲੂਆਂ ਦੀ ਹੋਵੇ । ਅਜਿਹੇ ਪਾਖੰਡੀ ਆਪਣੇ ਪਾਖੰਡ ਦੇ ਵਿਉਪਾਰ ਨੂੰ ਸਜ਼ਾ ਤੋਂ ਬਗੈਰ ਹੀ ਚਲਾ ਸਕਦੇ ਹਨ । ਜੇ ਇਨ੍ਹਾਂ ਪਾਖੰਡੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨੀ ਹੋਵੇ ਤਾਂ ਈਸਾ ਦਾ ਨੁਮਾਇੰਦਾ ਪੋਪ, ਅਜਿਹਾ ਪਹਿਲਾ ਆਦਮੀ ਹੋਵੇਗਾ, ਜਿਹੜਾ ਲੋਕਾਂ ਦੇ ਇਕੱਠਾਂ ਨੂੰ ਇਹ ਕਹਿ ਕੇ ਧੋਖਾ ਦਿੰਦਾ ਹੈ ਕਿ ਜਿਹੜੀ ਸ਼ਰਾਬ ਗਿਰਜੇ ਵਿਚ ਧਾਰਮਿਕ ਜਸ਼ਨ ਤੇ ਦਿਤੀ ਜਾਂਦੀ ਹੈ, ਉਹ ਈਸਾ ਮਸੀਹ ਦਾ ਖੂਨ ਹੁੰਦਾ ਹੈ। ਇਸ ਧੋਖੇ ਨੂੰ ਸਿੱਧ ਕਰਨ ਲਈ, ਇਸ ਉਤਸਵ ਤੇ ਦਿੱਤੀ ਸ਼ਰਾਬ ਦੀ ਰਸਾਇਣਕ ਪਰਖ ਕੀਤੀ ਜਾ ਸਕਦੀ ਹੈ ।

ਭੋਲੇ ਭਾਲੇ ਲੋਕਾਂ ਨੂੰ ਇਹ ਵਿਸ਼ਵਾਸ਼ ਦਿਵਾਉਣ ਦੀ ਲੋੜ ਹੈ ਕਿ ਇਨ੍ਹਾਂ ਪਾਖੰਡੀ ਦਖਾਵਿਆਂ ਵਿਚ ਭੋਰਾ ਭਰ ਵੀ ਸਚਾਈ ਨਹੀਂ ਹੁੰਦੀ। ਇਸੇ ਲਈ ਹੀ ਮੈਂ ਉਨ੍ਹਾਂ ਨੂੰ ਚੁਣੌਤੀ ਦੇ ਕੇ, ਉਨ੍ਹਾਂ ਦੀਆਂ ਸ਼ਕਤੀਆ ਦਾ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿਚ ਪ੍ਰਦਰਸ਼ਨ ਕਰਦਾ ਹਾਂ।

ਇਹ ਖੁਸ਼ੀ ਦੀ ਗੱਲ ਹੈ ਕਿ ਡਾਕਟਰ ਕਾਵੂਰ ਦੀ ਇਹ ਕਿਤਾਬ ਪੰਜਾਬੀ ਵਿਚ ਅਨੁਵਾਦ ਹੋ ਕੇ ਛਪੀ ਹੈ। ਪਰ ਇਸ ਤੋਂ ਵੀ ਵੱਧ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਦੇ ਕੁਝ ਸਿਆਣੇ ਲੋਕਾਂ ਨੇ ਡਾ: ਕਾਵੂਰ ਦੀ ਰੈਸ਼ਨਲਿਸਟ ਸੁਸਾਇਟੀ ਦੀ ਸ਼ਾਖਾ ਪੰਜਾਬ ਵਿਚ ਵੀ ਕਾਇਮ ਕੀਤਾ ਹੈ। ਇਸ ਕਿਤਾਬ ਦੇ ਅਨੁਵਾਦਕ ਮੇਘਰਾਜ ਮਿੱਤਰ (ਪ੍ਰਧਾਨ) ਤੇ ਸੁਰਜੀਤ ਸਿੰਘ ਤਲਵਾਰ ਇਸ ਦੇ ਮੋਢੀ ਹਨ। ਪੰਜਾਬ ਵਿਚੋਂ ਪਾਖੰਡੀਆਂ ਰਾਹੀਂ ਹੁੰਦੀ ਲੋਕਾਂ ਦੀ ਲੁੱਟ ਨੂੰ ਰੋਕਣ ਲਈ ਇਨ੍ਹਾਂ ਨੇ ਵੀ ਮੁਹਿਮ ਸ਼ੁਰੂ ਕਰ ਦਿਤੀ ਹੈ। ਇਨ੍ਹਾਂ ਨੇ ਆਪਣੀ ਸਮਰੱਥਾ ਮੁਤਾਬਕ ਡਾ: ਕਾਵੂਰ ਦੁਆਰਾ ਰੱਖੇ ਇਨਾਮ ਦੀ ਰਕਮ ਘਟਾ ਕੇ ਦਸ ਹਜ਼ਾਰ ਰੁਪਏ ਕਰ ਦਿਤੀ ਹੈ ਪਰ ਚਣੌਤੀ ਦੀਆਂ ਬਾਕੀ ਸਾਰੀਆਂ ਸ਼ਰਤਾਂ ਉਹੀ ਹਨ ਜੋ ਡਾਕਟਰ ਕਾਵੂਰ ਨੇ ਰੱਖੀਆਂ ਸਨ। ਚਣੌਤੀ ਇਸ ਪ੍ਰਕਾਰ ਹੈ:—

## ਚਣੌਤੀ

ਮੈਂ, ਇਬਰਾਹਮ ਕਾਵੂਰ, ਜੇ. ਪਾਪਾਨਕਾਂਡ ਲੇਨ, ਕੋਲੰਬੋ ਦਾ ਨਿਵਾਸੀ, ਇਹ ਘੋਸ਼ਣਾ ਕਰਦਾ ਹਾਂ ਕਿ ਮੈਂ ਸ੍ਰੀ ਲੰਕਾ ਦੇ ਇਕ ਲੱਖ ਰੁਪਏ ਦਾ ਇਨਾਮ ਦੁਨੀਆਂ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹਾਂ, ਜਿਹੜਾ ਅਜਿਹੀਆਂ ਹਾਲਤਾਂ ਵਿਚ, ਜਿਥੇ ਧੋਖਾ ਨਾ ਹੋਵੇ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਦਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼, ਮੇਰੀ ਮੌਤ-ਹੋਣ ਤੱਕ, ਜਾਂ ਇਸ ਤੋਂ ਪਹਿਲਾਂ ਇਨਾਮ ਜੇਤੂ ਦੇ ਮਿਲਣ ਤਕ ਖੁੱਲ੍ਹੀ ਹੋਵੇਗੀ।

ਦੇਵ-ਪੁਰਸ਼, ਸੰਤ, ਯੋਗੀ, ਸਿੱਧ, ਗੁਰੂ, ਸਵਾਮੀ ਅਤੇ ਹੋਰ ਦੂਸਰੇ, ਜਿਨ੍ਹਾਂ ਨੇ ਆਤਮਿਕ ਕਸਰਤਾਂ ਜਾਂ ਪ੍ਰਮਾਤਮਾ ਦੀ ਭਗਤੀ ਨਾਲ ਸ਼ਕਤੀ ਪ੍ਰਾਪਤ ਕੀਤੀ ਹੈ, ਇਸ ਇਨਾਮ ਨੂੰ ਹੇਠ ਲਿਖੇ ਚਮਤਕਾਰਾਂ ਵਿਚੋਂ ਕਿਸੇ ਇਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:—

1. ਜਿਹੜਾ ਸੀਲਬੰਦ ਕਰੰਸੀ-ਨੋਟ ਦਾ ਲੜੀ ਨੰਬਰ ਪੜ੍ਹ ਸਕਦਾ ਹੋਵੇ।
2. ਜਿਹੜਾ ਕਿਸੇ ਕਰੰਸੀ-ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ।
3. ਜਿਹੜਾ ਬਲਦੀ ਹੋਈ ਅੱਗ ਤੇ, ਆਪਣੇ ਦੇਵਤੇ ਦੀ ਸਹਾਇਤਾ ਨਾਲ, ਅੱਧੇ ਮਿੰਟ ਲਈ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ।
4. ਅਜਿਹੀ ਵਸਤੂ, ਜੋ ਮੈਂ ਮੰਗਾਂ, ਹਵਾ ਵਿਚੋਂ ਪੇਸ਼ ਕਰ ਸਕਦਾ ਹੋਵੇ।
5. ਮਨੋ-ਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ
6. ਟੈਲੀਪੈਥੀ ਰਾਹੀਂ, ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ।
7. ਪ੍ਰਾਰਥਨਾ ਰਾਹੀਂ, ਆਤਮਿਕ ਸ਼ਕਤੀ ਦੁਆਰਾ, ਗੰਗਾ-ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇਕ ਇੰਚ ਵਧਾ ਸਕੇ।
8. ਜਿਹੜਾ ਯੋਗਿਕ-ਸ਼ਕਤੀ ਨਾਲ ਹਵਾ ਵਿਚ ਉੱਡ ਸਕੇ।
9. ਯੋਗਿਕ-ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ।
10. ਪਾਣੀ ਉੱਤੇ ਪੈਦਲ ਤੁਰ ਸਕੇ।
11. ਆਪਣਾ ਸਰੀਰ ਇਕ ਥਾਂ ਛੱਡ ਕੇ, ਦੂਜੀ ਥਾਂ ਜਾ ਹਾਜ਼ਰ ਹੋਵੇ।
12. ਯੋਗਿਕ ਸ਼ਕਤੀ ਦੁਆਰਾ 30 ਮਿੰਟ ਲਈ ਸਾਹ-ਕਿਰਿਆ ਰੋਕ ਦੇਵੇ।
13. ਰਚਨਾਤਮਕ ਬੁੱਧੀ ਦਾ ਵਿਕਾਸ ਕਰੇ। ਭਗਤੀ ਜਾਂ ਅਗਿਆਤ ਸ਼ਕਤੀ ਰਾਹੀਂ ਆਤਮ-ਗਿਆਨ ਪ੍ਰਾਪਤ ਕਰੇ।
14. ਪੁਨਰ-ਜਨਮ ਦੇ ਤੌਰ ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ।
15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ, ਜਿਸਦੀ ਫੋਟੋ ਖਿਚੀ ਜਾ ਸਕਦੀ ਹੋਵੇ।
16. ਫੋਟੋ ਖਿਚ ਲੈਣ ਪਿਛੋਂ ਫੋਟੋ ਤੋਂ ਅਲੋਪ ਹੋ ਸਕੇ।
17. ਜਿੰਦਾ ਲੱਗੇ ਕਮਰੇ ਵਿਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿੱਕਲ ਸਕੇ।
18. ਕਿਸੇ ਵਸਤੂ ਦਾ ਭਾਰ ਵਧਾ ਸਕੇ।
19. ਛੁਪੀ ਹੋਈ ਵਸਤੂ ਨੂੰ ਲੱਭ ਸਕੇ।
20. ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿਚ ਬਦਲ ਸਕੇ।
21. ਸ਼ਰਾਬ ਨੂੰ ਖੂਨ ਵਿਚ ਬਦਲ ਸਕੇ।
22. ਅਜਿਹੇ ਜੋਤਸ਼ੀ ਅਤੇ ਪਾਂਡੇ, ਜਿਹੜੇ ਇਹ ਕਹਿ ਕੇ ਲੋਕਾਂ ਨੂੰ ਗੁਮਰਾਹ ਕਰਦੇ ਹਨ, ਕਿ ਜੋਤਸ਼ ਅਤੇ ਹੱਥ ਰੇਖਾ ਵਿਗਿਆਨਕ ਹਨ, ਮੇਰੇ ਇਨਾਮ ਨੂੰ ਜਿੱਤ ਸਕਦੇ ਹਨ; ਜੇਕਰ ਉਹ ਦਸ ਹੱਥ-ਚਿਤਰਾਂ ਜਾਂ ਦਸ ਜਿਓਤਿਸ਼—ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ ਵੱਖ ਗਿਣਤੀ, ਮਰਿਆਂ ਅਤੇ ਜਿਉਂਦਿਆਂ ਦੀ ਗਿਣਤੀ ਦੱਸ ਸਕਣ, ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ; ਸਮੇਤ ਅਖਸ਼ਾਸ਼ਾਂ ਤੇ ਰੇਖਾਸ਼ਾਂ ਦੇ, ਦੱਸ ਸਕਣ। ਇਸ ਵਿਚ ਪੰਜ ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।

ਇਹ ਚਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ:

1. ਜਿਹੜਾ ਆਦਮੀ ਮੇਰੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਮੇਰੇ ਕੋਲ ਜਾਂ ਮੇਰੇ ਨਾਮਜ਼ਦ ਕੀਤੇ ਹੋਏ ਆਦਮੀ ਕੋਲ, ਇਕੱ ਹਜ਼ਾਰ ਰੁਪਏ, ਬਤੌਰ ਜ਼ਮਾਨਤ ਜਮ੍ਹਾ ਕਰਵਾਉਣੇ ਪੈਣਗੇ। ਇਹ ਰਕਮ, ਜਿੱਤਣ ਦੀ ਹਾਲਤ ਵਿਚ ਵਾਪਿਸ ਕਰ ਦਿੱਤੀ ਜਾਵੇਗੀ। ਇਹ ਪੈਸੇ ਅਜਿਹੇ ਲੋਕਾਂ ਨੂੰ ਦੂਰ ਭਜਵਾਉਣ ਲਈ ਰੱਖੇ ਗਏ ਹਨ, ਜਿਹੜੇ ਸਸਤੀ ਸ਼ੋਹਰਤ ਭਾਲਦੇ ਹਨ ਨਹੀਂ ਤਾਂ ਅਜਿਹੇ ਲੋਕ ਮੇਰੇ ਰੁਪਏ, ਤਾਕਤ ਅਤੇ ਕੀਮਤੀ ਸਮੇਂ ਨੂੰ ਫਜ਼ੂਲ ਨਸ਼ਟ ਕਰਨਗੇ।

2. ਕਿਸੇ ਆਦਮੀ ਦੀ ਚਣੌਤੀ ਉਸੇ ਹਾਲਤ ਵਿਚ ਹੀ ਸਵੀਕਾਰ ਕੀਤੀ ਜਾਵੇਗੀ, ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾ ਕਰਵਾ ਦੇਵੇਗਾ। ਜੋ ਅਜਿਹਾ ਕਰਨ ਵਿਚ ਸਫਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ-ਵਿਹਾਰ ਨਹੀਂ ਕੀਤਾ ਜਾਵੇਗਾ।

3. ਜ਼ਮਾਨਤ ਜਮ੍ਹਾਂ ਕਰਵਾਉਣ ਤੋਂ ਬਾਅਦ, ਕਿਸੇ ਆਦਮੀ ਦੇ ਚਮਤਕਾਰ ਨੂੰ, ਪਹਿਲਾਂ, ਮੇਰਾ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿਚ, ਕਿਸੇ ਨਿਯਤ ਦਿਨ ਤੇ ਪਰਖੇਗਾ।

4. ਜੇਕਰ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿਚ ਹੀ ਅਸਫਲ ਹੋ ਜਾਂਦਾ ਹੈ, ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ।

5. ਜੇਕਰ ਆਦਮੀ ਮੁਢਲੀ ਪਰਖ ਵਿਚ ਜਿੱਤ ਜਾਂਦਾ ਹੈ, ਤੇ ਆਖਰੀ ਪਰਖ ਮੇਰੇ ਦੁਆਰਾ ਲੋਕਾਂ ਦੀ ਹਾਜ਼ਰੀ ਵਿਚ ਕੀਤੀ ਜਾਵੇਗੀ।

6. ਜੇਕਰ ਕੋਈ ਆਦਮੀ ਆਖਰੀ ਪਰਖ ਵਿਚ ਭੀ ਜਿੱਤ ਜਾਂਦਾ ਹੈ, ਤਾਂ ਉਸਨੂੰ ਇਕ ਲੱਖ-ਰੁਪਏ ਦਾ ਇਨਾਮ, ਸਮੇਤ ਜ਼ਮਾਨਤ ਦੇ ਦਿੱਤਾ ਜਾਵੇਗਾ।

7. ਸਾਰੀਆ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿਚ ਅਤੇ ਮੇਰੀ ਜਾਂ ਮੇਰੇ ਨਾਮਜ਼ਦ ਕੀਤੇ ਵਿਅਕਤੀ ਦੀ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਰੈਸ਼ਨਲਿਸਟ ਸੁਸਾਇਟੀ ਪੰਜਾਬ ਦੇ ਕਾਰਕੁੰਨ ਪਿੰਡਾਂ ਵਿਚ ਅੰਧ ਵਿਸ਼ਵਾਸ਼ਾਂ ਤੋਂ ਪਰਦਾ ਚੁੱਕਦ ਦੀ ਕੋਸ਼ਿਸ਼ ਕਰ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਵਲੋਂ ਕੀਤੀਆਂ ਕੋਸ਼ਿਸ਼ਾਂ ਦੀਆਂ ਕੁਝ ਉਦਾਹਰਣਾ ਇਸ ਤਰ੍ਹਾਂ ਹਨ:

ਇਕ ਸਕੂਲ ਅਧਿਆਪਕ ਸਾਂਈਂ ਬਾਬਾ ਦਾ ਭਗਤ ਹੈ। ਇਸ ਵਲੋਂ ਸਮੇਂ ਸਮੇਂ ਸਾਂਈਂ ਬਾਬੇ ਦੇ ਚਮਤਕਾਰ ਬਾਰੇ ਗੈਰ-ਵਿਗਿਆਨਕ ਗੱਲਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਜਿਵੇਂਕਿ ਇਸ ਅਧਿਆਪਕ ਨੇ ਕਿਹਾ ਕਿ ਰਾਮਪੁਰੇ

(... ਬਾਕੀ ਸਫ਼ਾ 27)

**WATNO DUR**
P.O. Box 9545
Edmonton, Alberta, T6E 5X2
Second Class Mail Reg. No. 3233

TO:


# ਫਰੰਟੀਅਰ ਕਲਾਥ ਹਾਊਸ




**NEW DESIGNS**
**& NEW FASHIONS**

# SAREES

**We have the largest variety**
**in Punjabi suits**
**both in designs & Quality**

# FRONTIER CLOTH HOUSE LTD.

**6695 MAIN STREET VANCOUVER, B.C.**

PHONE NO. 325-4424 or 325-3515